ਅਪ੍ਰੈਲ-ਜੂਨ, 2008 ●10 ਰੁਪਏ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ



ਵਿਦਿਆਰਥੀ-ਨੌਜਵਾਨ ਲਹਿਰ : ਪਹੁੰਚ ਅਤੇ ਨਜ਼ਰੀਏ ਬਾਰੇ ਕੁਝ ਹੋਰ ਸਪਸ਼ਟੀਕਰਨ

ਅਰਨੈਸਟੋ ਚੀ ਗਵੇਰਾ—ਸੰਘਰਸ਼ ਅਤੇ ਕੁਰਬਾਨੀਆਂ ਭਰੇ ਜੀਵਨ ਦੀ ਦਾਸਤਾਨ

ਅਗਾਂਹਵਧੂ ਸਾਹਿਤ ਦੇ ਨੌਜਵਾਨ ਪਾਠਕ ਨੂੰ

'ਲਲਕਾਰ' ਬਾਰੇ ਕੁਝ ਮਹੱਤਵਪੂਰਨ ਨੁਕਤੇ

■ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

■ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੱ ਐਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੋਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

ਇਸ ਅੰਕ ਵਿੱਚ

ਲਲਕਾਰ

ਤਬਦੀਲੀ ਪਸੰਦ ਵਿਦਿਆਰਥੀ-ਨੌਜਵਾਨਾਂ ਦੀ ਤਿਮਾਹੀ ਮੈਗਜ਼ੀਨ

ਸਾਲ 2, ਪੁਸਤਕ ਲੜੀ-4,
ਅਪ੍ਰੈਲ-ਜੂਨ, 2008

ਸੰਪਾਦਕ ਮੰਡਲ
ਰਾਜਵਿੰਦਰ/ਨਵਕਾਸ਼ਦੀਪ/ਲਖਵਿੰਦਰ

ਇੱਕ ਕਾਪੀ ਦੀ ਕੀਮਤ
ਦਸ ਰੁਪਏ
ਸਾਲਾਨਾ
ਚਾਲ਼ੀ ਰੁਪਏ (ਡਾਕ ਖਰਚ ਸਹਿਤ ਪੰਜਾਹ ਰੁਪਏ)

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ
ਲਲਕਾਰ c/o ਅਜੇ ਪਾਲ, ਪਿੰਡ ਅਤੇ ਡਾਕਘਰ-ਪੱਖੋਵਾਲ, ਤਹਿ. - ਰਾਏਕੋਟ, ਜ਼ਿਲ੍ਹਾ-ਲੁਧਿਆਣਾ-141108, (**ਫੋਨ :- ਅਜੇ ਪਾਲ : 94634-51849**)
e-mail : lalkaar08@rediffmail.com

ਵਿਦਿਆਰਥੀ-ਨੌਜਵਾਨ ਲਹਿਰ : ਪਹੁੰਚ ਅਤੇ ਨਜ਼ਰੀਏ ਬਾਰੇ ਕੁਝ ਹੋਰ ਸਪਸ਼ਟੀਕਰਨ

ਆਧੁਨਿਕ ਯੁੱਗ ਦੇ ਇਤਿਹਾਸ ਦੇ ਕਿਸੇ ਵੀ ਦੌਰ ਵਿੱਚ, ਕਿਸੇ ਵੀ ਦੇਸ਼ ਵਿੱਚ ਇਨਕਲਾਬੀ ਸਮਾਜਿਕ ਤਬਦੀਲੀ ਵਿੱਚ ਵਿਦਿਆਰਥੀਆਂ-ਨੌਜਵਾਨਾਂ ਦੀ ਅਹਿਮ ਭੂਮਿਕਾ ਰਹੀ ਹੈ। ਪਰ ਇਸ ਤੱਥ ਨੂੰ ਮੰਨਦੇ ਹੋਏ, ਵਿਦਿਆਰਥੀਆਂ-ਨੌਜਵਾਨਾਂ ਦੀ ਅਬਾਦੀ ਪ੍ਰਤੀ ਇੱਕ ਗੈਰ-ਜਮਾਤੀ ਨਜ਼ਰੀਆ ਅਪਣਾਉਣਾ ਜਾਂ ਸਿਰਫ਼ ਮੱਧਵਰਗੀ ਨੌਜਵਾਨ ਅਬਾਦੀ ਦੀ ਭੂਮਿਕਾ ਉੱਤੇ ਜ਼ੋਰ ਦੇਣਾ ਗਲਤ ਅਤੇ ਨੁਕਸਾਨਦੇਹ ਹੁੰਦਾ ਹੈ।

ਜਮਾਤਾਂ ਵਿੱਚ ਵੰਡੇ ਹੋਏ ਸਮਾਜ ਵਿੱਚ ਸਿਰਫ਼ ਜਮਾਤੀ ਸੰਘਰਸ਼ ਹੀ ਇਤਿਹਾਸ-ਵਿਕਾਸ ਦੀ ਕੁੰਜੀਵਤ ਕੜੀ ਹੋ ਸਕਦਾ ਹੈ। ਸਿਰਫ਼ ਦੁਸ਼ਮਣਾਨਾ ਸੰਬੰਧਾਂ ਵਾਲੀਆਂ ਜਮਾਤਾਂ ਦੇ ਆਪਸੀ ਸੰਘਰਸ਼ ਤੋਂ ਹੀ ਇਤਿਹਾਸ ਅੱਗੇ ਵੱਲ ਗਤੀਮਾਨ ਹੁੰਦਾ ਹੈ। ਪੂੰਜੀਵਾਦੀ ਸਮਾਜ ਵਿੱਚ, ਛੋਟੇ-ਦਰਮਿਆਨੇ ਕਿਸਾਨ ਅਤੇ ਸ਼ਹਿਰੀ ਪੇਂਡੂ ਮੱਧਵਰਗ ਦੀਆਂ ਨਿਚਲੀਆਂ-ਦਰਮਿਆਨੀਆਂ ਪਰਤਾਂ ਵੀ ਪੂੰਜੀਪਤੀਆਂ ਅਤੇ ਉਹਨਾ ਦੀਆਂ ਸਹਿਯੋਗੀ ਲੁਟੇਰੀਆਂ ਜਮਾਤਾਂ ਦੀ ਲੁੱਟ ਦਾ ਸ਼ਿਕਾਰ ਹੁੰਦੀਆਂ ਹਨ। ਪਰ ਪੂੰਜੀਵਾਦ ਵਿਰੁੱਧ ਸੰਘਰਸ਼ ਦੀ ਅਗਵਾਈ ਮਜ਼ਦੂਰ ਜਮਾਤ ਹੀ ਕਰ ਸਕਦੀ ਹੈ, ਕਿਉਂਕਿ ਇਹੋ ਉਹ ਜਮਾਤ ਹੈ ਜੋ ਹਰ ਪ੍ਰਕਾਰ ਦੀ ਨਿਜੀ ਮਾਲਕੀ ਤੋਂ ਵਾਂਝੀ ਹੁੰਦੀ ਹੈ ਅਤੇ ਜਿਉਂਦੇ ਰਹਿਣ ਲਈ ਮੰਡੀ ਵਿੱਚ ਆਪਣੀ ਕਿਰਤ ਸ਼ਕਤੀ ਵੇਚਣ ਲਈ ਮਜ਼ਬੂਰ ਹੁੰਦੀ ਹੈ। ਨਿੱਜੀ ਮਾਲਕੀ ਦਾ ਉੱਚਤਮ ਰੂਪ ਬੁਰਜੂਆ ਨਿਜੀ ਮਾਲਕੀ ਹੈ, ਜਿਸ ਦਾ ਉਲਟਾ ਸਿਰਾ ਮਜ਼ਦੂਰ ਜਮਤਾ ਹੈ ਜੋ ਸਾਰੀ ਸੰਪਦਾ ਦੀ ਸਿਰਜਕ ਹੈ ਪਰ ਜਿਸ ਕੋਲ ਗਵਾਉਣ ਲਈ ਆਪਣੀਆਂ ਜ਼ੰਜ਼ੀਰਾਂ ਤੋਂ ਬਿਨਾਂ ਕੁਝ ਵੀ ਨਹੀਂ ਹੁੰਦਾ। ਪੂੰਜੀਵਾਦੀ ਸਮਾਜ ਦੀ ਬੁਨਿਆਦੀ ਅੰਦਰੂਨੀ ਵਿਰੋਧਤਾਈ ਇਹ ਹੈ ਕਿ ਉਤਪਾਦਨ ਦੀ ਅਤੀ ਉੱਨਤ ਪ੍ਰਕਿਰਿਆ ਸਮਾਜਿਕ ਹੁੰਦੀ ਹੈ (ਜਿਆਦਾ ਤੋਂ ਜਿਆਦਾ ਲੋਕ ਉੱਨਤ ਮਸ਼ੀਨਾਂ ਉੱਪਰ ਇਕੱਠੇ ਆਪਸੀ ਤਾਲਮੇਲ ਕਰਕੇ ਉਤਪਾਦਨ ਕਰਦੇ ਹਨ ਅਤੇ ਇਹ ਸਮਾਜੀਕਰਨ ਲਗਾਤਾਰ ਵਧਦਾ ਜਾਂਦਾ ਹੈ), ਜਦਕਿ "ਐਪ੍ਰੋਪ੍ਰੀਏਸ਼ਨ" (ਹਥਿਆਉਣਾ) ਅਤੇ ਸੰਗ੍ਰਿਹ ਦੀ ਪ੍ਰਕਿਰਿਆ ਨਿਜੀ ਕਿਸਮ ਦੀ ਹੁੰਦੀ ਹੈ। ਥੋੜੇ ਜਿਹੇ ਪਰਜੀਵੀਆਂ ਦੇ ਹੱਥਾਂ ਵਿੱਚ ਕੇਂਦਰਿਤ ਪੂੰਜੀ ਦੁਨੀਆਂ ਭਰ ਦੇ ਵਿਸ਼ਾਲ ਕਾਰਖਾਨਿਆਂ ਅਤੇ ਫਾਰਮਾਂ ਵਿੱਚ ਕਾਰਜਸ਼ੀਲ ਵਿਰਾਟ ਉਤਪਾਦਕ ਸ਼ਕਤੀਆਂ ਨੂੰ ਕੰਟਰੋਲ਼ ਕਰਦੀ ਹੈ। ਪੂੰਜੀ ਦੇ ਸੰਕੇਦਰਣ ਦੀ ਆਮ ਪ੍ਰਵਿਰਤੀ ਹੀ ਪੂੰਜੀਪਤੀਆਂ ਵਿਚਕਾਰ, ਦੇਸ਼ਾਂ ਅੰਦਰ, ਅਤੇ ਸਾਰੀ ਦੁਨੀਆਂ ਦੇ ਪੈਮਾਨੇ ਉੱਪਰ ਗਲ਼ ਵੱਢੇ ਮੁਕਾਬਲੇ ਅਤੇ ਇਜ਼ਾਰੇਦਾਰੀ ਦੀ ਪ੍ਰਵਿਰਤੀ ਨੂੰ ਜ਼ਨਮ ਦਿੰਦੀ ਹੈ। ਸਮਾਜਕ ਧਰਾਤਲ ਉੱਤੇ ਪੂੰਜੀਪਤੀ ਜਮਾਤ ਨਿਜੀ "ਐਪ੍ਰੋਪਰੀਏਸ਼ਨ" (ਹਥਿਆਉਣਾ) ਅਤੇ ਸੰਗ੍ਰਿਹ ਦੀ ਪ੍ਰਤੀਨਿਧੀਤਾ ਕਰਦੀ ਹੈ ਅਤੇ ਮਜ਼ਦੂਰ ਜਮਾਤ ਨਿਜੀ "ਐਪ੍ਰੋਪਰੀਏਸ਼ਨ" ਨੂੰ ਸਮਾਪਤ ਕਰਕੇ, ਉਸਦਾ ਸਮਾਜੀਕਰਣ ਕਰਕੇ ਭਾਵ ਉਤਪਾਦਨ ਦੇ ਸਾਧਨਾਂ ਦੀ ਨਿਜੀ ਮਾਲਕੀ ਖਤਮ ਕਰਕੇ, ਪੂੰਜੀਵਾਦ ਨੂੰ ਉਖਾੜ ਸੁੱਟਦੀ ਹੈ ਅਤੇ ਜਮਾਤ ਰਹਿਤ ਸਮਾਜ ਦੀ ਦਿਸ਼ਾ ਵਿੱਚ ਸੰਕਰਮਣ ਦੀ ਸ਼ੁਰੂਆਤ ਕਰਦੀ ਹੈ ਜਿਸਨੂੰ ਸਮਾਜਵਾਦੀ ਸੰਕਰਮਣ ਦਾ ਦੌਰ ਕਿਹਾ ਜਾਂਦਾ ਹੈ। ਮਜ਼ਦੂਰ ਇਨਕਲਾਬਾਂ ਦੇ ਕੁਝ ਪ੍ਰਯੋਗ ਚਾਹੇ ਹਾਰ ਗਏ ਹਨ, ਪਰ ਆਖਰ ਨੂੰ ਇਹੋ ਹੋਣਾ ਹੈ, ਕਿਉਂਕਿ ਸਮਾਜ-ਵਿਕਾਸ ਦੇ ਨਿਯਮ ਇਹੋ ਦੱਸਦੇ ਹਨ।

ਭਾਰਤ ਵੀ ਇੱਕ ਪੂੰਜੀਵਾਦੀ ਦੇਸ਼ ਹੈ। ਇੱਥੇ ਜਗੀਰੂ ਰਹਿੰਦ-ਖੂੰਹਦ ਅਜੇ ਵੀ ਮੌਜੂਦ ਹੈ, ਪਰ ਸਾਰੇ ਪਿਛੜੇਪਣ ਦੇ ਬਾਵਜੂਦ ਇਹ ਇੱਕ ਪੂੰਜੀਵਾਦੀ ਸਮਾਜ ਹੈ ਜਿੱਥੇ ਮਜ਼ਦੂਰ ਜਮਾਤ ਨਾ ਸਿਰਫ਼ ਇਨਕਲਾਬ ਦੀ ਆਗੂ ਤਾਕਤ ਹੈ, ਸਗੋਂ ਪਿੰਡਾਂ ਅਤੇ ਸ਼ਹਿਰਾਂ ਦੇ ਮਜ਼ਦੂਰਾਂ ਦੀ ਕੁੱਲ ਆਬਾਦੀ ਪੰਜਾਹ ਕਰੋੜ ਤੋਂ ਵੀ ਵੱਧ ਹੋਣ ਕਰਕੇ ਇਹੋ ਨਵੇਂ ਸਮਾਜਵਾਦੀ ਇਨਕਲਾਬ ਦੀ ਪ੍ਰਮੁੱਖ ਤਾਕਤ ਹੈ। ਪਿੰਡਾ-ਸ਼ਹਿਰਾਂ ਦੇ ਅਰਧ-ਪ੍ਰੋਲੇਤਾਰੀਆਂ ਅਤੇ ਗਰੀਬ ਕਿਸਾਨਾਂ ਨੂੰ ਜੋੜ ਦੇਣ ਉੱਤੇ ਇਹ ਅਬਾਦੀ 65-70 ਕਰੋੜ ਦੇ ਆਸਪਾਸ ਪਹੁੰਚ ਜਾਵੇਗੀ। ਨਿਮਨ-ਮੱਧਵਰਗ ਅਤੇ ਨਿਮਨ-ਦਰਮਿਆਨੇ ਕਿਸਾਨ ਵੀ ਪੂੰਜੀਵਾਦ ਹੱਥੋਂ ਆਪਣੀ ਤਬਾਹੀ ਕਾਰਨ ਇਨਕਲਾਬ ਦੀਆਂ ਨੇੜਲੀਆਂ ਸਹਿਯੋਗੀ ਜਮਾਤਾਂ ਹਨ। ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਵੱਡੀ ਅਬਾਦੀ ਵੀ ਇਹਨਾਂ ਹੀ ਜਮਾਤਾਂ ਤੋਂ ਆਉਂਦੀ ਹੈ ਅਤੇ ਜਮਾਤੀ ਖਾਸੇ ਵਜੋਂ ਹੀ ਇਨਕਲਾਬੀ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਉਣ ਦੀ ਸੰਭਾਵਨਾ ਨਾਲ ਲੈਸ ਹੈ।

ਜਦੋਂ ਅਸੀਂ ਇਨਕਲਾਬੀ ਵਿਦਿਆਰਥੀ-ਨੌਜਵਾਨ ਲਹਿਰ ਦੀ ਗੱਲ ਕਰਦੇ ਹਾਂ, ਤਾਂ ਸਾਡੇ ਕਹਿਣ ਦਾ ਭਾਵ ਆਮ ਲੋਕਾਂ ਦੀਆਂ ਭਿੰਨ-ਭਿੰਨ ਜਮਾਤਾਂ ਤੋ ਆਉਣ ਵਾਲ਼ੇ ਵਿਦਿਆਰਥੀਆਂ-ਨੌਜਵਾਨਾਂ ਤੋਂ ਹੁੰਦਾ ਹੈ। ਪਰ ਜੇਕਰ ਮਹਾਂਨਗਰਾਂ ਦੇ ਕਾਲਜਾਂ-ਯੂਨੀਵਰਸਿਟੀਆਂ ਦੇ ਕੈਂਪਸਾਂ ਦੀ ਗੱਲ ਕਹੀਏ ਤਾਂ ਉੱਥੇ ਇਕਦਮ ਗਰੀਬ ਘਰਾਂ ਦੇ ਵਿਦਿਆਰਥੀ ਘੱਟ ਹੀ ਪਹੁੰਚ ਪਾਉਂਦੇ ਹਨ। ਉੱਥੇ ਅੱਧੀ ਦੇ ਲਗਭਗ ਅਬਾਦੀ ਜਾਂ ਤਾਂ ਪੂੰਜੀਪਤੀਆਂ, ਵਪਾਰੀਆਂ, ਅਫਸਰਾਂ, ਧਨੀ-ਕਿਸਾਨਾਂ ਆਦਿ ਪਰਜੀਵੀ ਜਮਾਤਾਂ ਦੇ ਘਰਾਂ ਤੋਂ ਅਤੇ ਪਿੰਡਾਂ-ਸ਼ਹਿਰਾਂ ਦੇ ਉਹਨਾਂ ਮੱਧਵਰਗੀ ਘਰਾਂ ਤੋਂ ਆਉਂਦੀ ਹੈ ਜੋ ਇਸ ਢਾਂਚੇ ਤੋਂ ਹਾਲੇ ਉਮੀਦ ਪਾਲੀ ਬੈਠੇ ਹਨ ਅਤੇ ਜਿੰਦਗੀ ਦੀਆਂ ਪਰੇਸ਼ਾਨੀਆਂ ਝੱਲਦੇ ਹੋਏ ਵੀ, ਇਨਕਲਾਬੀ ਪੱਖ ਚੁਣਨ ਦੀ ਬਜਾਇ ਵਿੱਚਕਾਰ ਹੀ ਲਟਕੇ

ਹੋਏ ਹਨ। ਇਨਕਲਾਬੀ ਵਿਦਿਆਰਥੀ ਲਹਿਰ ਦੀ ਕੇਂਦਰੀ ਅਤੇ ਆਗੂ ਤਾਕਤ ਆਮ ਕਿਰਤੀ ਘਰਾਂ ਅਤੇ ਨਿਮਨ-ਮੱਧਵਰਗੀ ਘਰਾਂ ਤੋਂ ਆਉਣ ਵਾਲ਼ੇ ਵਿਦਿਆਰਥੀ ਹੀ ਹੋ ਸਕਦੇ ਹਨ ਜੋ ਪੂੰਜੀਵਾਦ ਵਿਰੁੱਧ ਫੈਸਲਾਕੁਨ ਸੰਘਰਸ਼ ਲਈ ਤਿਆਰ ਹੋਣ ਅਤੇ ਵਿਚਾਰਕ ਪੱਧਰ ਉੱਤੇ ਜਾਗਰੂਕ ਹੋਣ। ਜੋ ਵਿਦਿਆਰਥੀ ਮੱਧਵਰਗ ਅਤੇ ਦਰਮਿਆਨੇ ਕਿਸਾਨਾਂ ਵਿਚਲੀਆਂ ਪਰਤਾਂ ਤੋਂ ਆਉਂਦੇ ਹਨ, ਉਹਨਾਂ ਨੂੰ ਪ੍ਰਚਾਰ ਅਤੇ ਸਿੱਖਿਆ ਦੁਆਰਾ ਇਨਕਲਾਬੀ ਪੱਖ ਵੱਲ ਲਿਆਉਣਾ ਇਨਕਲਾਬੀ ਵਿਦਿਆਰਥੀ ਲਹਿਰ ਦਾ ਇੱਕ ਅਹਿਮ ਕਾਰਜ ਹੈ।

ਗਰੀਬ ਘਰਾਂ ਦੇ ਜੋ ਨੌਜਵਾਨ ਕਾਲਜਾਂ-ਯੂਨੀਵਰਸਿਟੀਆਂ ਦੇ ਕੈਂਪਸਾਂ ਤੱਕ ਨਹੀਂ ਪਹੁੰਚ ਪਾਉਂਦੇ, ਉਹਨਾਂ ਨੂੰ ਉਹਨਾਂ ਦੀ ਜਿੰਦਗੀ ਹੀ ਇਹ ਸਬਕ ਸਿਖਾ ਦਿੰਦੀ ਹੈ ਕਿ ਪੂੰਜੀਵਾਦੀ ਸਮਾਜ-ਵਿਵਸਥਾ ਵਿੱਚ ਸਿੱਖਿਆ ਅਤੇ ਰੁਜ਼ਗਾਰ ਦਾ ਵਿਸ਼ੇਸ਼ ਅਧਿਕਾਰ ਜਿਆਦਾਤਰ ਮੂੰਹ ਵਿੱਚ ਚਾਂਦੀ ਦਾ ਚਮਚ ਲੈ ਕੇ ਪੈਦਾ ਹੋਏ ਲੋਕਾਂ ਲਈ ਹੀ ਸੁੱਰਖਿਅਤ ਹੈ। ਖਾਸਕਰ, ਉਦਾਰੀਕਰਨ ਨਿਜੀਕਰਨ ਦੇ ਦੌਰ ਵਿੱਚ ਸਿੱਖਿਆ ਜਿਆਦਾ ਤੋਂ ਜਿਆਦਾ ਧਨੀ ਲੋਕਾਂ ਦੁਆਰਾ ਖਰੀਦੀ ਜਾ ਸਕਣ ਵਾਲ਼ੀ ਅਤੇ ਪੂੰਜੀਪਤੀਆਂ ਦੁਆਰਾ ਵੇਚੀ ਜਾਣ ਵਾਲ਼ੀ ਚੀਜ਼ ਬਣਦੀ ਜਾ ਰਹੀ ਹੈ। ਆਮ ਘਰਾਂ ਦੇ ਮੁੰਡੇ-ਕੁੜੀਆਂ ਛੋਟੇ ਸ਼ਹਿਰਾਂ-ਕਸਬਿਆਂ ਦੇ ਕਾਲਜਾਂ ਤੋਂ ਜੋ ਡਿਗਰੀਆਂ ਹਾਸਲ ਕਰਦੇ ਹਨ, ਉਹ ਨੌਕਰੀ ਦਿਵਾਉਣ ਦੀ ਨਜ਼ਰ ਤੋਂ ਇਕਦਮ ਬੇਕਾਰ ਹੁੰਦੀਆਂ ਹਨ ਅਤੇ ਸਿੱਖਿਆ ਦੀ ਗੁਣਵੱਤਾ ਦੀ ਨਜ਼ਰ ਤੋਂ ਵੀ ਉਹਨਾਂ ਦਾ ਕੋਈ ਮੁੱਲ ਨਹੀਂ ਹੁੰਦਾ। ਜਮਾਤੀ ਤੱਤ ਦੀ ਦ੍ਰਿਸ਼ਟੀ ਤੋਂ ਛੋਟੇ ਸ਼ਹਿਰਾਂ-ਕਸਬਿਆਂ ਦੇ ਇਹਨਾਂ ਵਿਦਿਆਰਥੀਆਂ ਦੀਆਂ ਰੈਡੀਕਲ ਢਾਂਚੇ-ਵਿਰੋਧੀ ਵਿਦਿਆਰਥੀ ਜੱਥੇਬੰਦੀਆਂ ਬਣਾਉਣ ਦੀ ਸੰਭਾਵਨਾ ਵੱਧ ਹੈ। ਭਾਵੇਂ ਚੇਤਨਾ ਦੇ ਸਾਪੇਖਕ ਪਿਛੜੇਪਨ ਕਾਰਨ ਉਹਨਾਂ ਵਿਚਕਾਰ ਵੱਧ ਵਿਆਪਕ, ਸੰਘਣੇ ਅਤੇ ਲੰਬੇ ਇਨਕਲਾਬੀ ਪ੍ਰਚਾਰ ਅਤੇ ਸਿੱਖਿਆ ਦੀ ਕਾਰਵਾਈ ਦੀ ਲੋੜ ਹੋਵੇਗੀ। ਵੱਡੇ ਮਹਾਂਨਗਰਾਂ ਦੇ ਉੱਨਤ ਸਿੱਖਿਆ ਸੰਸਥਾਨਾਂ ਵਿੱਚ ਉੱਚ ਮੱਧਵਰਗ ਦੇ ਵਿਦਿਆਰਥੀਆਂ ਦੀ ਬਹੁਤਾਤ ਹੋਣ ਕਰਕੇ ਉੱਥੇ ਇਨਕਲਾਬੀ ਵਿਦਿਆਰਥੀ ਲਹਿਰ ਦਾ ਅਧਾਰ ਓਨਾ ਵਿਆਪਕ ਨਹੀਂ ਹੋਵੇਗਾ, ਪਰ ਉੱਨਤ ਚੇਤਨਾ ਵਾਲੇ ਇਨਕਲਾਬੀ ਤੱਤਾਂ ਦੀ ਭਰਤੀ ਦੀ ਸੰਭਾਵਨਾ ਵੱਧ ਹੋਵੇਗੀ।

ਨਿਮਨ-ਮੱਧਵਰਗ ਦੇ ਜੋ ਨੌਜਵਾਨ ਜਾਂ ਤਾਂ ਉੱਚ-ਸਿੱਖਿਆ ਦੇ ਦਾਇਰੇ ਵਿੱਚ ਜਾ ਹੀ ਨਹੀਂ ਪਾ ਰਹੇ, ਜਾਂ ਕੈਂਪਸਾਂ ਤੋਂ ਬਾਹਰ ਧੱਕੇ ਜਾ ਰਹੇ ਹਨ, ਜਾਂ ਬਸ ਨਾਂ ਦੀ ਹੀ ਡਿਗਰੀ ਹਾਸਿਲ ਕਰ ਰਹੇ ਹਨ, ਉਹ ਲੰਬੀ ਬੇਰੁਜ਼ਗਾਰੀ ਝੱਲਣ ਜਾਂ ਅਰਧ-ਬੇਰੁਜ਼ਗਾਰਾਂ ਦੇ ਰੂਪ ਵਿੱਚ ਕੋਈ ਪਾਰਟ ਟਾਈਮ ਨੌਕਰੀ ਕਰਨ, ਟਿਊਟਰ ਜਾਂ ਸੇਲਜ਼ਮੈਨ ਦਾ ਕੰਮ ਕਰਨ ਜਾਂ ਦਿਹਾੜੀ ਮਜ਼ਦੂਰਾਂ ਦੀਆਂ ਸਫਾਂ ਵਿੱਚ ਸ਼ਾਮਲ ਹੋਣ ਜਾਣ ਲਈ ਮਜ਼ਬੂਰ ਹਨ, ਉਹ ਇਨਕਲਾਬੀ ਨੌਜਵਾਨ ਲਹਿਰ ਦੀ ਮੁੱਖ ਤਾਕਤ ਬਣਨਗੇ। ਸਿੱਖਿਆ ਅਤੇ ਰੁਜ਼ਗਾਰ ਦੀ ਲੜਾਈ ਲੜਦੇ ਹੋਏ ਇਹ ਮਜ਼ਦੂਰ ਲਹਿਰ ਨਾਲ਼ ਨੇੜੇ ਤੋਂ ਜੁੜਨਗੇ ਅਤੇ ਫੇਰ ਪੂੰਜੀਵਾਦ ਵਿਰੁੱਧ ਸਾਂਝੀਆਂ ਲੜਾਈਆਂ ਵਿੱਚ ਮੋਢੇ ਨਾਲ ਮੋਢਾ ਜੋੜਕੇ ਲੜਨਗੇ।

ਪਰ ਵਿਦਿਆਰਥੀ ਲਹਿਰ ਨੂੰ ਜੇ ਅਸੀਂ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬੀ ਸੰਘਰਸ਼ ਦੇ ਸੰਦਰਭ ਵਿੱਚ ਵੇਖਦੇ ਹਾਂ ਤਾਂ ਸਾਨੂੰ ਇਸ ਨੂੰ ਜਮਾਤੀ ਨਜ਼ਰੀਏ ਤੋਂ ਵੇਖਣਾ ਹੋਵੇਗਾ ਅਤੇ ਸਭ ਤੋਂ ਪਹਿਲਾਂ ਸਾਡਾ ਧਿਆਨ ਮਜ਼ਦੂਰਾਂ ਦੀ ਨੌਜਵਾਨ ਪੀੜੀ ਉੱਤੇ-ਭਾਵ ਨੌਜਵਾਨ ਮਜ਼ਦੂਰਾਂ ਅਤੇ ਮਜ਼ਦੂਰ ਪਰਿਵਾਰਾਂ ਦੇ ਨੌਜਵਾਨਾਂ ਉੱਤੇ ਹੋਣਾ ਚਾਹੀਦਾ ਹੈ। ਕਾਰਲ ਮਾਰਕਸ ਨੇ ਆਪਣੇ ਸ਼ੁਰੂਆਤੀ ਲੇਖਣ (1844) ਵਿੱਚ ਅਜਿਹੇ ਨੌਜਵਾਨਾਂ ਲਈ "ਮਜ਼ਦੂਰ ਜਮਾਤ ਦੀ ਉੱਭਰ ਰਹੀ ਪੀੜੀ" ਨਾਂ ਦਾ ਪ੍ਰਯੋਗ ਕੀਤਾ (ਕਲੈਕਟਡ ਵਰਕਸ, ਖੰਡ 2, ਪ੍ਰੋਗ੍ਰੈਸ ਪਬਲਿਸ਼ਰਸ, 1975, ਪੰਨਾ 168-69) ਅੱਗੇ ਚੱਲ ਕੇ ਉਹਨਾਂ ਨੇ ਲਿਖਿਆ: "ਮਜ਼ਦੂਰ ਜਮਾਤ ਦਾ ਵੱਧ ਪ੍ਰਬੁੱਧ ਹਿੱਸਾ ਪੂਰੀ ਤਰਾਂ ਸਮਝਦਾ ਹੈ ਕਿ ਇਸ ਦੀ ਜਮਾਤ ਦਾ ਅਤੇ ਇਸ ਲਈ ਸੰਪੂਰਣ ਮਨੁੱਖ ਜਾਤੀ ਦਾ ਭਵਿੱਖ ਮਜ਼ਦੂਰਾਂ ਦੀ ਉੱਭਰ ਰਹੀ ਪੀੜੀ ਦੀ ਉਸਾਰੀ ਉੱਤੇ ਨਿਰਭਰ ਕਰਦਾ ਹੈ" (ਕਲੈਕਟਡ ਵਰਕਸ, ਖੰਡ 3, ਪ੍ਰੋਗ੍ਰੈਸ ਪਬਲਿਸ਼ਰਜ, 1975, ਪੰਨਾ 197)। ਲੈਨਿਨ ਨੇ ਵੀ ਵਿਦਿਆਰਥੀ-ਨੌਜਵਾਨ ਲਹਿਰ ਪ੍ਰਤੀ ਹਮੇਸ਼ਾਂ ਹੀ ਜਮਾਤੀ ਨਜਰੀਆ ਅਪਣਾਉਣ ਉੱਤੇ ਜ਼ੋਰ ਦਿੱਤਾ ਅਤੇ ਪੂੰਜੀਵਾਦੀ ਅਤੇ ਨਿਮਨ-ਪੂੰਜੀਵਾਦੀ ਰਾਜੀਨੀਤੀਵਾਨਾਂ ਦੁਆਰਾ ਨੌਜਵਾਨਾਂ ਵਿਚਲੇ ਸਮਾਜਿਕ ਜਮਾਤੀ ਭੇਦ ਨੂੰ ਲੁਕਾਉਣ ਅਤੇ ਜਮਾਤੀ ਸੰਘਰਸ਼ ਵਿੱਚ ਮਜ਼ਦੂਰ ਜਮਾਤ ਨਾਲ਼ ਮਿਲ ਕੇ ਭਾਗ ਲੈਣ ਤੋਂ ਉਹਨਾਂ ਨੂੰ ਅਲੱਗ ਕਰਨ ਦੀ ਹਰ ਕੋਸ਼ਿਸ਼ ਦਾ ਵਿਰੋਧ ਕੀਤਾ। ਨੌਜਵਾਨ ਲਹਿਰ ਦੇ ਇਨਕਲਾਬੀ ਚਰਿੱਤਰ ਦਾ ਪੈਮਾਨਾਂ ਨੌਜਵਾਨਾਂ ਦੀ ਉਮਰ-ਵਿਸ਼ੇਸ਼ਤਾ ਦੀ ਬਜਾਇ ਉਹਨਾਂ ਨੇ ਜਮਾਤੀ-ਚਰਿੱਤਰ ਨੂੰ ਮੰਨਿਆ ਭਾਵ ਇਸ ਗੱਲ ਨੂੰ ਮੰਨਿਆ ਕਿ ਨੌਜਵਾਨ ਲਹਿਰ ਦੀ ਮੁੱਖ ਤਾਕਤ ਮਜ਼ਦੂਰ, ਹੋਰ ਕਿਰਤੀ ਜਮਾਤਾਂ ਅਤੇ ਪੂੰਜੀਵਾਦ ਹੱਥੋਂ ਤਬਾਹ ਹੋ ਰਹੀਆਂ ਮੱਧਵਰਗੀ ਜਮਾਤਾਂ ਦੇ ਨੌਜਵਾਨ ਹਨ ਜਾਂ ਨਹੀਂ, ਅਤੇ ਇਹ ਕਿ, ਵਿਦਿਆਰਥੀ ਲਹਿਰ ਮਜ਼ਦੂਰਾਂ ਅਤੇ ਹੋਰਨਾਂ ਕਿਰਤੀਆਂ ਦੇ ਇਨਕਲਾਬੀ ਸੰਘਰਸ਼ ਨਾਲ਼ ਜੁੜੀ ਹੈ ਜਾਂ ਨਹੀਂ। ਨਦੇਜ਼ਦਾ ਕਰੁਪਸਕਾਇਆ ਨੇ "ਲੈਨਿਨ ਅਬਾਊਟ ਯੂਥ" ਨਾਮਕ ਲੇਖ ਵਿੱਚ ਲਿਖਿਆ ਹੈ : "ਇਨਕਲਾਬੀ ਨੌਜਵਾਨ ਲਹਿਰ ਪ੍ਰਤੀ ਆਮ ਤੌਰ 'ਤੇ ਧਿਆਨ ਦਿੰਦੇ ਹੋਏ ਵਲਾਦੀਮੀਰ ਇਲੀਚ ਨੇ ਮਜ਼ਦੂਰ ਨੌਜਵਾਨਾਂ ਦੀ ਇਨਕਲਾਬੀ ਲਹਿਰ ਨੂੰ ਬਹੁਤ ਹੀ ਜਿਆਦਾ ਮੱਹਤਵ ਦਿੱਤਾ, ਜਿਹਨਾਂ ਵਿੱਚ ਜੋਸ਼ ਦੇ ਨਾਲ਼-ਨਾਲ਼ ਜਮਾਤੀ ਅੰਦਰੂਨੀ ਪ੍ਰਵਿਰਤੀ ਵੀ ਹੁੰਦੀ ਹੈ ਅਤੇ ਜਦੋਂ ਉਹ ਮਜ਼ਦੂਰ ਜਮਾਤ ਦੇ ਸੰਘਰਸ਼ ਵਿੱਚ ਸ਼ਾਮਲ ਹੁੰਦੇ ਹਨ, ਤਾਂ ਉਹ ਆਪਣੇ ਖੁਦ ਦੇ ਹਿੱਤ ਲਈ ਲੜਦੇ ਹਨ ਅਤੇ ਉਸ ਸੰਘਰਸ਼ ਵਿੱਚ ਵਧਦੇ ਅਤੇ ਮਜ਼ਬੂਤ ਹੁੰਦੇ ਹਨ।"

ਮਜ਼ਦੂਰ ਜਮਾਤ ਦੇ ਨੌਜਵਾਨਾਂ ਤੋਂ ਇਲਾਵਾ ਲੈਨਿਨ ਨੇ ਇਨਕਲਾਬ ਤੋਂ ਪਹਿਲਾਂ ਦੇ ਰੂਸੀ ਸਮਾਜ ਦੇ ਪਿੰਡਾਂ ਵਿੱਚ ਪੂੰਜੀਵਾਦੀ ਵਿਕਾਸ ਦੇ ਨਾਲ਼ ਹੀ ਵਿਕਸਿਤ ਹੋ ਰਹੇ ਇੱਕ ਨਵੀਂ ਕਿਸਮ ਦੀ ਇਨਕਲਾਬੀ ਸੰਭਾਵਨਾ ਨਾਲ ਲੈਸ ਉਸ ਨੌਜਵਾਨ

ਕਿਸਾਨ ਦੇ ਮਹੱਤਵ ਨੂੰ ਵਿਸ਼ੇਸ਼ ਰੂਪ ਵਿੱਚ ਰੇਖਾਂਕਿਤ ਕੀਤਾ, ਜੋ ਸ਼ਹਿਰਾਂ ਵਿੱਚ ਇਨਕਲਾਬੀ ਲਹਿਰ ਵਿੱਚ ਜੁਟੇ ਵਿਅਕਤੀਆਂ ਨੂੰ ਮਿਲ਼ਦਾ ਸੀ, ਅਖਬਾਰ ਪੜਦਾ ਸੀ, ਆਪਣੇ ਪਿੰਡ ਵਿੱਚ ਅੰਦੋਲਨਾਤਮਕ ਕੰਮ ਕਰਦਾ ਸੀ ਅਤੇ ਵੱਡੇ ਜਮੀਦਾਰਾਂ, ਪਾਦਰੀਆਂ ਅਤੇ ਜਾਰਸ਼ਾਹੀ ਦੇ ਅਫਸਰਾਂ ਵਿੱਰੁਧ ਸੰਘਰਸ਼ ਦਾ ਸੱਦਾ ਦੇਣ ਵਾਲੇ ਬਾਲਸ਼ਵਿਕ ਨਾਅਰਿਆਂ ਦੀ ਵਿਆਖਿਆ ਕਰਦਾ ਸੀ, ਲੈਨਿਨ ਦਾ ਮੰਨਣਾ ਸੀ ਕਿ ਅਜਿਹੇ ਚੇਤਨਸ਼ੀਲ ਪੇਂਡੂ ਨੌਜਵਾਨਾਂ ਦੀਆਂ ਸਰਗਰਮੀਆਂ ਵਿਆਪਕ ਆਮ ਕਿਰਤੀ ਕਿਸਾਨ ਅਬਾਦੀ ਨੂੰ ਇਨਕਲਾਬੀ ਲਹਿਰ ਦੇ ਦਾਇਰੇ ਵਿੱਚ ਹੌਲ਼ੀ-ਹੌਲ਼ੀ ਖਿੱਚ ਲਿਆਉਣ ਵਿੱਚ ਮਦਦ ਕਰਦੀਆਂ ਹਨ। (ਦੇਖੋ, ਲੈਨਿਨ: 'ਲੇਕਚਰ ਆਨ ਦ 1905 ਰੇਵੂਲਿਊਸ਼ਨ', ਕਲੈਕਟਡ ਵਰਕਸ, ਭਾਗ-23, ਪੰਨਾ 243)। ਇਸ ਆਮ ਪਹੁੰਚ ਦੀ ਰੌਸ਼ਨੀ ਵਿੱਚ ਅੱਜ ਦੇ ਭਾਰਤੀ ਸਮਾਜ ਦਾ ਅਧਿਐਨ ਸਾਨੂੰ ਕੁਝ ਜ਼ਰੂਰੀ ਨਤੀਜਿਆਂ ਤੱਕ ਪਹੁੰਚਾਉਂਦਾ ਹੈ, ਉਂਝ ਤਾਂ ਭਾਰਤੀ ਸਮਾਜ ਦੇ ਪੂੰਜੀਵਾਦੀ ਰੂਪਾਂਤਰਣ ਦੇ ਨਾਲ਼ ਹੀ ਪਿੰਡਾਂ ਦੇ ਛੋਟੇ-ਦਰਮਿਆਨੇ ਕਿਸਾਨਾਂ ਦੀ ਤਬਾਹੀ ਅਤੇ ਪ੍ਰੋਲੇਤਾਰੀਕਰਨ ਅਤੇ ਸ਼ਹਿਰਾਂ ਵੱਲ ਉਹਨਾਂ ਦੀ ਹਿਜ਼ਰਤ ਦਾ ਸਿਲਸਿਲਾ ਪਿਛਲੇ ਲਗਭਗ ਚਾਰ ਦਹਾਕਿਆਂ ਤੋਂ ਜ਼ਾਰੀ ਹੈ, ਪਰ ਵਿਸ਼ੇਸ਼ ਤੌਰ 'ਤੇ 1990 ਤੋਂ ਬਾਅਦ ਤੋਂ ਇਸ ਪ੍ਰਕਿਰਿਆ ਵਿੱਚ ਤੇਜ਼ੀ ਆਈ ਹੈ। ਤੁਸੀਂ ਦੇਸ਼ ਦੇ ਕਿਸੇ ਵੀ ਸੱਨਅਤੀ ਖੇਤਰ ਵਿੱਚ ਜਾਓ, ਮਜ਼ਦੂਰਾਂ ਦੀਆਂ ਝੁੱਗੀਆਂ-ਝੋਪੜੀਆਂ ਵਿੱਚ ਤੁਹਾਨੂੰ ਅਠਾਰਾਂ ਤੋਂ ਪੈਂਤੀ ਸਾਲ ਵਿਚਲੀ ਉਮਰ ਵਾਲੇ ਨੌਜਵਾਨ ਮਜ਼ਦੂਰਾਂ ਦੀ ਬਹੁਤਾਤ ਵੇਖਣ ਨੂੰ ਮਿਲੇਗੀ। ਇਹ ਨੌਜਵਾਨ ਅਬਾਦੀ ਜਿਆਦਾਤਰ ਦਿਹਾੜੀ ਅਤੇ ਠੇਕਾ ਮਜ਼ਦੂਰ ਦੇ ਰੂਪ ਵਿੱਚ ਕਾਰਖਾਨਿਆਂ ਵਿੱਚ ਦਸ ਘੰਟਿਆਂ ਤੋਂ ਚੌਦਾ ਘੰਟਿਆਂ ਤੱਕ ਹੱਡੀਆਂ ਗਲਾਉਂਦੀ ਹੈ ਅਤੇ ਚਾਲੀ ਤੋਂ ਸੱਤਰ ਰੁੱਪਏ ਵਿਚਕਾਰ ਦਿਹਾੜੀ ਹਾਸਲ ਕਰਦੀ ਹੈ। ਸਲਾਭੀਆਂ ਹਨੇਰੀਆਂ ਕੋਠੜੀਆਂ ਵਿੱਚ ਇੱਕਠੇ ਕਈ ਮਜ਼ਦੂਰ ਰਹਿੰਦੇ ਹਨ, ਜਾਂ ਇੱਕ ਮਜ਼ਦੂਰ ਪਰਿਵਾਰ ਰਹਿੰਦਾ ਹੈ। ਇਹਨਾਂ ਬਸਤੀਆਂ ਵਿੱਚ ਸਰਵਜਨਿਕ ਸੁਵਿਧਾਵਾਂ ਜਾਂ ਤਾਂ ਹੈ ਹੀ ਨਹੀਂ ਜਾਂ ਬਸ ਨਾ-ਮਾਤਰ ਹੀ ਹਨ। ਜਿਆਦਾਤਰ ਯੂਨੀਅਨਾਂ ਨਿਯਮਤ ਨੌਕਰੀਸ਼ੁਦਾ, ਬੇਹਤਰ ਤਨਖਾਹ ਅਤੇ ਸੁਵਿਧਾਵਾਂ ਵਾਲੀ ਜੱਥੇਬੰਦ ਅਬਾਦੀ ਤੱਕ ਹੀ ਸੀਮਤ ਹਨ। ਵੱਡੀ ਗੈਰਜਥੇਬੰਦ ਮਜ਼ਦੂਰ ਅਬਾਦੀ ਜਾਂ ਤਾਂ ਯੂਨੀਅਨ ਦੇ ਦਾਇਰੇ ਤੋਂ ਬਾਹਰ ਹੈ ਜਾਂ ਫਿਰ ਕੁਝ ਧੰਦੇਬਾਜ਼ ਲੀਡਰ ਇੱਧਰ-ਉਧਰ ਯੂਨੀਅਨ ਦਫ਼ਤਰ ਖੋਹਲ ਕੇ ਉਹਨਾਂ ਵਿਚਕਾਰ ਦਲਾਲੀ ਦਾ ਕੰਮ ਕਰਦੇ ਰਹਿੰਦੇ ਹਨ। ਇਹਨਾਂ ਨੌਜਵਾਨ ਮਜ਼ਦੂਰਾਂ ਵਿੱਚ ਇਕਦਮ ਅਨਪੜ੍ਹ ਘੱਟ ਹੀ ਮਿਲਣਗੇ। ਜ਼ਿਆਦਾਤਾਰ ਮਿਡਲ ਜਾਂ ਹਾਈ ਸਕੂਲ ਪਾਸ ਹਨ ਅਤੇ ਕੁੱਝ ਤਾਂ ਗਰੈਜੂਏਟ ਵੀ ਹਨ। ਇੱਕ ਮਹੱਤਵਪੂਰਣ ਗੱਲ ਇਹ ਵੀ ਹੈ ਕਿ ਇਹਨਾਂ ਨੌਜਵਾਨ ਮਜ਼ਦੂਰਾਂ ਵਿੱਚ ਔਰਤਾਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਹੈ ਅਤੇ ਲਗਾਤਾਰ ਵਧਦੀ ਜਾ ਰਹੀ ਹੈ। ਇਹ ਨੌਜਵਾਨ ਔਰਤ ਮਜ਼ਦੂਰ ਸਭ ਤੋਂ ਔਖੇ ਅਤੇ ਅਕਾਊ ਕਿਸਮ ਦੇ ਕੰਮ ਸਭ ਤੋਂ ਔਖੀਆਂ ਹਾਲਤਾਂ ਵਿੱਚ ਕਰਦੀਆਂ ਹਨ। ਕੰਮ ਦੇ ਘੰਟਿਆਂ ਦੇ ਹਿਸਾਬ ਨਾਲ਼ ਮਜ਼ਦੂਰੀ ਉਹਨਾਂ ਨੂੰ ਮਰਦ ਮਜ਼ਦੂਰਾਂ ਤੋਂ ਘੱਟ ਮਿਲ਼ਦੀ ਹੈ ਅਤੇ ਆਰਥਿਕ ਲੁੱਟ ਦੇ ਨਾਲ਼ ਹੀ ਅਕਸਰ ਉਹਨਾਂ ਨੂੰ ਸ਼ਰੀਰਕ ਲੁੱਟ ਦਾ ਵੀ ਸ਼ਿਕਾਰ ਹੋਣਾ ਪੈਂਦਾ ਹੈ। ਕਾਰਖਾਨਿਆਂ ਵਿੱਚ ਔਰਤ ਮਜ਼ਦੂਰਾਂ ਲਈ ਅਲੱਗ ਪਖਾਨੇ ਤੱਕ ਦੀ ਸਮੱਸਿਆ ਹੈ। ਮਜ਼ਦੂਰ ਬਸਤੀਆਂ ਵਿੱਚ ਵੀ ਇਹ ਸੁਵਿਧਾ ਨਾ-ਮਾਤਰ ਨੂੰ ਹੀ ਹੈ। ਮਜ਼ਦੂਰ ਔਰਤਾਂ ਦੇ ਬੱਚਿਆਂ ਲਈ ਕਿਸੇ ਵੀ ਕਾਰਖਾਨੇ ਵਿੱਚ ਬੱਚਾਘਰ ਨਹੀਂ ਹੁੰਦਾ। ਦਵਾਈ-ਇਲਾਜ ਲਈ ਗੈਰ ਜਥੇਬੰਦ ਮਜ਼ਦੂਰਾਂ ਦੀ ਇਹ ਪੂਰੀ ਅਬਾਦੀ ਨੀਮ-ਹਕੀਮਾਂ ਦੇ ਆਸਰੇ ਹੁੰਦੀ ਹੈ।

ਇਹ ਕਰੋੜਾਂ ਨੌਜਵਾਨ ਮਜ਼ਦੂਰ ਮਰਦ-ਔਰਤਾਂ ਭਾਰਤ ਦੀ ਨਵੇਂ ਸਿਰੇ ਤੋਂ ਜਥੇਬੰਦ ਹੋਣ ਵਾਲ਼ੀ ਇਨਕਲਾਬੀ ਲਹਿਰ ਦੀ ਸਭ ਤੋਂ ਮੂਹਰਲੀ ਅਤੇ ਸਭ ਤੋਂ ਸੰਭਾਵਨਾ ਭਰਪੂਰ ਤਾਕਤ ਹਨ। ਖੁਸ਼ਹਾਲੀ ਅਤੇ ਵਿਲਾਸਤਾ ਦੀਆਂ ਮਿਨਾਰਾਂ ਦੇ ਹਨ੍ਹੇਰੇ ਤਲ ਵਿੱਚ ਆਧੁਨਿਕ ਯੁੱਗ ਦੇ ਗੁਲਾਮਾਂ ਦਾ ਜੀਵਨ ਬਿਤਾਉਣ ਵਾਲ਼ੇ ਇਹ ਲੋਕ ਪੂੰਜੀਵਾਦੀ ਸਮਾਜ ਦੀਆਂ ਸਾਰੀਆਂ ਔਖਿਆਈਆਂ ਨੂੰ ਭੋਗ ਰਹੇ ਹਨ ਅਤੇ ਪੂੰਜੀਵਾਦੀ ਸਮਾਜ ਪ੍ਰਤੀ ਉਹਨਾਂ ਅੰਦਰ ਨਾ ਤਾਂ ਕੋਈ ਉਮੀਦ ਬਚੀ ਹੈ, ਨਾ ਹੀ ਕੋਈ ਮੋਹ। ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦੀਆਂ ਹਿਰਾਵਲ ਤਾਕਤਾਂ ਨੂੰ ਨਵੇਂ ਸਿਰੇ ਤੋਂ ਜਥੇਬੰਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਦੇ ਹੋਏ ਸਭ ਤੋਂ ਪਹਿਲਾਂ ਇਹਨਾਂ ਉੱਤੇ ਧਿਆਨ ਦੇਣਾ ਹੋਵੇਗਾ, ਇਹਨਾਂ ਵਿੱਚ ਇਨਕਲਾਬੀ ਸਿੱਖਿਆ ਅਤੇ ਪ੍ਰਚਾਰ ਦੀਆਂ ਕਾਰਵਾਈਆਂ ਗਹਿਰਾਈ ਨਾਲ਼, ਅਲੱਗ-ਅਲੱਗ ਰੂਪਾਂ ਵਿੱਚ ਅਤੇ ਲਗਾਤਾਰ ਚਲਾਉਣੀਆਂ ਹੋਣਗੀਆਂ ਅਤੇ ਇਹਨਾਂ ਨੂੰ ਜਥੇਬੰਦ ਕਰਨਾ ਹੋਵੇਗਾ। ਇਸ ਨੌਜਵਾਨ ਔਰਤ-ਮਰਦ ਮਜ਼ਦੂਰ ਅਬਾਦੀ ਵਿੱਚ ਜਾਤੀਗਤ ਮਾਨਤਾਵਾਂ ਦੀ ਸਮੱਸਿਆ ਵੀ ਮੁਕਾਬਲਤਨ ਘੱਟ ਹੈ ਜੋ ਭਾਰਤੀ ਸਮਾਜ ਦੀ ਇੱਕ ਗੰਭੀਰ ਪੁਰਾਣੀ ਬਿਮਾਰੀ ਅਤੇ ਜਮਾਤੀ ਸੰਘਰਸ਼ ਦੇ ਵਿਕਾਸ ਦੇ ਰਸਤੇ ਵਿੱਚ ਇੱਕ ਗੰਭੀਰ ਰੁਕਾਵਟ ਹੈ। ਲਗਾਤਾਰ ਇਨਕਲਾਬੀ ਪ੍ਰਚਾਰ ਅਤੇ ਸੰਘਰਸ਼ਾਂ ਦੀ ਪ੍ਰਕਿਰਿਆ ਇਹਨਾਂ ਦੀ ਜਮਾਤੀ ਚੇਤਨਾ ਨੂੰ ਤਿੱਖਾ ਬਣਾਏਗੀ ਅਤੇ ਇਹਨਾਂ ਵਿਚਲੀਆਂ ਜਾਤੀਵਾਦੀ ਦੂਰੀਆਂ ਨੂੰ ਮਿਟਾਉਣ ਦਾ ਵੀ ਕੰਮ ਕਰੇਗੀ। ਲੈਨਿਨ ਨੇ ਮਜ਼ਦੂਰ ਨੌਜਵਾਨਾਂ ਦੀਆਂ ਇਨਕਲਾਬੀ ਸਰਗਰਮੀਆਂ ਨੂੰ ਸਮੁੱਚੀ ਮਜ਼ਦੂਰ ਲਹਿਰ ਦਾ ਇੱਕ ਅਟੁੱਟ ਅੰਗ ਮੰਨਦੇ ਹੋਏ ਇਨਕਲਾਬੀ ਪਾਰਟੀ ਵਿੱਚ ਅਜਿਹੇ ਨੌਜਵਾਨ ਮਜ਼ਦੂਰ ਤੱਤਾਂ ਦੀ ਭਰਤੀ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਸੀ ਅਤੇ ਕਿਹਾ ਸੀ ਕਿ ਇਨਕਲਾਬੀ ਪਾਰਟੀ "ਮੂਹਰੈਲ ਜਮਾਤ ਦੇ ਨੌਜਵਾਨਾਂ ਦੀ ਪਾਰਟੀ" ਹੋਵੇਗੀ (ਲੈਨਿਨ : 'ਦ ਕਰਾਈਸਿਸ ਆਫ਼ ਮੇਨਸ਼ੇਵਿਜ਼ਮ', ਕਲੇਕਡ ਵਰਕਸ, ਖੰਡ 2, ਪ੍ਰੋਗ੍ਰੈਸ ਪਬਲਿਸ਼ਰਜ਼, ਮਾਸਕੋ, ਪੰਨਾ. 355)। ਭਾਰਤ ਦੇ ਕਰੋੜਾਂ ਇਨਕਲਾਬੀ ਸੰਭਾਵਨਾ ਭਰਪੂਰ ਨੌਜਵਾਨ ਮਜ਼ਦੂਰਾਂ ਦੀ ਲਗਾਤਾਰ ਵਧਦੀ ਅਬਾਦੀ ਬਾਰੇ ਵੀ ਇਹੋ ਨਜ਼ਰੀਆ ਅਪਣਾਇਆ ਜਾਣਾ ਚਾਹੀਦਾ ਹੈ। ਨੌਜਵਾਨ ਮਜ਼ਦੂਰਾਂ ਦੀ ਇਹ ਅਬਾਦੀ ਟਰੇਡ ਯੂਨੀਅਨ ਲਹਿਰ ਨੂੰ ਮਹਿਜ ਰਿਆਇਤਾਂ ਮੰਗਣ ਅਤੇ ਟਾਕੀਸਾਜ਼ੀ ਕਰਨ ਵਾਲ਼ੀ ਅਰਥਵਾਦੀ ਰਾਜਨੀਤੀ

ਦੀ ਗੰਦਗੀ ਤੋਂ ਬਾਹਰ ਲਿਆਕੇ ਉਸਨੂੰ ਇਨਕਲਾਬੀ ਅਧਾਰ ਉੱਤੇ ਫਿਰ ਤੋਂ ਖੜ੍ਹਾ ਕਰਨ ਵਿੱਚ ਇਤਿਹਾਸਕ ਭੂਮਿਕਾ ਨਿਭਾਏਗੀ। ਇਸ ਵਾਸਤੇ ਇਹਨਾਂ ਵਿੱਚ ਇਨਕਲਾਬੀ ਸਿੱਖਿਆ ਅਤੇ ਪ੍ਰਚਾਰ ਦੀ ਸੰਘਣੀ ਕਾਰਵਾਈ ਚਲਾਉਣੀ ਹੋਵੇਗੀ, ਇਹਨਾਂ ਦੇ ਰਾਜਨੀਤਕ ਅਧਿਐਨ-ਮੰਡਲ ਬਣਾਉਣੇ ਹੋਣਗੇ, ਇਹਨਾਂ ਵਿੱਚ ਮਜ਼ਦੂਰ ਜਮਾਤ ਦੇ ਇਨਕਲਾਬੀ ਰਾਜਨੀਤਕ ਅਖ਼ਬਾਰ ਨੂੰ ਲੈ ਕੇ ਜਾਣਾ ਹੋਵੇਗਾ ਅਤੇ ਇਹਨਾਂ ਨੂੰ ਇਸ ਗੱਲ ਦੀ ਸਿੱਖਿਆ ਦੇਣੀ ਹੋਵੇਗੀ ਕਿ ਮਜ਼ਦੂਰ ਇਨਕਲਾਬ ਦੁਆਰਾ ਪੂੰਜੀਵਾਦ ਦਾ ਨਾਸ਼ ਅੱਜ ਵੀ ਮਜ਼ਦੂਰ ਜਮਾਤ ਦਾ ਇਤਿਹਾਸਕ ਮਿਸ਼ਨ ਹੈ। ਪਿਛਲੇ ਮਜ਼ਦੂਰ ਇਨਕਲਾਬਾਂ ਦੀ ਹਾਰ ਮਜ਼ਦੂਰ ਜਮਾਤ ਦੀ ਅੰਤਿਮ ਅਤੇ ਨਿਰਣਾਇਕ ਹਾਰ ਨਹੀਂ ਸਗੋਂ ਮਹਿਜ ਫੌਰੀ ਹਾਰ ਸੀ। ਮਜ਼ਦੂਰ ਇਨਕਲਾਬਾਂ ਦਾ ਅਗਲਾ ਗੇੜ ਅਟੱਲ ਹੈ ਅਤੇ ਉਸਨੇ ਜਿੱਤਣਾ ਹੀ ਹੈ। ਇਸ ਨਾਲ਼ ਹੀ, ਨੌਜਵਾਨ ਮਜ਼ਦੂਰਾਂ ਅਤੇ ਮਜ਼ਦੂਰ ਪਰਿਵਾਰਾਂ ਦੇ ਨੌਜਵਾਨਾਂ ਨੂੰ ਨੌਜਵਾਨ ਲਹਿਰ ਦੇ ਬੈਨਰ ਥੱਲੇ ਵੀ ਜੱਥੇਬੰਦ ਕਰਨਾ ਹੋਵੇਗਾ। ਨੌਜਵਾਨ ਜੱਥੇਬੰਦੀਆਂ ਵਿੱਚ ਜੱਥੇਬੰਦ ਨੌਜਵਾਨ ਮਜ਼ਦੂਰ ਲਾਈਬ੍ਰੇਰੀਆਂ, ਰਾਤ ਸਮੇਂ ਚੱਲਣ ਵਾਲ਼ੇ ਸਕੂਲਾਂ ਆਦਿ ਜ਼ਰੀਏ ਸਿੱਖਿਅਤ ਹੋਣਗੇ, ਖੇਡ ਕਲੱਬ, ਸਭਿਆਚਾਰਕ ਟੀਮਾਂ ਆਦਿ ਬਣਾਕੇ ਇੱਕ ਜੁੱਟ ਹੋਣ, ਸਮੂਹਿਕ-ਬੋਧ ਅਤੇ ਸਭਿਆਚਾਰਕ-ਰਾਜਨੀਤਕ ਚੇਤਨਾ ਨਾਲ਼ ਲੈਸ ਹੋਣ ਅਤੇ ਪ੍ਰਚਾਰ ਕੰਮਾਂ ਵਿੱਚ ਪ੍ਰਭਾਵੀ ਬਣਨ ਦਾ ਕੰਮ ਕਰਨਗੇ, ਠੇਕਾ ਪ੍ਰਬੰਧ ਦੀ ਸਮਾਪਤੀ, ਕੰਮ ਦੇ ਘੰਟੇ ਘੱਟ ਕਰਨ ਅਤੇ ਆਪਣੀ ਬਸਤੀ ਦੀਆਂ ਸਮੱਸਿਆਵਾਂ ਨੂੰ ਲੈ ਕੇ ਲੜਦੇ ਹੋਏ ਉਹ ਆਰਥਿਕ ਮੰਗਾਂ ਦੇ ਨਾਲ਼-ਨਾਲ਼ ਆਵਾਸ, ਰੁਜ਼ਗਾਰ, ਸੇਹਤ ਅਤੇ ਸਿੱਖਿਆ ਆਦਿ ਅਹਿਮ ਰਾਜਨੀਤਕ ਮੰਗਾਂ ਉੱਤੇ ਲੜਨਾ ਸਿੱਖਣਗੇ ਅਤੇ ਮਜ਼ਦੂਰ ਲਹਿਰ ਵਿੱਚ ਨਵੀਂ ਜਾਨ ਪਾਉਣਗੇ। ਕਹਿਣ ਦਾ ਭਾਵ ਇਹ ਹੈ ਕਿ ਨੌਜਵਾਨ ਲਹਿਰ ਦੀ ਗੱਲ ਕਰਦੇ ਹੋਏ ਸਾਨੂੰ ਨਾ ਸਿਰਫ ਨੌਜਵਾਨ ਮਜ਼ਦੂਰਾਂ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ ਸਗੋਂ ਸਭ ਤੋਂ ਪਹਿਲਾਂ ਉਹਨਾਂ ਉੱਤੇ ਹੀ ਧਿਆਨ ਦੇਣਾ ਚਾਹੀਦਾ ਹੈ ਅਤੇ ਮਜ਼ਦੂਰ ਬਸਤੀਆਂ ਵਿੱਚ ਇਨਕਲਾਬੀ ਨੌਜਵਾਨ ਜੱਥੇਬੰਦੀਆਂ ਦੀਆਂ ਇਕਾਈਆਂ ਜੱਥੇਬੰਦ ਕਰਨ ਉੱਤੇ ਵਿਸ਼ੇਸ਼ ਜ਼ੋਰ ਦੇਣਾ ਚਾਹੀਦਾ ਹੈ।

ਪਿੰਡਾਂ ਦੇ ਨੌਜਵਾਨ ਮਜ਼ਦੂਰਾਂ ਉੱਤੇ ਵੀ ਇਸੇ ਪ੍ਰਕਾਰ ਦਾ ਧਿਆਨ ਦੇਣਾ ਚਾਹੀਦਾ ਹੈ। ਉਹਨਾਂ ਦੀ ਵੀ ਗਿਣਤੀ ਅੱਜ ਘੱਟ ਨਹੀਂ ਹੈ। ਹਾਂ, ਇਹ ਜ਼ਰੂਰ ਹੈ ਕਿ ਸ਼ਹਿਰੀ ਨੌਜਵਾਨ ਮਜ਼ਦੂਰਾਂ ਦੀ ਤੁਲਨਾ ਵਿੱਚ ਉਹਨਾਂ ਦੇ ਚੇਤਨਾ ਪਿਛੜੀ ਹੋਈ ਹੈ ਅਤੇ ਜਾਤ-ਪਾਤ ਦੀ ਰੁਕਾਵਟ ਵੀ ਪਿੰਡਾਂ ਵਿੱਚ ਵੱਧ ਗੰਭੀਰ ਹੈ। ਇਸ ਲਈ ਪਿੰਡਾਂ ਵਿੱਚ ਨੌਜਵਾਨਾਂ ਨੂੰ ਜੱਥੇਬੰਦ ਕਰਦੇ ਹੋਏ ਉਹਨਾਂ ਦੀ ਰਾਜਨੀਤਕ ਸਿੱਖਿਆ ਅਤੇ ਉਹਨਾਂ ਵਿੱਚ ਸੱਭਿਆਚਾਰਕ ਕੰਮ ਉੱਤੇ ਸ਼ਹਿਰਾਂ ਦੇ ਮੁਕਾਬਲੇ ਕਈ ਗੁਣਾ ਵੱਧ ਜ਼ੋਰ ਦੇਣਾ ਹੋਵੇਗਾ। ਛੋਟੇ ਅਤੇ ਦਰਮਿਆਨੇ ਕਿਸਾਨ ਪਰਿਵਾਰਾਂ ਦੀ ਜੋ ਨੌਜਵਾਨ ਪੀੜ੍ਹੀ ਹੈ, ਉਸਨੂੰ ਛੋਟੇ ਪੈਮਾਨੇ ਦੇ ਮਾਲਕਾਨੇ ਦੇ ਮੋਹ ਤੋਂ ਉਭਾਰਨਾ ਵੱਧ ਅਸਾਨ ਹੈ। ਉਹਨਾਂ ਨੂੰ ਅਸਾਨੀ ਨਾਲ਼ ਇਹ ਦੱਸਿਆ ਜਾ ਸਕਦਾ ਹੈ ਕਿ ਪੂੰਜੀ ਦੀ ਮਾਰ ਨਾਲ਼ ਛੋਟੇ ਅਤੇ ਨਿਮਨ-ਦਰਮਿਆਨੇ ਕਿਸਾਨਾਂ ਨੂੰ ਤਬਾਹ ਹੋਣ ਤੋਂ ਬਚਾਉਣਾ ਸੰਭਵ ਨਹੀਂ ਹੈ ਅਤੇ ਇਹ ਕਿ ਲਾਗਤ ਮੁੱਲ ਅਤੇ ਲਾਭਕਾਰੀ ਮੁੱਲਾਂ ਦੀਆਂ ਲੜਾਈਆਂ ਦਾ ਅਸਲ ਲਾਭ ਕੇਵਲ ਧਨੀ ਕਿਸਾਨਾਂ ਨੂੰ ਹੀ ਮਿਲਦਾ ਹੈ। ਛੋਟੇ ਅਤੇ ਦਰਿਮਆਨੇ ਕਿਸਾਨਾਂ ਸਾਹਮਣੇ ਇਕੋ ਇੱਕ ਵਿਵਹਾਰਕ ਰਸਤਾ ਇਹੋ ਹੈ ਕਿ ਉਹ ਮਜ਼ਦੂਰ ਜਮਾਤ ਨਾਲ਼ ਮਿਲਕੇ ਸਮਾਜਵਾਦ ਲਈ ਸੰਘਰਸ਼ ਕਰਨ ਜਿਸ ਵਿੱਚ ਬਰਾਬਰ ਸਿੱਖਿਆ ਅਤੇ ਰੁਜ਼ਗਾਰ ਦਾ ਸਭ ਨੂੰ ਹੱਕ ਹੋਵੇਗਾ, ਕੰਮ ਕਰਨ ਵਾਲ਼ੇ ਸਾਰੇ ਹੱਥਾਂ ਨੂੰ ਕੰਮ ਅਤੇ ਉਹਨਾਂ ਦੇ ਕੰਮ ਦੇ ਮੁਤਾਬਕ ਤਨਖਾਹ ਮਿਲ਼ੇਗੀ ਅਤੇ ਕੌਮੀ ਜਾਇਦਾਦ ਦੇ ਰੂਪ ਵਿੱਚ ਜ਼ਮੀਨ ਉੱਤੇ ਸਾਰਿਆਂ ਦਾ ਬਰਾਬਰ ਹੱਕ ਹੋਵੇਗਾ। ਛੋਟੇ-ਦਰਮਿਆਨੇ ਕਿਸਾਨਾਂ ਦੀ ਨੌਜਵਾਨ ਪੀੜ੍ਹੀ ਪੁਰਾਣੀ ਪੀੜੀ ਦੇ ਮੁਕਾਬਲੇ ਜਾਤੀਗਤ ਮਾਨਤਾਵਾਂ ਤੋਂ ਵੀ ਅਸਾਨੀ ਨਾਲ਼ ਮੁਕਤ ਹੋ ਸਕੇਗੀ ਅਤੇ ਵੱਡੇ ਕਿਸਾਨਾਂ ਦੀ ਧੌਂਸ ਅੱਗੇ ਉਸਦਾ ਡਰਨਾ-ਝੁਕਣਾ ਵੀ ਔਖਾ ਹੋਵੇਗਾ। ਇਸ ਲਈ, ਪਿੰਡਾਂ ਵਿੱਚ ਨੌਜਵਾਨ ਜੱਥੇਬੰਦੀ ਬਣਾਉਂਦੇ ਸਮੇਂ ਨੌਜਵਾਨ ਪੇਂਡੂ ਮਜ਼ਦੂਰ ਤੋਂ ਇਲਾਵਾ ਛੋਟੇ-ਦਰਮਿਆਨੇ ਕਿਸਾਨਾਂ ਦੀ ਨੌਜਵਾਨ ਪੀੜ੍ਹੀ ਨੂੰ ਜੱਥੇਬੰਦ ਕਰਨ ਉੱਤੇ ਵੀ ਧਿਆਨ ਦੇਣਾ ਹੋਵੇਗਾ। ਪਿੰਡਾਂ ਦੀਆਂ ਨੌਜਵਾਨ ਜੱਥੇਬੰਦੀਆਂ ਨੂੰ ਧਨੀ ਕਿਸਾਨਾਂ ਦੀ ਨੌਜਵਾਨ ਪੀੜ੍ਹੀ ਦੇ ਪ੍ਰਭਾਵ ਤੋਂ ਵਿਸ਼ੇਸ਼ ਤੌਰ ’ਤੇ ਬਚਾਉਣਾ ਹੋਵੇਗਾ।

ਨੌਜਵਾਨ, ਆਪਣੀ ਉਮਰ ਦੇ ਤਕਾਜੇ ਨਾਲ਼, ਜੋਸ਼ੀਲੇ ਅਤੇ ਉਰਜਾਵਾਨ ਹੁੰਦੇ ਹਨ। ਉਹਨਾਂ ਦੀ ਚੇਤਨਾ ਉੱਤੇ ਜਮਾਤੀ ਸੰਕੀਰਣਤਾ ਦੀ ਜਕੜਬੰਦੀ ਮੁਕਾਬਲਤਨ ਘੱਟ ਹੁੰਦੀ ਹੈ। ਇਸ ਲਈ ਤਿੱਖੇ ਜਮਾਤੀ-ਸੰਘਰਸ਼ਾਂ ਵੇਲੇ, ਕਦੇ-ਕਦੇ ਧਨੀ ਅਤੇ ਲੁਟੇਰੀਆਂ ਜਮਾਤਾਂ ਦੇ ਕੁੱਝ ਨੌਜਵਾਨ ਵੀ ਆਪਣੀਆਂ ਜਮਾਤੀ ਹੱਦਾਂ ਦੀ ਉਲੰਘਣਾਂ ਕਰਕੇ ਵਿਆਪਕ ਕਿਰਤੀ ਲੋਕਾਂ ਦੇ ਹਿੱਤ ਵਿੱਚ ਸਰਗਰਮ ਹੋ ਜਾਂਦੇ ਹਨ। ਏਂਗਲਜ਼ ਨੇ ਵੀ ਪਹਿਲੋਂ ਹੀ ਅੰਜਾਜਾ ਲਾਇਆ ਸੀ ਕਿ ਵਿਸ਼ੇਸ਼ ਹਾਲਤਾਂ ਵਿੱਚ, ਇਥੋਂ ਤੱਕ ਕਿ ਬੁਰਜੂਆ ਜਮਾਤ ਵੀ “ਲਹਿਰ ਲਈ ਬੇਹੱਦ ਉਪਯੋਗੀ ਨੌਜਵਾਨਾਂ” ਨੂੰ ਪੈਦਾ ਕਰੇਗੀ (ਏਂਗਲਜ਼ : “ਦ ਲੇਟ ਬੁਚਰੀ ਐਟ ਲੀਪਜ਼ਿਗ—ਦ ਜਰਮਨ ਵਰਕਿੰਗ ਮੈਨਜ਼ ਮੂਵਮੈਂਟ” ਕਲੈਕਟਡ ਵਰਕਸ, ਖੰਡ-4, ਪ੍ਰੋਗ੍ਰੈਸ ਪਬਲਿਸ਼ਰਜ਼, ਮਾਸਕੋ, 1975, ਪੰਨਾ-647)। ਪਰ ਇਸ ਦਾ ਮਤਲਬ ਇਹ ਕਦੇ ਵੀ ਨਹੀਂ ਕਿ ਅਸੀਂ ਵਿਦਿਆਰਥੀ-ਨੌਜਵਾਨ ਲਹਿਰ ਨੂੰ ਜਮਾਤਾਂ ਤੋਂ ਉੱਪਰ ਜਾਂ ਜਮਾਤਾਂ ਤੋਂ ਪਰ੍ਹੇ ਮੰਨ ਬੈਠੀਏ ਅਤੇ ਧਨੀ ਘਰਾਂ ਦੇ ਵਿਦਿਆਰਥੀ-ਨੌਜਵਾਨਾਂ ਦੀ ਵੱਡੀ ਸੰਖਿਆਂ ਤੋਂ ਇਨਕਲਾਬੀ ਭੂਮਿਕਾ ਦੀ ਉਮੀਦ ਪਾਲ਼ ਬੈਠੀਏ। ਬੁਰਜੂਆਵਾਂ, ਨੌਕਰਸ਼ਾਹਾਂ ਅਤੇ ਉੱਚ-ਮੱਧਵਰਗ ਦੇ ਜੋ ਨੌਜਵਾਨ ਇਨਕਲਾਬੀ ਵਿਦਿਆਰਥੀ-ਨੌਜਵਾਨ ਲਹਿਰ ਵਿੱਚ ਸਰਗਰਮ ਹੋਣਗੇ, ਉਹ ਸਮਾਜਿਕ-ਧਰੁਵੀਕਰਨ ਅਤੇ ਲਹਿਰ ਦੀ ਤੇਜ਼ੀ ਵਧਣ ਦੇ ਨਾਲ਼ ਹੀ ਜਾਂ ਤਾਂ ਆਪਣੇ ਆਪ ਹੀ ਕਿਨਾਰੇ ਲੱਗ ਜਾਣਗੇ ਜਾਂ ਲਹਿਰ ਨੂੰ ਨਿਸ਼ਾਨੇ ਤੋਂ ਪਰ੍ਹੇ ਲਿਜਾਣ ਦੀਆਂ ਕੋਸ਼ਿਸ਼ਾਂ ਵਿੱਚ ਲੱਗ ਜਾਣਗੇ। ਇਹਨਾਂ ਵਿੱਚੋਂ ਬਹੁਤ ਛੋਟੀ ਸੰਖਿਆ ਛੋਟ ਵਜੋਂ ਹੀ ਉਹਨਾਂ ਲੋਕਾਂ ਦੀ ਹੋਵੇਗੀ ਜੋ ਆਪਣੀਆਂ

ਜਮਾਤੀ ਹੱਦਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਖੁਦ ਨੂੰ ਕਿਰਤੀ ਲੋਕਾਂ ਨਾਲ਼ ਜੋੜ ਸਕਣਗੇ।

ਜਿੱਥੋਂ ਤੱਕ ਵਿਚਕਾਰ ਖੜ੍ਹੇ ਮੱਧਵਰਗ (ਭਾਵ ਨਿਮਨ ਪੂੰਜੀਪਤੀ ਵਰਗ) ਦੇ ਨੌਜਵਾਨਾਂ-ਵਿਦਿਆਰਥੀਆਂ ਦਾ ਸਵਾਲ ਹੈ, ਉਹਨਾਂ ਦੀ ਭੂਮਿਕਾ ਇਨਕਲਾਬੀ ਲਹਿਰਾਂ ਵਿੱਚ ਮਿਲ਼ੀ ਜੁਲ਼ੀ ਹੁੰਦੀ ਹੈ। ਏਂਗਲਜ਼ ਨੇ ਇਹ ਵਿਸ਼ਵਾਸ਼ ਪ੍ਰਗਟ ਕੀਤਾ ਸੀ ਕਿ ਮੱਧਵਰਗੀ ਸਮਾਜਿਕ ਤੈਹਾਂ ਤੋਂ ਆਉਣ ਵਾਲ਼ੇ ਵਿਦਿਆਰਥੀਆਂ ਵਿੱਚੋਂ ਬੌਧਿਕ ਕਿਰਤ ਵਾਲ਼ੇ ਮਜ਼ਦੂਰ ਦਾ ਜਨਮ ਹੋਵੇਗਾ ਜੋ ਆਉਣ ਵਾਲ਼ੇ ਇਨਕਲਾਬ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਣ ਲਈ ਸ਼ਰੀਰਕ ਕਿਰਤ ਨਾਲ਼ ਸੰਬੰਧ ਰੱਖਦੇ ਆਪਣੇ ਮਜ਼ਦੂਰ ਭਰਾਵਾਂ ਨਾਲ਼ ਇੱਕ ਹੀ ਸਫ਼ ਵਿੱਚ ਮੋਢੇ ਨਾਲ਼ ਮੋਢਾ ਜੋੜ ਕੇ ਖੜਾ ਹੋਵੇਗਾ। ਪਰ ਨਾਲ਼ ਹੀ, ਉਹ ਨਿਮਨ-ਪੂੰਜੀਪਤੀ ਜਮਾਤ ਦੇ ਨੌਜਵਾਨਾਂ ਦੀ ਦੋਵੇਂ ਪਾਸੇ ਵੇਖਣ ਦੀ ਪ੍ਰਵਿਰਤੀ, ਮਜ਼ਦੂਰਾਂ ਨੂੰ ਆਪਣੇ ਤੋਂ ਹੀਣ ਮੰਨਣ ਅਤੇ ਖੁਦ ਨੂੰ ਉਨ੍ਹਾਂ ਦੇ ਮੁਕਤੀਦਾਤਾ ਮੰਨਣ ਦੀ ਪ੍ਰਵਿਰਤੀ, ਮਜ਼ਦੂਰਾਂ ਦੀ ਇਨਕਲਾਬੀ ਤਾਕਤ ਵਿੱਚ ਵਿਸ਼ਵਾਸ਼ ਨਾ ਕਰਨ ਦੀ ਪ੍ਰਵਿਰਤੀ ਅਤੇ ਅਰਾਜਕਤਾਵਾਦ, ਕੈਰੀਅਰਵਾਦ, ਵਿਅਕਤੀਵਾਦ ਅਤੇ ਜਿਵੇਂ-ਤਿਵੇਂ ਇਨਕਲਾਬ ਕਰ ਦੇਣ ਦੀ ਪ੍ਰਵਿਰਤੀ ਤੋਂ ਪੈਦਾ ਹੋਣ ਵਾਲ਼ੇ ਮਾਅਰਕੇਬਾਜ਼ ਭਟਕਾਅ ਤੋਂ ਵੀ ਚੰਗੀ ਤਰ੍ਹਾਂ ਜਾਣੂ ਸਨ। ਨਿਮਨ ਪੂੰਜੀਪਤੀ ਜਮਾਤ ਦੇ ਮੁਹਰੈਲ ਨੌਜਵਾਨਾਂ ਨੂੰ ਪੂੰਜੀਵਾਦੀ ਸਮਾਜ ਵਿਵਸਥਾ ਵਿੱਚ ਜਦ ਆਪਣਾ ਕੋਈ ਭਵਿੱਖ ਨਜ਼ਰ ਨਹੀਂ ਆਉਂਦਾ ਤਾਂ ਉਹਨਾਂ ਅੰਦਰ ਅਨਿਆਂ ਵਿਰੁੱਧ ਵਿਦਰੋਹ ਦੀ ਭਾਵਨਾ ਉਬਾਲਾ ਖਾਣ ਲੱਗਦੀ ਹੈ ਅਤੇ ਉਹ ਇਨਕਲਾਬੀ ਲਹਿਰਾਂ ਵਿੱਚ ਵਿਆਪਕ ਕਿਰਤੀ ਲੋਕਾਂ ਸੰਗ ਭਾਗ ਲੈਣ ਲੱਗਦੇ ਹਨ। ਪਰ ਮਾਨਸਿਕ ਕਿਰਤ ਅਤੇ ਸ਼ਰੀਰਕ ਕਿਰਤ ਦੇ ਅੰਤਰ ਦੀ ਬੁਨਿਆਦ ਉੱਤੇ ਕਾਇਮ ਆਪਣੇ ਬੁਰਜੂਆ ਵਿਸ਼ੇਸ਼ ਅਧਿਕਾਰਾਂ ਅਤੇ ਸ੍ਰੇਸ਼ਠਤਾ ਦੀ ਭਾਵਨਾ ਨੂੰ ਉਸ ਸਮੇਂ ਵੀ ਉਹ ਦਿਲ ਤੋਂ ਛੱਡਣ ਲਈ ਤਿਆਰ ਨਹੀਂ ਹੁੰਦੇ। ਸਮਾਜਵਾਦ ਦੇ ਹਾਮੀ ਹੁੰਦੇ ਹੋਏ ਵੀ ਉਹ ਮਜ਼ਦੂਰਾਂ ਪ੍ਰਤੀ ਨਫ਼ਰਤ ਦਾ ਭਾਵ ਰੱਖਦੇ ਹਨ ਅਤੇ ਆਪਣੀ ਬੁਰਜੂਆ ਪੜ੍ਹਾਈ-ਲਿਖਾਈ ਉੱਤੇ ਝੂਠਾ ਹੰਕਾਰ ਪਾਲ਼ਦੇ ਹਨ। ਉਹਨਾਂ ਦੀਆਂ ਅੱਖਾਂ ਉੱਤੇ ਪਿਆ ਜਮਾਤੀ ਹੱਦਾਂ ਦਾ ਪਰਦਾ (ਜਿਸਦਾ ਮੁੱਖ ਕਾਰਨ ਉਤਪਾਦਕ ਕਿਰਤ ਤੋਂ ਉਹਨਾਂ ਦਾ ਕਟਿਆ ਹੋਣਾ ਹੁੰਦਾ ਹੈ) ਮਜ਼ਦੂਰਾਂ ਦੀ ਇਨਕਲਾਬੀ ਸੰਭਾਵਨਾ ਤੋਂ ਉਹਨਾਂ ਨੂੰ ਜਾਣੂ ਨਹੀਂ ਹੋਣ ਦਿੰਦਾ। ਉਹ ਸਮਝਦੇ ਹਨ ਕਿ ਮਜ਼ਦੂਰ ਲਹਿਰ ਉਹਨਾਂ ਦੀ ਅਗਵਾਈ ਤੋਂ ਬਿਨਾਂ ਸਫ਼ਲ ਹੋ ਹੀ ਨਹੀਂ ਸਕਦੀ ਅਤੇ ਮਜ਼ਦੂਰਾਂ ਦੀ ਇਨਕਲਾਬੀ ਪਾਰਟੀ ਵਿੱਚ ਆਮ ਤੌਰ 'ਤੇ ਉਹ ਨਵੇਂ "ਵਿਚਾਰਕ" ਅਤੇ "ਨੇਤਾ" ਹੋਣ ਦੇ ਮੰਸੂਬੇ ਅਤੇ ਦਾਅਵੇ ਨਾਲ਼ ਪ੍ਰਵੇਸ਼ ਕਰਦੇ ਹਨ। ਫਰੈਡਰਿਕ ਏਂਗਲਜ਼ ਨੇ ਪਾਲ ਲਫਾਰਗ ਨੂੰ ਲਿਖੇ ਗਏ ਇੱਕ ਖਤ ਵਿੱਚ ਲਿਖਿਆ ਸੀ ਕਿ ਅਜਿਹੇ ਵਿਦਿਆਰਥੀ ਜਾਂ ਪੜ੍ਹੇ-ਲਿਖੇ ਮੱਧਵਰਗੀ ਨੌਜਵਾਨ ਬੁਰਜੂਆ ਯੂਨੀਵਰਸਿਟੀ ਨੂੰ ਇੱਕ ਪ੍ਰਕਾਰ ਦਾ ਸਮਾਜਵਾਦੀ ਸੈਂਟ ਸਾਈਰ ਸਕੂਲ ਮੰਨਦੇ ਹਨ ਜੋ ਉਹਨਾਂ ਨੂੰ ਪਾਰਟੀ ਵਿੱਚ, ਜੇਕਰ ਸੈਨਾਪਤੀ ਦਾ ਨਹੀਂ ਤਾਂ ਘੱਟੋ-ਘੱਟ ਇੱਕ ਅਫ਼ਸਰ ਦੇ ਰੂਪ ਵਿੱਚ ਅਹੁਦਾ ਪਾਉਣ ਦਾ ਅਧਿਕਾਰ ਪ੍ਰਦਾਨ ਕਰਦਾ ਹੈ। ਮਾਓ ਜ਼ੇ-ਤੁੰਗ ਨੇ ਨਾ ਸਿਰਫ ਇਨਕਲਾਬ ਤੋਂ ਪਹਿਲਾਂ, ਸਗੋਂ ਇਨਕਲਾਬ ਤੋਂ ਬਾਅਦ ਵੀ ਲੰਬੇ ਸਮੇਂ ਤੱਕ ਮਜ਼ਦੂਰ ਜਮਾਤ ਦੀ ਪਾਰਟੀ ਵਿੱਚ ਵਿਅਕਤੀਵਾਦ, ਕੈਰੀਅਰਵਾਦ, ਅਰਾਜਕਤਾਵਾਦ ਅਤੇ 'ਨੇਤਾ ਬਣਨ ਵਾਸਤੇ ਪਾਰਟੀ ਵਿੱਚ ਭਰਤੀ ਹੋਣ' ਦੀ ਪ੍ਰਵਿਰਤੀ ਜਿਹੇ ਭਟਕਾਵਾਂ ਵਿਰੁੱਧ ਸੰਘਰਸ਼ ਉੱਤੇ ਜ਼ੋਰ ਦਿੱਤਾ ਸੀ। ਇਹ ਬੁਰਜੂਆ ਪ੍ਰਵਿਰਤੀਆਂ ਲੈ ਕੇ ਆਉਣ ਵਾਲ਼ੇ ਅਕਸਰ ਨਿਮਨ-ਪੂੰਜੀਵਾਦੀ ਤੱਤ ਹੀ ਹੋਇਆ ਕਰਦੇ ਹਨ ਜੋ ਬੁਰਜੂਆ ਢਾਂਚੇ ਵਿਰੁੱਧ ਲੜਨਾ ਤਾਂ ਚਾਹੁੰਦੇ ਹਨ ਪਰ ਆਪਣੀਆਂ ਬੁਰਜੂਆ ਪ੍ਰਵਿਰਤੀਆਂ ਅਤੇ ਵਿਸ਼ੇਸ਼ਾਧਿਕਾਰਾਂ ਨੂੰ ਜਾਣੇ-ਅਣਜਾਣੇ ਉਸੇ ਤਰ੍ਹਾਂ ਬਣਾਈ ਰੱਖਣਾ ਚਾਹੁੰਦੇ ਹਨ। ਨਿਮਨ-ਪੂੰਜੀਵਾਦੀ ਨੌਜਵਾਨਾਂ ਵਿੱਚ ਕਿਉਂਕਿ ਲੋਕਾਂ ਦੀ ਇਨਕਲਾਬੀ ਤਾਕਤ ਅਤੇ ਭੂਮਿਕਾ ਪ੍ਰਤੀ ਵਿਸ਼ਵਾਸ਼ ਨਹੀਂ ਹੁੰਦਾ, ਇਸ ਲਈ ਅਕਸਰ ਉਹਨਾਂ ਵਿਚਲੇ ਉਤਾਵਲੇ ਇਨਕਲਾਬੀ ਤੱਤ ਇਨਕਲਾਬ ਦੇ ਵਿਗਿਆਨ ਅਤੇ ਅਧਿਐਨ ਤੇ ਪ੍ਰਯੋਗ ਦੀ ਅਤੇ ਕਿਰਤੀ ਲੋਕਾਂ ਨੂੰ ਜਾਗਰੂਕ ਅਤੇ ਜਥੇਬੰਦ ਕਰਨ ਦੀ ਲੰਬੀ ਕਾਰਵਾਈ ਦੀ ਅਣਦੇਖੀ ਕਰਦੇ ਹਨ ਅਤੇ ਆਪਣੀ ਕੁਰਬਾਨੀ, ਬਹਾਦਰੀ ਅਤੇ ਹਥਿਆਰਬੰਦ ਕਾਰਵਾਈਆਂ ਦੀ ਦਹਿਸ਼ਤ ਦੇ ਸਹਾਰੇ ਸੱਤਾ-ਤਬਦੀਲੀ ਕਰ ਦੇਣਾ ਚਾਹੁੰਦੇ ਹਨ। ਇਸੇ ਨੂੰ ਹੀ ਅਸੀਂ ਆਮ ਤੌਰ 'ਤੇ ਦਹਿਸ਼ਤਗਰਦੀ ਦੀ ਪ੍ਰਵਿਰਤੀ ਦੇ ਨਾਂ ਨਾਲ਼ ਜਾਣਦੇ ਹਾਂ। ਵਿਗਿਆਨਕ ਸਮਾਜਵਾਦ ਉੱਤੇ ਅਧਾਰਤ ਮਜ਼ਦੂਰ ਲਹਿਰ ਦੀ ਧਾਰਾ ਦੇ ਪ੍ਰਭਾਵ ਵਿੱਚ ਆਉਣ ਤੋਂ ਪਹਿਲਾਂ ਯੂਰਪ ਵਿੱਚ ਅਤੇ ਰੂਸ ਵਿੱਚ ਨਿਮਨ-ਪੂੰਜੀਵਾਦੀ ਇਨਕਲਾਬੀਪੁਣੇ ਦੀ ਇਹ ਪ੍ਰਵਿਰਤੀ ਆਮ ਸੀ ਅਤੇ ਇਨਕਲਾਬੀ ਮਜ਼ਦੂਰ ਲਹਿਰ ਵਿੱਚ ਵੀ ਕਦੇ ਸੁਧਾਰਵਾਦ-ਅਰਥਵਾਦ-ਸੰਸਦਵਾਦ ਦੇ ਰੂਪ ਵਿੱਚ ਬੁਰਜੂਆ ਭਟਕਾਅ, ਤਾਂ ਕਦੇ ਦਹਿਸ਼ਤਗਰਦੀ-ਅਰਾਜਕਤਾਵਾਦ ਦੇ ਰੂਪ ਵਿੱਚ ਨਿਮਨ ਬੁਰਜੂਆ ਭਟਕਾਅ ਘੁਸਪੈਠੀਏ ਦੇ ਰੂਪ ਵਿੱਚ ਲਗਾਤਾਰ ਸਿਰ ਚੁੱਕਦੇ ਰਹਿੰਦੇ ਹਨ। ਇਹਨਾਂ ਭਟਕਾਵਾਂ ਦਾ ਸਮਾਜਿਕ ਅਧਾਰ ਪੂੰਜੀਵਾਦੀ ਸਮਾਜ ਦੀ ਜਮਾਤੀ ਬਣਤਰ ਵਿੱਚ ਮੌਜੂਦ ਹੈ।

ਤਿੱਖੇ ਜਮਾਤੀ ਸੰਘਰਸ਼ ਦੇ ਦੌਰ ਵਿੱਚ, ਆਪਸੀ-ਵਿਰੋਧੀ ਭੂਮਿਕਾਵਾਂ ਦੇ ਰੂਪ ਵਿੱਚ ਵਿਦਿਆਰਥੀ ਤਬਕੇ ਦਾ ਸਮਾਜਿਕ ਵਖਰੇਵਾਂ ਵਿਸ਼ੇਸ਼ ਰੂਪ ਵਿੱਚ ਵੇਖਣ ਨੂੰ ਮਿਲ਼ਦਾ ਹੈ। 1848 ਦੇ ਇਨਕਲਾਬ ਵਿੱਚ ਜਰਮਨੀ ਵਿੱਚ ਵਿਦਿਆਰਥੀਆਂ ਦੇ ਜਮਹੂਰੀ ਤਬਕੇ ਨੇ ਵਿਦਰੋਹੀ ਕਿਰਤੀਆਂ ਨਾਲ਼ ਸ਼ਾਮਿਲ ਹੋ ਕੇ ਸਰਕਾਰੀ ਫੌਜਾਂ ਦਾ ਮੁਕਾਬਲਾ ਕੀਤਾ, ਪਰ ਉਸੇ ਸਮੇਂ ਫਰਾਂਸ ਦੇ ਵਿਸ਼ੇਸ਼ਾਧਿਕਾਰੀ ਕੁਲੀਨਾਂ ਦੇ ਵਿਦਿਆਰਥੀਆਂ ਨੇ ਮੋਰਚਾਬੰਦੀ ਦੇ ਦੂਜੇ ਪਾਸੇ ਦੇ ਬੁਰਜੂਆ ਨੈਸ਼ਨਲ ਗਾਰਡ ਦਾ ਸਾਥ ਦਿੱਤਾ ਅਤੇ ਪੇਰਿਸ ਦੇ ਮਜ਼ਦੂਰਾਂ ਉੱਪਰ ਗੋਲ਼ੀਆਂ ਚਲਾਈਆਂ। ਕਦੇ-ਕਦੇ, ਆਪਣੀ ਅਰਾਜਕ ਸੋਚ ਅਤੇ ਕਿਰਤੀ ਲੋਕਾਂ ਪ੍ਰਤੀ ਪ੍ਰਤੱਖ ਜਾਂ ਛੁਪੇ ਹੋਏ ਤ੍ਰਿਸਕਾਰ ਭਾਵ ਦੇ ਬਾਵਜੂਦ, ਵਿਦਿਆਰਥੀ ਲਹਿਰਾਂ ਵਿਵਸਥਾ ਵਿਰੁੱਧ ਲੋਕਾਂ ਨੂੰ ਜਾਗਰਤ ਕਰਨ ਵਿੱਚ ਅਹਿਮ ਭੂਮਿਕਾ

ਨਿਭਾਉਂਦੀਆਂ ਹਨ, ਪਰ ਵਿਆਪਕ ਕਿਰਤੀ ਲੋਕਾਂ ਦੇ ਸੰਘਰਸ਼ਾਂ ਨਾਲ਼ ਜੁੜੇ ਬਿਨਾਂ, ਉਹ ਆਪਣੀ ਸੁਤੰਤਰ ਗਤੀ ਨਾਲ਼ ਬਹੁਤ ਅੱਗੇ ਨਹੀਂ ਜਾ ਪਾਉਂਦੀਆਂ ਅਤੇ ਖਿੰਡ-ਖੱਪਰ ਜਾਂਦੀਆਂ ਹਨ। 1865-66 ਦੀਆਂ ਸਰਦੀਆਂ ਵਿੱਚ ਪੇਰਿਸ ਅਕੈਡਮੀ ਦੀ ਵਿਦਿਆਰਥੀ ਲਹਿਰ ਬਾਰੇ, ਮਾਰਕਸ ਨੂੰ ਲਿਖੇ ਖਤ ਵਿੱਚ ਏਂਗਲਜ਼ ਨੇ ਲਿਖਿਆ ਸੀ : "ਇਹ ਬਹੁਤ ਮਹੱਤਵਪੂਰਣ ਹੈ ਕਿ ਪੇਰਿਸ ਦੇ ਵਿਦਿਆਰਥੀ, ਚਾਹੇ ਉਹਨਾਂ ਦੇ ਦਿਮਾਗ ਦੀ ਕੁੱਝ ਵੀ ਅਵਸਥਾ ਹੋਵੇ, ਮਜ਼ਦੂਰਾਂ ਦਾ ਪੱਖ ਲੈ ਰਹੇ ਹਨ।" 1968 ਦੇ ਫਰਾਂਸ ਦੀ ਵਿਦਿਆਰਥੀ ਲਹਿਰ ਦੀ ਕਾਫ਼ੀ ਚਰਚਾ ਹੁੰਦੀ ਹੈ। ਇਸ ਵਿਦਿਆਰਥੀ ਲਹਿਰ ਨੇ ਲੋਹਪੁਰਸ਼ ਦਗਾਲ ਦੀ ਸਰਕਾਰ ਨੂੰ ਅਸਤੀਫ਼ੇ ਲਈ ਮਜਬੂਰ ਕਰ ਦਿੱਤਾ। ਸਾਰੇ ਬੁੱਧੀਜੀਵੀਆਂ ਨੂੰ ਇਸ ਲਹਿਰ ਵਿੱਚੋਂ ਨਵੀਂ ਰਾਹ ਨਿਕਲਦੀ ਨਜ਼ਰ ਆਉਣ ਲੱਗੀ। ਇੱਕ ਨਵੇਂ ਯੁੱਗ ਦੀ ਸ਼ੁਰੂਆਤ ਦੇ ਐਲਾਨ ਹੋਣ ਲੱਗੇ। ਪਰ ਅੰਤ ਨੂੰ ਸਭ ਕੁੱਝ ਖਿੰਡ-ਖੱਪਰ ਗਿਆ। ਲੱਗਭਗ ਇੱਕ ਦਹਾਕੇ ਬਾਅਦ, ਇਸ ਲਹਿਰ ਦੀ ਅਗਵਾਈ ਕਰਨ ਵਾਲ਼ੇ ਲੋਕ ਬੁਰਜੂਆ ਢਾਂਚੇ ਵਿੱਚ ਇੱਧਰ-ਉੱਧਰ ਉੱਚੇ ਅਹੁਦਿਆਂ ਉੱਤੇ ਸੈੱਟ ਹੋ ਗਏ ਜਾਂ ਬੁਰਜੂਆ ਬੁੱਧੀਜੀਵੀ ਬਣ ਗਏ। ਫਰਾਂਸੀਸੀ ਸੱਤਾ ਅਤੇ ਸਮਾਜ ਦਾ ਢਾਂਚਾ ਉਵੇਂ ਦਾ ਉਵੇਂ ਬਣਿਆ ਰਿਹਾ। ਉਂਝ ਕਹਿਣ ਨੂੰ 1968 ਦੀ ਫਰਾਂਸੀਸੀ ਲਹਿਰ ਵਿੱਚ ਸਮਾਰਾਜਵਾਦ-ਵਿਰੋਧੀ ਅਤੇ ਸਮਾਜਵਾਦ ਦੇ ਨਾਅਰਿਆਂ ਨੂੰ ਕੇਂਦਰੀ ਥਾਂ ਪ੍ਰਾਪਤ ਸੀ। ਲੈਨਿਨ ਅਤੇ ਮਾਓ ਦੇ ਬਿੱਲੇ ਵਿਦਿਆਰਥੀਆਂ ਵਿੱਚ ਕਾਫ਼ੀ ਹਰਮਨ ਪਿਆਰੇ ਸਨ। ਪਰ ਸਮਾਜਵਾਦ ਪ੍ਰਤੀ ਵਿਦਿਆਰਥੀਆਂ ਦਾ ਇਹ ਰੁਝਾਨ ਵਿਗਿਆਨਕ ਨਾ ਹੋ ਕੇ ਰੁਮਾਨੀ ਸੀ। ਲਹਿਰ ਵਿੱਚ ਕੋਈ ਯੋਜਨਾ ਨਹੀਂ ਸਗੋਂ ਇੱਕ ਆਪ ਮੁਹਾਰੀ ਅਰਾਜਕਤਾ ਸੀ ਅਤੇ ਮਜ਼ਦੂਰ ਜਮਾਤ ਨੂੰ ਨਾਲ਼ ਲੈਣ ਦੀ ਕੋਈ ਸੁਚੇਤ ਕੋਸ਼ਿਸ਼ ਸੀ ਹੀ ਨਹੀਂ। ਫਰਾਂਸ ਵਿੱਚ ਛੋਟੇ-ਮੋਟੇ ਪ੍ਰਭਾਵਹੀਣ ਗਰੁੱਪਾਂ ਤੋਂ ਇਲਾਵਾ, ਮਜ਼ਦੂਰ ਜਮਾਤ ਦੀ ਅਜਿਹੀ ਕੋਈ ਇਨਕਲਾਬੀ ਪਾਰਟੀ ਵੀ ਨਹੀਂ ਸੀ ਜੋ ਉਸ ਵਿਦਿਆਰਥੀ ਲਹਿਰ ਉੱਤੇ ਵਿਚਾਰਕ ਹੈਜਮਨੀ ਕਾਇਮ ਕਰਕੇ ਅਤੇ ਉਸਨੂੰ ਮਜ਼ਦੂਰ ਜਮਾਤ ਦੇ ਸੰਘਰਸ਼ ਨਾਲ਼ ਜੋੜਨ ਦੀ ਕੋਸ਼ਿਸ਼ ਕਰਦੀ। ਇਹਨਾਂ ਸਭ ਦਾ ਨਤੀਜਾ ਉਸੇ ਰੂਪ ਵਿੱਚ ਸਾਹਮਣੇ ਆਉਣਾ ਸੀ, ਜਿਸ ਰੂਪ ਵਿੱਚ ਆਇਆ। ਬਿਨਾਂ ਸ਼ੱਕ, ਇਸ ਵਿਦਿਆਰਥੀ ਲਹਿਰ ਦੀ ਠੋਸ ਰੂਪ ਵਿੱਚ ਅਗਾਂਹਵਧੂ ਭੂਮਿਕਾ ਸੀ। ਇਸਨੇ ਸਾਮਰਾਜਵਾਦੀ ਦੁਨੀਆਂ ਦੀਆਂ ਅੰਦਰੂਨੀ ਵਿਰੋਧਤਾਈਆਂ ਉਜਾਗਰ ਕਰਨ ਨਾਲ਼ ਹੀ ਉਸਨੂੰ ਇੱਕ ਝਟਕਾ ਦਿੱਤਾ ਅਤੇ ਸਾਰੀ ਦੁਨੀਆਂ ਦੇ ਕਿਰਤੀਆਂ ਅਤੇ ਇਨਕਲਾਬੀ ਨੌਜਵਾਨਾਂ ਉੱਪਰ ਵੀ ਉਸਦਾ ਇੱਕ ਹਾਂ-ਪੱਖੀ ਪ੍ਰਭਾਵ ਪਿਆ। ਪਰ ਦੂਰ ਰਸ ਰੂਪ ਵਿੱਚ ਵੇਖੀਏ ਤਾਂ ਇਹ ਤਬਦੀਲੀ ਦੀ ਕਿਸੇ ਨਵੀਂ ਲਹਿਰ ਦਾ ਸੂਤਰਧਾਰ ਨਹੀਂ ਬਣ ਸਕੀ। ਇਸਦਾ ਮੁੱਖ ਕਾਰਨ ਵਿਦਿਆਰਥੀ ਅਬਾਦੀ ਦੇ ਨਿਮਨ-ਪੂੰਜੀਵਾਦੀ ਚਰਿੱਤਰ, ਉਸਦੀ ਅਰਾਜਕਤਾਵਾਦੀ ਵਿਚਾਰਧਾਰਾ ਅਤੇ ਕਿਰਤੀ ਲੋਕਾਂ ਤੋਂ ਉਸ ਦੀ ਦੂਰੀ ਵਿੱਚ ਵੇਖਿਆ ਜਾ ਸਕਦਾ ਹੈ।

ਦੂਜਾ ਪ੍ਰਤੀਨਿਧੀ ਉਦਾਹਰਨ 1974 ਦੀ ਭਾਰਤੀ ਵਿਦਿਆਰਥੀ-ਨੌਜਵਾਨ ਲਹਿਰ ਤੋਂ ਲਿਆ ਜਾ ਸਕਦਾ ਹੈ। ਇਸ ਵਿੱਚ ਮੂਹਰੈਲ ਭੂਮਿਕਾ ਪਿੰਡਾਂ-ਸ਼ਹਿਰਾਂ ਦੇ ਉਹਨਾਂ ਰੈਡੀਕਲ ਮੱਧਵਰਗੀ ਵਿਦਿਆਰਥੀਆਂ ਦੀ ਸੀ, ਜਿਹਨਾਂ ਦਾ ਅਜ਼ਾਦ ਭਾਰਤ ਦੇ ਹਾਕਮਾਂ ਦੀਆਂ ਨੀਤੀਆਂ ਤੋਂ ਮੋਹ ਭੰਗ ਹੋ ਚੁੱਕਿਆ ਸੀ। ਵਧਦੀ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨੇਤਾਸ਼ਾਹੀ ਅਤੇ ਨੌਕਰਸ਼ਾਹੀ ਵਿਰੁੱਧ ਵਿਦਿਆਰਥੀਆਂ ਦਾ ਆਪ ਮੁਹਾਰਾ ਵਿਸਫੋਟਕ ਗੁੱਸਾ ਗੁਜਾਰਤ, ਬਿਹਾਰ ਅਤੇ ਫੇਰ ਦੇਸ਼ ਦੇ ਜ਼ਿਆਦਾਤਰ ਹਿੱਸੇ ਵਿੱਚ ਸੜਕਾਂ ਉੱਤੇ ਹੜ੍ਹ ਦੇ ਰੂਪ ਵਿੱਚ ਵਹਿ ਨਿਕਲਿਆ। ਇਸ ਢਾਂਚੇ-ਵਿਰੋਧੀ ਵਿਦਿਆਰਥੀ ਲਹਿਰ ਦੀ ਨਾ ਤਾਂ ਕੋਈ ਸਪੱਸ਼ਟ ਵਿਚਾਰਧਾਰਾ ਸੀ, ਨਾ ਸੁਲਝੀ ਹੋਈ ਲੀਡਰਸ਼ਿਪ ਸੀ, ਨਾ ਹੀ ਕੋਈ ਸਪੱਸ਼ਟ ਪ੍ਰੋਗਰਾਮ ਸੀ। ਉਸ ਸਮੇਂ ਸੋਧਵਾਦੀ ਸੰਸਦਮਾਰਗੀ ਕਮਿਊਨਿਸਟਾਂ ਤੋਂ ਤੋੜ-ਵਿਛੜਾ ਕਰਕੇ ਜੋ ਇਨਕਲਾਬੀ ਕਮਿਊਨਿਸਟ ਦੇਸ਼ ਦੇ ਵੱਖ-2 ਹਿੱਸਿਆਂ ਵਿੱਚ ਕੰਮ ਕਰ ਰਹੇ ਸਨ ਅਤੇ ਸੱਤਾ ਦੇ ਭਿਅੰਕਰ ਦਮਨ ਦੇ ਬਾਵਜੂਦ ਜੋ ਕਾਫ਼ੀ ਪ੍ਰਭਾਵੀ ਸਨ, ਉਹਨਾਂ ਨੇ ਮੁੱਖ ਤੌਰ 'ਤੇ ਦਹਿਸ਼ਤਗਰਦ ਭਟਕਾਅ ਵਜੋਂ (ਜੋ ਦਹਿਸ਼ਤਵਾਦੀ ਭਟਕਾਅ ਦਾ ਸ਼ਿਕਾਰ ਨਹੀਂ ਸਨ, ਉਹਨਾਂ ਕੋਲ ਵੀ ਕੋਈ ਸਪੱਸ਼ਟ ਬਦਲਵਾਂ ਰਾਹ ਜਾਂ ਜਨਤਕ ਲੀਹ ਦੀ ਸਮਝ ਨਹੀਂ ਸੀ) ਵਿਦਿਆਰਥੀਆਂ-ਨੌਜਵਾਨਾਂ ਦੇ ਉਭਾਰ ਵਿੱਚ ਪ੍ਰਭਾਵੀ ਦਖਲਅੰਦਾਜ਼ੀ ਕਰਨ ਦੀ ਕੋਈ ਕੋਸ਼ਿਸ਼ ਹੀ ਨਹੀਂ ਕੀਤੀ। ਆਪਣੀ ਕੁਦਰਤੀ ਅਰਾਜਕਤਾਵਾਦੀ ਅਤੇ ਆਪਮੁਹਾਰਤਾਵਾਦੀ ਜਮਾਤੀ-ਪ੍ਰਵਿਰਤੀ ਨਾਲ਼ ਵਿਦਿਆਰਥੀ ਲਹਿਰ ਅੱਗੇ ਵਧਦੀ ਗਈ ਅਤੇ ਮੌਕਾ ਦੇਖਕੇ ਜੈ ਪ੍ਰਕਾਸ਼ ਨਾਰਾਯਣ ਨੇ "ਸੰਪੂਰਣ ਇਨਕਲਾਬ" ਅਤੇ "ਪਾਰਟੀ ਰਹਿਤ ਪ੍ਰਜਾ" ਦੇ ਲੋਕ ਲੁਭਾਊ ਨਾਅਰੇ ਨਾਲ਼ ਉਸਦੀ ਅਗਵਾਈ ਹੜਪ ਲਈ। ਐਮਰਜੈਂਸੀ ਦੌਰਾਨ ਵੀ ਨਿਰੰਕੁਸ਼ਤਾ ਵਿਰੋਧੀ ਸੰਘਰਸ਼ ਦੀ ਮੁੱਖ ਤਾਕਤ ਵਿਦਿਆਰਥੀ ਨੌਜਵਾਨ ਹੀ ਸਨ। ਪਰ ਇਸ ਸਾਰੇ ਸੰਘਰਸ਼ ਦਾ ਅੰਤਿਮ ਨਤੀਜਾ ਇਹ ਸੀ ਕਿ 1977 ਵਿੱਚ ਜਨਤਾ ਪਾਰਟੀ ਹਕੂਮਤ ਦੀ ਸਥਾਪਨਾ ਅਤੇ ਫਿਰ ਪਤਣ ਅਤੇ ਜਨਤਾ ਪਾਰਟੀ ਦਾ ਖਿੰਡਣਾ। ਜਨਤਾ ਪਾਰਟੀ ਦੇ ਵੱਖ-ਵੱਖ ਹਿੱਸੇ ਬੁਰਜੂਆ ਰਾਜਨੀਤੀ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਗਏ ਅਤੇ 1974 ਦੀ ਵਿਦਿਆਰਥੀ ਲਹਿਰ ਦੇ ਜ਼ਿਆਦਾਤਰ ਆਗੂ ਅੱਜ ਵੱਖ-ਵੱਖ ਬੁਰਜੂਆ ਪਾਰਟੀਆਂ ਵਿੱਚ ਵੱਡੇ ਆਗੂ ਹਨ। ਜੋ ਬੁਰਜੂਆ ਰਾਜਨੀਤੀ ਦੀ ਮੁੱਖ ਧਾਰਾ ਵਿੱਚ ਥਾਂ ਪ੍ਰਾਪਤ ਨਹੀਂ ਕਰ ਸਕੇ ਉਹ ਅੱਜ ਗਾਂਧੀਵਾਦੀ ਸੰਸਥਾਵਾਂ ਅਤੇ ਐਨ.ਜੀ.ਓ. ਰਾਜਨੀਤੀ ਦੇ ਮਠ-ਮੁਖੀਆਂ ਦੇ ਰੂਪ ਵਿੱਚ ਪੂੰਜੀਵਾਦੀ ਢਾਂਚੇ ਦੇ ਨਵੇਂ ਸੇਫ਼ਟੀਵਾਲਵ ਦਾ ਕੰਮ ਕਰ ਰਹੇ ਹਨ ਅਤੇ ਜੋ ਇਹ ਵੀ ਨਹੀਂ ਕਰ ਸਕੇ ਉਹ ਬੁੱਕ ਸਟਾਲਾਂ 'ਤੇ ਕਿਤਾਬਾਂ ਵੇਚ ਰਹੇ ਹਨ, ਗਾਂਧੀਵਾਦੀ ਸੰਸਥਾਵਾਂ ਦੇ ਦਫ਼ਤਰਾਂ ਵਿੱਚ ਕਿਰਾਨੀਗਿਰੀ ਕਰ ਰਹੇ ਹਨ ਜਾਂ ਹਰ ਕਿਸਮ ਦੀ ਰਾਜਨੀਤਕ ਸਰਗਰਮੀ ਤੋਂ ਮੂੰਹ ਮੋੜ ਕੇ ਅਲਹਿਦਗੀ ਦੀ ਮਾਨਸਿਕਤਾ ਵਿੱਚ ਕੋਈ ਰੁਜ਼ਗਾਰ ਕਰਦੇ ਹੋਏ ਘਰ-ਬਾਰ ਸੰਭਾਲ ਰਹੇ ਹਨ। ਇਹਨਾਂ ਸਭ ਦਾ ਨਿਚੋੜ ਇਕਦਮ ਸਾਫ਼ ਹੈ। ਵਿਦਿਆਰਥੀ ਲਹਿਰ ਜੇ ਮਜ਼ਦੂਰਾਂ ਦੇ ਸੰਘਰਸ਼ਾਂ ਨਾਲ਼

ਅਤੇ ਉਹਨਾਂ ਦੀ ਮੁਕਤੀ ਦੇ ਵਿਆਪਕ ਪ੍ਰੋਜੈਕਟ ਨਾਲ਼ ਆਪਣੇ ਆਪ ਨੂੰ ਨਹੀਂ ਜੋੜਦੀ ਤਾਂ ਆਪਣੇ ਸਭ ਰੈਡੀਕਲ ਖਾਸੇ ਦੇ ਬਾਵਜੂਦ ਖਿੰਡ ਜਾਂਦੀ ਹੈ, ਉਸਦੇ ਆਗੂ ਤੱਤਾਂ ਦਾ ਵੱਡਾ ਹਿੱਸਾ ਬੁਰਜੂਆ ਰਾਜਨੀਤੀ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਜਾਂਦਾ ਹੈ ਅਤੇ ਬੁਰਜੂਆ ਢਾਂਚੇ ਵਿੱਚ ਰਚ-ਮਿਚ ਜਾਂਦਾ ਹੈ। ਬੁਨਿਆਦੀ ਅਤੇ ਮੁੱਖ ਖਾਸਾ (ਕਾਲਜਾਂ-ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੀ ਜਮਾਤੀ ਬਣਤਰ ਦੀ ਨਜ਼ਰ ਤੋਂ) ਮੱਧ ਵਰਗੀ ਹੋਣ ਕਾਰਨ "ਸੁਤੰਤਰ" ਅਤੇ "ਆਪਣੇ ਆਪ 'ਤੇ ਨਿਰਭਰ" ਵਿਦਿਆਰਥੀ ਲਹਿਰਾਂ ਦੀ ਹੋਣੀ ਅਤੇ ਅੰਤਮ ਨਤੀਜਾ ਇਸ ਤੋਂ ਭਿੰਨ ਕੁੱਝ ਹੋ ਵੀ ਨਹੀਂ ਸਕਦਾ।

ਅਤੇ ਗੱਲ ਸਿਰਫ਼ ਏਨੀ ਹੀ ਨਹੀਂ ਹੈ। ਕੈਂਪਸਾਂ ਦੀ ਵਿਦਿਆਰਥੀ ਅਬਾਦੀ ਆਪਣੀ ਸੁਭਾਵਕ ਨਿਮਨ-ਪੂੰਜੀਵਾਦੀ ਪ੍ਰਵਿਰਤੀ ਵਜੋਂ. ਜੇਕਰ ਖੱਬੇਪੱਖੀ ਵਿਚਾਰਾਂ ਦੇ ਪ੍ਰਭਾਵ ਵਿੱਚ ਆ ਵੀ ਜਾਂਦੀ ਹੈ ਤਾਂ ਸੰਸਦਮਾਰਗੀ ਖੱਬੇਪੱਖੀਆਂ ਦਾ ਸੁਧਾਰਵਾਦ ਉਹਨਾਂ ਨੂੰ ਵੱਧ ਰਾਸ ਆਉਂਦਾ ਹੈ, ਕਿਉਂਕਿ ਉਸ ਵਿੱਚ ਕੋਈ ਜੋਖਿਮ ਨਹੀਂ ਹੁੰਦਾ, ਆਪਣੀ ਬੁਰਜੂਆ ਯੋਗਤਾ ਦੇ ਜ਼ੋਰ 'ਤੇ ਤਰੱਕੀ ਦੀ ਪੌੜੀ ਚੜ੍ਹਨ ਦਾ ਸਕੋਪ ਉੱਥੇ ਵੱਧ ਹੁੰਦਾ ਹੈ ਅਤੇ ਵਿਆਪਕ ਕਿਰਤੀ ਅਬਾਦੀ ਦੀ ਔਖੀ ਜ਼ਿੰਦਗੀ ਅਤੇ ਸੰਘਰਸ਼ਾਂ ਵਿੱਚ ਸ਼ਮੂਲੀਅਤ ਦੀ ਕੋਈ ਪਰੇਸ਼ਾਨੀ ਨਹੀਂ ਚੁੱਕਣੀ ਪੈਂਦੀ। ਜੋ ਜ਼ਿਆਦਾ ਰੈਡੀਕਲ ਰੁਝਾਨ ਵਾਲ਼ੇ ਥੋੜੇ ਜਿਹੇ ਵਿਦਿਆਰਥੀ ਹੁੰਦੇ ਹਨ, ਉਹ ਨਿਮਨ-ਬੁਰਜੂਆ ਇਨਕਲਾਬਵਾਦ ਦੇ ਰਾਹ ਦਾ ਸ਼ਿਕਾਰ ਹੁੰਦੇ ਹਨ। ਵਿਆਪਕ ਕਿਰਤੀ ਲੋਕਾਂ ਉੱਪਰ ਉਹਨਾਂ ਨੂੰ ਭਰੋਸਾ ਨਹੀਂ ਹੁੰਦਾ ਅਤੇ ਤੁਰਤ-ਫੁਰਤ ਇਨਕਲਾਬ ਕਰ ਦੇਣ ਦੀ ਪ੍ਰਵਿਰਤੀ ਉਹਨਾਂ ਨੂੰ ਦਹਿਸ਼ਤਗਰਦੀ ਦੇ ਰਾਹ ਵੱਲ ਲੈ ਜਾਂਦੀ ਹੈ। ਵਿਦਿਆਰਥੀ ਜੀਵਨ ਵਿੱਚ ਖੱਬੇਪੱਖੀ ਫਿਕਰਿਆਂ-ਮੁਹਾਵਰਿਆਂ ਦੀ ਜੁਗਾਲ਼ੀ ਕਰਨ ਵਾਲ਼ੇ ਬਹੁਤ ਸਾਰੇ ਵਿਦਿਆਥੀ ਜਾਂ ਤਾਂ ਕਿਸੇ ਸੰਸਦਮਾਰਗੀ ਖੱਬੇਪੱਖੀ ਪਾਰਟੀ ਦੇ ਲੀਡਰ ਜਾਂ ਐਨ.ਜੀ.ਓ. ਸੁਧਾਰਵਾਦ ਦੇ ਸਰਗਣੇ ਬਣ ਜਾਂਦੇ ਹਨ, ਜਾਂ ਨਵ-ਖੱਬੇਪੱਖੀ ਅਕਾਦਮਿਸ਼ਿਅਨ ਬਣ ਜਾਂਦੇ ਹਨ ਜਾਂ ਫੇਰ ਮੀਡੀਆ ਕਰਮਚਾਰੀ ਜਾਂ ਨੌਕਰਸ਼ਾਹ ਬਣ ਜਾਂਦੇ ਹਨ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਜਿਹੇ ਸੁਵਿਧਾਮਈ ਟਾਪੂ ਦੀ ਖੱਬੇਪੱਖੀ ਵਿਦਿਆਰਥੀ ਰਾਜਨੀਤੀ ਜੇਕਰ ਸਾਰੀਆਂ ਸੋਧਵਾਦੀ ਪਾਰਟੀਆਂ ਲਈ ਪ੍ਰਭਾਵੀ ਭਰਤੀ ਕੇਂਦਰ ਦਾ ਕੰਮ ਕਰਦੀ ਹੈ ਅਤੇ ਕਦੇ-ਕਦਾਈਂ ਉਥੋਂ ਨਿਕਲੇ ਕੁੱਝ ਵਿਦਿਆਰਥੀ ਜੇਕਰ ਦਹਿਸ਼ਤਵਾਦੀ ਖੱਬੀ ਰਾਜਨੀਤੀ ਦਾ ਰਾਹ ਫੜ ਲੈਂਦੇ ਹਨ ਤਾਂ ਇਸ ਵਿੱਚ ਜ਼ਰ੍ਹਾ ਵੀ ਅਚੰਭੇ ਦੀ ਗੱਲ ਨਹੀਂ ਹੈ।

ਇੱਕ ਸੱਚੀ ਇਨਕਲਾਬੀ ਰਾਜਨੀਤੀ ਦਾ ਮਤਲਬ ਕੇਵਲ ਫੀਸਾਂ ਦੇ ਵਾਧੇ ਵਿਰੁੱਧ ਲੜਨਾ, ਮੈੱਸ ਵਿੱਚ ਖਰਾਬ ਖਾਣੇ ਨੂੰ ਲੈ ਕੇ ਲੜਨਾ, ਹੋਸਟਲਾਂ ਦੀ ਸੰਖਿਆ ਵਧਾਉਣ ਲਈ ਲੜਨਾ ਜਾਂ ਇਥੋਂ ਤੱਕ ਕਿ ਰੁਜ਼ਗਾਰ ਲਈ ਲੜਨਾ ਹੀ ਨਹੀਂ ਹੋ ਸਕਦਾ। ਇਨਕਲਾਬੀ ਵਿਦਿਆਰਥੀ ਰਾਜਨੀਤੀ ਉਹੀ ਹੋ ਸਕਦੀ ਹੈ ਜੋ ਕੈਂਪਸਾਂ ਦੀ ਹੱਦਬੰਦੀ ਨੂੰ ਤੋੜਕੇ ਵਿਦਿਆਰਥੀਆਂ ਨੂੰ ਵਿਆਪਕ ਕਿਰਤੀ ਲੋਕਾਂ ਦੇ ਜੀਵਨ ਅਤੇ ਸੰਘਰਸ਼ਾਂ ਨਾਲ਼ ਜੋੜਨ ਲਈ ਤਿਆਰ ਕਰੇ ਅਤੇ ਉਹਨਾਂ ਨੂੰ ਇਸਦਾ ਠੋਸ ਪ੍ਰੋਗਰਾਮ ਦੇਵੇ। ਅਜਿਹਾ ਕੀਤੇ ਬਿਨਾਂ ਮੱਧਵਰਗੀ ਵਿਦਿਆਰਥੀ ਆਪਣੇ ਜਮਾਤੀ ਦ੍ਰਿਸ਼ਟੀਕੋਣ ਦੀ ਹੱਦ ਨੂੰ ਟੱਪ ਨਹੀਂ ਸਕਦੇ। ਇਨਕਲਾਬੀ ਤਬਦੀਲੀ ਦੀ ਭਾਵਨਾ ਵਾਲ਼ੇ ਵਿਦਿਆਰਥੀਆਂ ਨੂੰ ਰਾਜਨੀਤਕ ਸਿੱਖਿਆ ਅਤੇ ਪ੍ਰਚਾਰ ਦੁਆਰਾ ਇਹ ਦੱਸਣਾ ਹੋਵੇਗਾ ਕਿ ਮਜ਼ਦੂਰ ਜਮਾਤ ਅਤੇ ਵਿਆਪਕ ਕਿਰਤੀ ਲੋਕਾਂ ਦੇ ਸੰਘਰਸ਼ਾਂ ਨਾਲ਼ ਆਪਣੇ ਸੰਘਰਸ਼ਾਂ ਨੂੰ ਜੋੜੇ ਬਿਨਾਂ ਉਹ ਉਸ ਪੂੰਜੀਵਾਦੀ ਢਾਂਚੇ ਨੂੰ ਕਦੇ ਵੀ ਨਸ਼ਟ ਨਹੀਂ ਕਰ ਸਕਦੇ ਜੋ ਸਭ ਸਮੱਸਿਆਵਾਂ ਦੀ ਜੜ੍ਹ ਹੈ। ਵਿਆਪਕ ਕਿਰਤੀ ਲੋਕਾਂ ਦੇ ਜੀਵਨ ਅਤੇ ਸੰਘਰਸ਼ਾਂ ਵਿੱਚ ਹਿੱਸਾ ਲੈ ਕੇ ਹੀ ਮੱਧਵਰਗੀ ਵਿਦਿਆਰਥੀ ਅਰਾਜਕਤਾਵਾਦ, ਵਿਅਕਤੀਵਾਦ ਅਤੇ ਮਜ਼ਦੂਰ ਜਮਾਤ ਪ੍ਰਤੀ ਨਫ਼ਰਤ-ਭਾਵਨਾ ਦੀ ਪ੍ਰਵਿਰਤੀ ਤੋਂ ਮੁਕਤ ਹੋ ਸਕਦੇ ਹਨ ਅਤੇ ਸੱਚੇ ਅਰਥਾਂ ਵਿੱਚ ਇਨਕਲਾਬੀ ਬਣ ਸਕਦੇ ਹਨ।

ਮਾਓ ਜ਼ੇ-ਤੁੰਗ ਨੇ ਲਿਖਿਆ ਹੈ "ਬੁੱਧੀਜੀਵੀ ਲੋਕ ਜਦ ਤੱਕ ਤਨ-ਮਨ ਤੋਂ ਇਨਕਲਾਬੀ ਲੋਕ ਸੰਘਰਸ਼ਾਂ ਵਿੱਚ ਨਹੀਂ ਕੁੱਦ ਪੈਂਦੇ, ਭਾਵ ਆਮ ਲੋਕਾਂ ਦੇ ਹਿੱਤਾਂ ਦੀ ਸੇਵਾ ਕਰਨ ਅਤੇ ਉਸ ਨਾਲ਼ ਇੱਕ ਰੂਪ ਹੋ ਜਾਣ ਦਾ ਪੱਕਾ ਇਰਾਦਾ ਨਹੀਂ ਕਰ ਲੈਂਦੇ, ਉਦੋਂ ਤੱਕ ਉਹਨਾਂ ਵਿੱਚ ਅਕਸਰ ਅੰਤਰਮੁਖਤਾ ਅਤੇ ਵਿਅਕਤੀਵਾਦ ਦੀਆਂ ਪ੍ਰਵਿਰਤੀਆਂ ਬਣੀਆਂ ਰਹਿੰਦੀਆਂ ਹਨ, ਉਹਨਾਂ ਦੇ ਵਿਚਾਰ ਗੈਰ ਵਿਵਹਾਰਕ ਹੁੰਦੇ ਹਨ ਅਤੇ ਉਹਨਾਂ ਦੀਆਂ ਕਾਰਵਾਈਆਂ ਵਿੱਚ ਦ੍ਰਿੜ ਨਿਸ਼ਚੇ ਦੀ ਕਮੀ ਬਣੀ ਰਹਿੰਦੀ ਹੈ। ਇਸ ਲਈ ਭਾਵੇਂ ਚੀਨ ਵਿੱਚ ਇਨਕਲਾਬੀ ਬੁੱਧੀਜੀਵੀ ਲੋਕ ਇੱਕ ਹਿਰਾਵਲ ਦਸਤੇ ਦੀ ਭੂਮਿਕਾ ਭਾਵ ਇੱਕ ਪੁਲ਼ ਦੀ ਭੂਮਿਕਾ ਅਦਾ ਕਰ ਸਕਦੇ ਹਨ, ਫਿਰ ਵੀ ਇਹ ਨਹੀਂ ਹੋ ਸਕਦਾ ਕਿ ਉਹਨਾਂ ਵਿੱਚ ਸਾਰੇ ਲੋਕ ਅੰਤ ਤੱਕ ਇਨਕਲਾਬੀ ਬਣੇ ਰਹਿਣਗੇ। ਕੁੱਝ ਲੋਕ ਬੜੀ ਨਾਜ਼ੁਕ ਘੜੀ ਵਿੱਚ ਇਨਕਲਾਬੀ ਸਫ਼ਾਂ ਨੂੰ ਛੱਡ ਜਾਣਗੇ ਅਤੇ ਗੈਰਸਰਗਰਮ ਹੋ ਜਾਣਗੇ, ਇਥੋਂ ਤੱਕ ਕਿ ਉਹਨਾਂ ਵਿੱਚੋਂ ਕੁੱਝ ਲੋਕ ਇਨਕਲਾਬ ਦੇ ਦੁਸ਼ਮਣ ਬਣ ਜਾਣਗੇ। ਬੁੱਧੀਜੀਵੀ ਲੋਕ ਸਿਰਫ਼ ਲੰਬੇ ਸਮੇਂ ਦੇ ਲੋਕ ਸੰਘਰਸ਼ਾਂ ਦੌਰਾਨ ਹੀ ਆਪਣੀਆਂ ਘਾਟਾਂ ਨੂੰ ਦੂਰ ਕਰ ਸਕਦੇ ਹਨ।" (ਮਾਓ ਜ਼ੇ-ਤੁੰਗ : 'ਚੀਨੀ ਇਨਕਲਾਬ ਅਤੇ ਚੀਨੀ ਕਮਿਊਨਿਸਟ ਪਾਰਟੀ', (ਦਿਸੰਬਰ 1939), ਸਮੁੱਚੀਆਂ ਰਚਨਾਵਾਂ, ਅੰਗਰੇਜ਼ੀ ਐਡੀਸ਼ਨ, ਗ੍ਰੰਥ-2, ਪੰਨਾ-322)

ਮਾਓ ਜ਼ੇ-ਤੁੰਗ ਦੀ ਇਹ ਗੱਲ ਭਾਰਤ ਦੇ ਬੁੱਧੀਜੀਵੀਆਂ ਲਈ ਵੀ ਲਾਗੂ ਹੁੰਦੀ ਹੈ ਅਤੇ ਵਿਦਿਆਰਥੀਆਂ ਲਈ ਵੀ ਲਾਗੂ ਹੁੰਦੀ ਹੈ। ਇਨਕਲਾਬੀ ਵਿਦਿਆਰਥੀ ਲਹਿਰ ਦੇ ਪ੍ਰੋਗਰਾਮ ਵਿੱਚ ਇਸ ਗੱਲ ਨੂੰ ਲਾਜ਼ਿਮੀ ਤੌਰ 'ਤੇ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਕਿ ਵਿਦਿਆਰਥੀ ਕਾਰਕੁੰਨਾਂ ਨੂੰ ਕੈਂਪਸ ਦੇ ਸੰਘਰਸ਼ਾਂ ਤੋਂ ਇਲਾਵਾ, ਆਪਣੀ ਪੜ੍ਹਾਈ ਲਿਖਾਈ ਵਿੱਚੋਂ ਸਮਾਂ ਕੱਢਕੇ ਮਜ਼ਦੂਰਾਂ ਵਿਚਕਾਰ ਜਾਣਾ ਚਾਹੀਦਾ ਹੈ, ਛੁੱਟੀਆਂ ਵਿੱਚ ਉਹਨਾਂ ਨਾਲ਼

(ਬਾਕੀ ਹਿੱਸਾ ਸਫ਼ਾ 9 'ਤੇ)

ਸਾਨੂੰ ਮਹਿੰਗ ਉਬਾਲ਼ਿਆ ਦੁੱਧ ਵਾਂਗੂੰ...

—ਲਖਵਿੰਦਰ

ਸਰਕਾਰੀ ਅਰਥਸ਼ਾਸਤਰੀਆਂ ਦੀ ਮੰਨੀਏ ਤਾਂ ਦੇਸ਼ ਦਾ ਅਰਥਚਾਰਾ ਅਭੂਤਪੂਰਵ ਰੂਪ ਵਿੱਚ ਮਜ਼ਬੂਤ ਹੋ ਰਿਹਾ ਹੈ। ਭਾਰਤ ਦੇ ਦੁਨੀਆਂ ਦੀ ਇੱਕ ਵੱਡੀ ਤਾਕਤ ਵਜੋਂ ਉਭਰਨ ਦੀਆਂ ਗੱਲਾਂ ਹੋ ਰਹੀਆਂ ਹਨ। ਦੇਸ਼ ਦੇ ਉਦਯੋਗਪਤੀ ਦੇਸ਼ ਤੋਂ ਬਾਹਰ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿੱਚ ਪੂੰਜੀ ਲਗਾ ਰਹੇ ਹਨ। ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀਆਂ ਦੀ ਲਿਸਟ ਵਿੱਚ ਕਈ ਭਾਰਤੀਆਂ ਦਾ ਨਾਂ ਲਿਖਿਆ ਜਾ ਚੁੱਕਾ ਹੈ। ਕਾਰਾਂ ਸਸਤੀਆਂ ਕਰਦੇ ਹੋਏ ਦੇਸ਼ ਦੇ ਪੂੰਜੀਪਤੀ ਕਹਿ ਰਹੇ ਹੈ ਕਿ ਉਹ ਲੋਕਾਂ ਦੇ ਸੁਪਨੇ ਸਾਕਾਰ ਕਰਨਾ ਚਾਹੁੰਦੇ ਹਨ। ਮੋਬਾਈਲ ਕੰਪਨੀਆਂ ਆਪਣੇ ਰੇਟ ਘੱਟ ਕਰਦੀਆਂ ਜਾ ਰਹੀਆਂ ਹਨ। ਇਸ ਸਾਰੇ ਮਾਹੌਲ ਵਿੱਚ ਖਾਂਦੇ-ਪੀਂਦੇ ਸੰਪੰਨ ਮੱਧਵਰਗੀ ਲੋਕ ਤਾਂ ਇਸ 'ਤਰੱਕੀ' ਨੂੰ ਦੇਖ ਕੇ ਪੂਰੇ ਹੌਸਲੇ ਵਿੱਚ ਹੋਣਗੇ ਪਰ ਦੇਸ਼ ਦੇ ਅਰਥਚਾਰੇ ਵਿੱਚ ਆਈ ਇਸ 'ਤੇਜ਼ੀ' ਅਤੇ 'ਮਜ਼ਬੂਤੀ' ਨੇ ਪਿਛਲੇ ਦਿਨਾਂ ਵਿੱਚ ਗਰੀਬ ਲੋਕਾਂ ਨੂੰ ਜਿਸ ਭਿਅੰਕਰ ਮਹਿੰਗਾਈ ਦਾ ਤੋਹਫਾ ਦਿੱਤਾ ਹੈ ਉਸ ਤੋਂ ਇਹ ਗੱਲ ਆਮ ਲੋਕਾਂ ਨੂੰ ਸਪੱਸ਼ਟ ਹੋ ਗਈ ਹੈ ਕਿ ਪੂੰਜੀਵਾਦੀ ਅਰਥਚਾਰੇ ਦੀ ਅਖੌਤੀ ਤੇਜ਼ੀ ਅਤੇ ਮਜ਼ਬੂਤੀ ਨਾਲ਼ ਮਿਹਨਤਕਸ਼ ਲੋਕਾਂ ਦੀਆਂ ਹਾਲਤਾਂ ਦਾ ਉਲਟਾ ਸੰਬੰਧ ਹੁੰਦਾ ਹੈ। ਇੱਕ ਤਾਂ ਪਹਿਲੋਂ ਹੀ ਜਦੋਂ ਇਸ ਸ਼ਿਖ਼ਰਾਂ 'ਤੇ ਪਹੁੰਚੇ ਅਰਥਚਾਰੇ ਨੇ ਦੇਸ਼ ਦੇ 80 ਕਰੋੜ ਤੋਂ ਵੀ ਲੋਕਾਂ ਨੂੰ ਆਪਣਾ ਰੋਜ਼ਾਨਾ ਗੁਜ਼ਾਰਾ ਮਹਿਜ 20 ਰੁਪਏ ਵਿੱਚ ਕਰਨ 'ਤੇ ਮਜ਼ਬੂਰ ਕੀਤਾ ਹੈ ਉੱਥੇ ਰੋਜ਼ਾਨਾ ਦੀ ਜਿੰਦਗੀ ਵਿੱਚ ਇਸਤੇਮਾਲ ਹੋਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਦੇ ਦੰਦ ਹੋਰ ਵੱਡੇ ਅਤੇ ਤਿੱਖੇ ਕਰ ਦਿੱਤੇ ਹਨ।

ਇਸ ਵਾਰ ਕੇਂਦਰੀ ਵਿੱਤ ਮੰਤਰੀ ਪੀ.ਚਿਦੰਬਰਮ ਦੁਆਰਾ ਸਲਾਨਾ ਬਜਟ ਪੇਸ਼ ਕਰਨ ਤੋਂ ਚਾਰ-ਪੰਜ ਦਿਨਾਂ ਵਿੱਚ ਹੀ ਲੋਕਾਂ ਨੂੰ ਇਸ ਬਜਟ ਦੀ ਮਾਰ ਝੱਲਣੀ ਪਈ। ਖਾਣਾ ਪਕਾਉਣ ਦਾ ਤੇਲ ਜੋ 50-55 ਰੁਪਏ ਵਿੱਚ ਮਿਲਦਾ ਸੀ ਹੁਣ 75-80 ਰੁਪਏ ਦਾ ਅੰਕੜਾ ਛੂਹ ਰਿਹਾ ਹੈ। ਦੇਸ਼ ਦੇ ਬਹੁਤ ਸਾਰੇ ਹਿਸਿਆਂ ਵਿੱਚ ਤਾਂ ਮਹਿਜ ਪੇਟ ਭਰਨ ਲਈ ਸਭ ਤੋਂ ਖਰਾਬ ਕਿਸਮ ਦੇ ਚਾਵਲ ਜੋ 10-11 ਰੁਪਏ ਪ੍ਰਤੀ ਕਿਲੋ ਦੀ ਕੀਮਤ 'ਤੇ ਮਿਲ ਜਾਂਦੇ ਸਨ ਹੁਣ 16-17 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ਼ ਵਿੱਕ ਰਹੇ ਹਨ। ਮਿੱਟੀ ਦੇ ਤੇਲ ਨੇ ਤਾਂ ਗਰੀਬਾਂ ਦੀਆਂ ਜੇਬਾਂ ਨੂੰ ਅੱਗ ਹੀ ਲਾ ਦਿੱਤੀ ਹੈ। ਮਿੱਟੀ ਦਾ ਤੇਲ ਆਪਣੀ ਪਹਿਲਾਂ ਦੀ ਕੀਮਤ ਤੋਂ ਤਿੰਨ ਗੁਣਾ ਜਿਆਦਾ ਕੀਮਤ 'ਤੇ ਵੇਚਿਆ ਜਾ ਰਿਹਾ ਹੈ ਭਾਵ ਕਿ 9-10 ਰੁਪਏ ਪ੍ਰਤੀ ਲੀਟਰ ਦੀ ਥਾਂ 'ਤੇ ਹੁਣ ਇਹ ਵਿਕਦਾ ਹੈ 30-32 ਰੁਪਏ ਪ੍ਰਤੀ ਲੀਟਰ ਦੀ ਕੀਮਤ 'ਤੇ ! ਆਟੇ ਦੀ 10 ਕਿਲੋਗ੍ਰਾਮ ਦੀ ਬੋਰੀ ਜੋ 100-115 ਰੁਪਏ ਵਿੱਚ ਖਰੀਦੀ ਜਾ ਸਕਦੀ ਹੈ ਹੁਣ ਤੁਹਾਨੂੰ 150 ਦੀ ਕੀਮਤ ਵਿੱਚ ਮਿਲੇਗੀ। ਕਣਕ ਦੀ ਕੀਮਤ ਪਿਛਲੇ ਦਿਨਾਂ ਵਿੱਚ 750 ਰੁਪਏ ਪ੍ਰਤੀ ਕੁਇੰਟਲ ਤੋਂ ਛਾਲ ਮਾਰ ਕੇ 1000 ਰੁਪਏ ਪ੍ਰਤੀ ਕੁਇੰਟਲ 'ਤੇ ਜਾ ਪੁੱਜੀ ਹੈ। ਦਾਲਾਂ ਦੀਆਂ ਕੀਮਤਾਂ ਵਿੱਚ 8 ਤੋਂ 10 ਰੁਪਏ ਪ੍ਰਤੀ ਕਿਲੋਗ੍ਰਾਮ ਦਾ ਵਾਧਾ ਦਰਜ਼ ਕੀਤਾ ਜਾ ਚੁੱਕਾ ਹੈ। ਪੈਟ੍ਰੋਲ ਅਤੇ ਲੋਹੇ ਦੀਆਂ ਕੀਮਤਾਂ ਵਿੱਚ ਜੋ ਵਾਧਾ ਦੇਖਣ ਵਿੱਚ ਆਇਆ ਹੈ ਉਸਦੀ ਕੁੱਲ ਮਿਲਾ ਕੇ ਅੰਤਿਮ ਰੂਪ ਵਿੱਚ ਮਾਰ ਵੀ ਗਰੀਬ ਮਿਹਨਤਕਸ਼ਾਂ ਨੂੰ ਝੱਲਣੀ ਪੈ ਰਹੀ ਹੈ। ਚਾਹੇ ਮੱਧਵਰਗ ਨੂੰ ਤਾਂ ਸਸਤੀਆਂ ਕਾਰਾਂ ਉਪਲੱਬਧ ਹੋ ਵੀ ਜਾਣ ਪਰ ਸਾਈਕਲ ਦੀ ਵੀ ਵੱਧ ਰਹੀ ਕੀਮਤ ਗਰੀਬਾਂ ਤੋਂ ਉਹਨਾਂ ਦਾ ਸਭ ਤੋਂ ਜ਼ਰੂਰੀ ਅਤੇ ਸਸਤਾ ਆਵਾਜਾਈ ਦਾ ਸਾਧਨ ਵੀ ਖੋਹ ਰਹੀ ਹੈ ਅਤੇ ਪੈਦਲ ਹੀ ਚੱਲਣ 'ਤੇ ਮਜ਼ਬੂਰ ਕਰ ਰਹੀ ਹੈ। ਮਹਿੰਗਾਈ ਨੇ ਗਰੀਬ ਲੋਕਾਂ ਦਾ ਸਭ ਕੁਝ ਨਿਚੋੜ ਲੈਣ ਦੀ ਹੱਦ ਤੱਕ ਕਹਿਰ ਢਾਹਿਆ ਹੈ। ਸਟੋਵ ਵਿੱਚ ਮਹਿਜ ਹਵਾ ਭਰਨ ਨਾਲ਼ ਹੀ ਤਾਂ ਪਾਣੀ ਉਬਾਲਿਆ ਨਹੀਂ ਜਾ ਸਕਦਾ। ਕਮਰੇ ਦਾ ਕਰਾਇਆ 1500-2000 ਰੁਪਏ ਤਨਖਾਹ ਪਾਉਣ ਵਾਲ਼ਾ ਮਜ਼ਦੂਰ ਕਦੋਂ ਤੱਕ ਰੋਕ ਕੇ ਰੱਖ ਸਕਦਾ ਹੈ ? ਕੱਪੜਿਆਂ ਨੂੰ ਕਦੋਂ ਤੱਕ ਲੀਰਾਂ ਹੋਣ ਤੋਂ ਬਚਾਇਆ ਜਾ ਸਕਦਾ ਹੈ ? ਬਿਮਾਰੀ ਵਿੱਚ ਕਦੋਂ ਤੱਕ ਬਿਨਾਂ ਦਵਾਈ-ਇਲਾਜ ਤੋਂ ਸਾਹ ਕਾਇਮ ਰੱਖ ਸਕਾਂਗੇ ? ਕੀ ਆਪਣੇ ਬੱਚਿਆਂ ਨੂੰ ਇਸ ਸਾਲ ਵੀ ਸਕੂਲ ਵਿੱਚ ਦਾਖ਼ਲ ਕਰਾ ਸਕਣ ਲਈ ਪੈਸਾ ਜੁਟਾਇਆ ਜਾ ਸਕੇਗਾ ? ਸਾਰੇ ਹੱਦਾਂ ਬੰਨੇ ਟੱਪ ਚੁੱਕੀ ਇਸ ਮਹਿੰਗਾਈ ਵਿੱਚ ਇਹ ਸਵਾਲ ਹਰ ਗਰੀਬ ਮਿਹਨਤਕਸ਼ ਨੂੰ ਹਰ ਪਲ ਤੰਗ ਕਰ ਰਹੇ ਹਨ।

ਪਰ ਉਹ ਵੀ ਹਨ ਜਿਹਨਾਂ ਵਾਸਤੇ ਮਹਿੰਗਾਈ ਵਰਦਾਨ ਸਾਬਿਤ ਹੁੰਦੀ ਹੈ। ਵੱਡੇ ਵੱਡੇ ਕਿਸਾਨ/ਜਿੰਮੀਦਾਰ, ਕੰਪਨੀਆਂ, ਵਪਾਰੀ ਹੀ ਹਨ ਜੋ ਅਜਿਹੀ ਸਥਿਤੀ ਦਾ ਫਾਇਦਾ ਲੈਣ ਲਈ ਹਮੇਸ਼ਾਂ ਹੀ ਅੱਡੀਆਂ ਚੁੱਕ-ਚੁੱਕ ਅਜਿਹੇ ਸਮੇਂ ਦਾ ਇੰਤਜ਼ਾਰ ਕਰਦੇ ਹਨ। ਇਹ ਕਾਲਾਬਾਜ਼ਾਰੀਏ ਆਪਣੇ ਗੋਦਾਮਾਂ, ਸਟੋਰਾਂ ਵਿੱਚ ਜਾਣ ਬੁੱਝ ਕੇ ਜਮ੍ਹਾਂ ਕਰਕੇ ਰੱਖੇ ਅੰਨ ਅਤੇ ਹੋਰ ਸਮਾਨ ਦੀ ਵਿਕਰੀ ਵਧੀਆਂ ਕੀਮਤਾਂ ਉੱਤੇ ਕਰ ਰਹੇ ਹਨ ਅਤੇ ਮਾਲਾ-ਮਾਲ ਹੋ ਰਹੇ ਹਨ। ਸਰਕਾਰ ਅਤੇ ਪ੍ਰਸ਼ਾਸਨ ਇਹਨਾਂ ਨੂੰ ਕਾਬੂ ਕਰਨ ਲਈ ਇਹਨਾਂ ਨੂੰ ਫੜ੍ਹਨ ਦੇ ਇੱਕ ਅੱਧੇ ਕੇਸ ਦੁਆਰਾ ਭਾਂਵੇ ਕਿ ਕਾਲਾਬਾਜ਼ਾਰੀ ਰੋਕਣ ਦਾ ਢੋਂਗ ਕਰ ਸਕਦੇ ਹਨ ਪਰ ਹਰ ਕੋਈ ਜਾਣਦਾ ਹੈ ਕਿ ਸਿਆਸੀ ਲੀਡਰਾਂ, ਪੁਲਿਸ ਅਧਿਕਾਰੀਆਂ ਅਤੇ ਹੋਰ ਸਰਕਾਰੀ ਅਫਸਰਾਂ ਆਦਿ ਦੀ ਮਿਲੀਭੁਗਤ ਸਹਾਰੇ ਕਾਲਾਬਾਜ਼ਾਰੀ ਜ਼ੋਰਾਂ ਸ਼ੋਰਾਂ ਨਾਲ਼ ਚਾਲੂ ਰਹਿੰਦੀ ਹੈ। ਸਭ ਲੁਟੇਰੇ ਇੱਕ ਦੂਜੇ ਤੋਂ ਅੱਗੇ ਹੋ ਕੇ ਭਿਆਨਕ ਤੋਂ ਭਿਆਨਕ ਬਿਪਦਾ ਵਿੱਚ ਵੀ ਲੋਕਾਂ ਨੂੰ ਲੁੱਟਣ ਤੋਂ ਬਾਜ਼ ਨਹੀਂ ਆਉਂਦੇ। ਇਹ ਮਹਿੰਗਾਈ ਤਾਂ ਵੈਸੇ ਵੀ ਇਹਨਾਂ ਲੁਟੇਰੀਆਂ ਜਮਾਤਾਂ ਨੇ ਆਪ ਪੈਦਾ ਕੀਤੀ ਹੈ।

ਰੋਜ਼ਮਰ੍ਹਾ ਦੀ ਜ਼ਰੂਰਤ ਦੀਆਂ ਵਸਤੂਆਂ ਦੀਆਂ ਕੀਮਤਾਂ ਵਧਣ ਤੋਂ ਰੁਕਣ ਦਾ ਨਾਂ ਹੀ ਨਹੀਂ ਲੈ ਰਹੀਆਂ। ਆਏ

ਦਿਨ ਚੀਜ਼ਾਂ ਹੋਰ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ। ਕੇਂਦਰ ਵਿੱਚ ਕਾਂਗਰਸ ਦੀ ਅਗਵਾਈ ਵਿੱਚ ਚਲ ਰਹੀ ਯੂ.ਪੀ.ਏ. ਸਰਕਾਰ ਮਹਿੰਗਾਈ ਉੱਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਦਾ ਪੁਰਜ਼ੋਰ ਦਿਖਾਵਾ ਕਰ ਰਹੀ ਹੈ। ਪਰ ਨਾ ਤਾਂ ਮਨਮੋਹਨ ਅਤੇ ਨਾ ਹੀ ਚਿਦੰਬਰਮ ਦੀ ਵਿਦੇਸ਼ੀ ਪੜ੍ਹਾਈ ਕੰਮ ਆ ਰਹੀ ਹੈ ਅਤੇ ਨਾ ਹੀ ਕਾਂਗਰਸ ਦਾ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੱਕ ਰਾਜ-ਭਾਗ ਚਲਾਉਣ ਦਾ ਤਜ਼ਰਬਾ। ਲਾਲ ਪੂੰਛ ਹਿਲਾਉਂਦੇ ਨਕਲੀ ਖੱਬੇਪੱਖੀ ਵੀ ਆਪਣਾ ਭੌਂਕਣ ਦਾ ਫਰਜ ਅਦਾ ਕਰ ਰਹੇ ਹਨ। ਪਰ ਇਹਨਾਂ ਸਭ ਨੂੰ ਪਤਾ ਹੈ ਕਿ ਪੂੰਜੀਵਾਦੀ ਅਰਥਚਾਰੇ ਵਿੱਚ ਮਹਿੰਗਾਈ ਇੱਕ ਅਜਿਹਾ ਸਾਂਡ ਹੈ ਜਿਸ ਨੂੰ ਕਾਬੂ ਵਿੱਚ ਰੱਖ ਸਕਣਾ ਇਹਨਾਂ ਦੇ ਵੱਸ ਵਿੱਚ ਨਹੀਂ ਹੈ। ਆਖਿਰਕਾਰ ਕਾਂਗਰਸ ਪਾਰਟੀ ਦਾ ਬਿਆਨ ਵੀ ਤਾਂ ਆ ਹੀ ਗਿਆ ਕਿ ਮਹਿੰਗਾਈ ਤਾਂ ਸਾਰੀ ਦੁਨੀਆਂ ਵਿੱਚ ਵਧੀ ਹੈ ਇਸੇ ਲਈ ਭਾਰਤ ਵਿੱਚ ਵੀ ਕੀਮਤਾਂ ਵੱਧ ਰਹੀਆਂ ਹਨ। ਭ੍ਰਿਸ਼ਟਾਚਾਰ ਬਾਰੇ ਵੀ ਇੱਕ ਵਾਰ ਪਹਿਲਾਂ ਕਾਂਗਰਸ ਪਾਰਟੀ ਨੇ ਕਿਹਾ ਸੀ ਕਿ ਜਦੋਂ ਸਾਰੇ ਸੰਸਾਰ ਅੰਦਰ ਹੀ ਭ੍ਰਿਸ਼ਟਾਚਾਰ ਫੈਲਿਆ ਹੋਵੇ ਤਾਂ ਭਾਰਤ ਵਿੱਚ ਇਸ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ। ਪੂੰਜੀਵਾਦੀ ਸੰਸਾਰ ਅੰਦਰ ਇੱਕ ਦੇਸ਼ ਵਿੱਚ ਰਾਜ ਕਰ ਰਹੀ ਇੱਕ ਪਾਰਟੀ ਦੇ ਮੂੰਹੋਂ ਅਜਿਹੇ ਸ਼ਬਦ ਨਿਕਲਣਾ ਕੋਈ ਹੈਰਾਨੀ ਦੀ ਗੱਲ ਨਹੀਂ ਹੈ। ਅਸੀਂ ਤਾਂ ਇਸ ਸੰਬੰਧ ਵਿੱਚ ਬਸ ਏਨਾ ਹੀ ਕਹਿਣਾ ਚਾਹਾਂਗੇ ਕਿ ਜਦੋਂ ਕੁਝ ਵੀ ਸੁਧਾਰ ਸਕਣਾ ਤੁਹਾਡੇ ਵਸ ਵਿੱਚ ਨਹੀਂ ਹੈ ਤਾਂ ਚੋਣਾਂ ਸਮੇਂ ਹੱਥ ਲਹਿਰਾ ਲਹਿਰਾ ਕੇ ਝੂਠੇ ਵਾਅਦੇ ਕਿਉਂ ਕਰਦੇ ਹੋ ? ਅਸਲੀਅਤ ਤਾਂ ਇਹ ਹੈ ਕਿ ਕਾਂਗਰਸ ਸਮੇਤ ਹੋਰ ਸਾਰੀਆਂ ਪਾਰਟੀਆਂ ਜਿਹਨਾਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਅੱਜ ਤੱਕ ਭਾਰਤ ਵਿੱਚ ਰਾਜ ਕੀਤਾ ਹੈ ਉਹਨਾਂ ਦਾ ਲੋਕਾਂ ਦੇ ਪੱਖ ਵਿੱਚ ਕੁਝ ਵੀ ਕਰਨਾ ਕਦੇ ਉਦੇਸ਼ ਰਿਹਾ ਹੀ ਨਹੀਂ। ਇਹਨਾਂ ਸਭ ਨੇ ਅੱਜ ਤੱਕ ਪੂੰਜੀਪਤੀ ਜਮਾਤ ਦੀ ਹੀ ਸੇਵਾ ਕੀਤੀ ਹੈ।

ਗਰੀਬ ਲੋਕਾਂ ਲਈ ਤਾਂ ਹਮੇਸ਼ਾਂ ਹੀ ਮਹਿੰਗਾਈ ਕਾਇਮ ਰਹਿੰਦੀ ਹੈ। ਫਰਕ ਤਾਂ ਸਿਰਫ਼ ਇਹੋ ਹੁੰਦਾ ਹੈ ਕਿ ਕਦੇ ਮਹਿੰਗਾਈ ਕੁੱਝ ਘੱਟ ਹੋ ਸਕਦੀ ਹੈ ਅਤੇ ਕਦੀ ਅਜਿਹਾ ਵੀ ਹੁੰਦਾ ਹੈ ਕਿ ਰੋਜ਼ਾਨਾ ਗੁਜਾਰੇ ਦੀਆਂ ਚੀਜਾਂ ਦੀਆਂ ਵੱਧਦੀਆਂ ਕੀਮਤਾਂ ਦਾ ਤੂਫ਼ਾਨ 12-14 ਘੰਟੇ ਦੀ ਹੱਡ-ਤੋੜ ਮਿਹਨਤ ਤੋਂ ਬਾਅਦ ਆਮਦਨ ਨੂੰ ਹੱਥਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਹਵਾ ਕਰ ਦਿੰਦਾ ਹੈ। ਮੁਨਾਫ਼ੇ ਉੱਤੇ ਅਧਾਰਿਤ ਇਸ ਢਾਂਚੇ ਵਿੱਚ ਗਰੀਬ ਆਦਮੀ ਹੀ ਸਭ ਤੋਂ ਸਸਤਾ ਹੈ। ਉਸਦੀ ਮਿਹਨਤ ਦਾ ਮੁੱਲ ਲਗਾਤਾਰ ਘਟਾਇਆ ਜਾਂਦਾ ਹੈ ਅਤੇ ਉਸ ਦੁਆਰਾ ਹੀ ਸਿਰਜੀਆਂ ਐਸ਼-ਅਰਾਮ ਦੀਆਂ ਵਸਤੂਆਂ ਤੱਕ ਤਾਂ ਉਸਦੀ ਕੀ ਪਹੁੰਚ ਹੋਣੀ ਸੀ ਉਹ ਤਾਂ ਬੁਨਿਆਦੀ ਜ਼ਰੂਰਤ ਦੀਆਂ ਵਸਤੂਆਂ ਤੋਂ ਵੀ ਦੂਰ ਹੁੰਦਾ ਜਾ ਰਿਹਾ ਹੈ। *'ਸਾਨੂੰ ਮਹਿੰਗ ਉਬਾਲ਼ਿਆ ਦੁੱਧ ਵਾਂਗੂੰ, ਤੁਸਾਂ ਪਾਣੀ ਦਾ ਛਿੱਟਾ ਵੀ ਮਾਰਿਆ ਨਾ...'*-ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੇ ਗੀਤ ਦੀਆਂ ਇਹ ਲਾਈਨਾਂ ਗਰੀਬਾਂ ਦੀ ਹੁੰਦੀ ਇਸ ਲੁੱਟ-ਖਸੁੱਟ ਨੂੰ ਪੂਰੀ ਤਰ੍ਹਾਂ ਉਘਾੜ ਕੇ ਪੇਸ਼ ਕਰਦੀਆਂ ਹਨ। ਮੌਜੂਦਾ ਪੂੰਜੀਵਾਦੀ ਢਾਂਚੇ ਵਿੱਚ ਜਿੱਥੇ ਗਰੀਬ ਮਜ਼ਦੂਰਾਂ ਅਤੇ ਮਿਹਨਤਕਸ਼ਾਂ ਨੂੰ ਇੱਕ ਸਧਾਰਨ ਜਿਹੀ ਜਰੂਰਤ ਪੂਰੀ ਕਰਨ ਲਈ ਕੋਈ ਚੀਜ਼ ਖਰੀਦਣ ਲਈ ਹਜ਼ਾਰ ਵਾਰ ਸੋਚਣਾ ਪੈ ਜਾਵੇ, ਉਸਨੂੰ ਤਬਾਹ ਕਰ ਦਿੱਤਾ ਜਾਣਾ ਚਾਹੀਦਾ ਹੈ। ਇਸ ਢਾਂਚੇ ਨੂੰ ਤਬਾਹ ਕਰਨ ਦਾ ਕੰਮ ਵੀ ਮਜ਼ਦੂਰਾਂ ਅਤੇ ਮਿਹਨਤਕਸ਼ਾਂ ਨੇ ਹੀ ਮਿਲ ਕੇ ਕਰਨਾ ਹੈ। ਜਿਹਨਾਂ ਸਰਕਾਰਾਂ, ਪੂੰਜੀਵਾਦੀ ਪਾਰਟੀਆਂ, ਲੀਡਰਾਂ ਆਦਿ ਨੇ ਇਸ ਲੋਟੂ ਪ੍ਰਬੰਧ ਦੀ ਇੱਕ ਇੱਕ ਇੱਟ ਚਿਣੀ ਹੈ, ਉਹਨਾਂ ਦੇ ਭਰੋਸੇ ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣ ਦੀ ਕੋਈ ਅਰਥ ਨਹੀਂ। ਫੌਰੀ ਤੌਰ 'ਤੇ ਵੀ, ਆਪਣੀ ਹਾਲਤ ਵਿੱਚ ਕੁਝ ਸੁਧਾਰ ਲਈ ਜੇ ਅਸੀਂ ਚਾਹੁੰਦੇ ਹਾਂ ਕਿ ਮਹਿੰਗਾਈ ਨੂੰ ਰੋਕਣ ਲਈ ਸਰਕਾਰ ਨੂੰ ਕੋਈ ਛੋਟੀ ਜਿਹੀ ਵੀ ਕੋਸ਼ਿਸ਼ ਕਰਨ ਲਈ ਮਜ਼ਬੂਰ ਕੀਤਾ ਜਾਵੇ ਤਾਂ ਉਸ ਖਾਤਰ ਵੀ ਮਜ਼ਦੂਰਾਂ ਅਤੇ ਮਿਹਨਤਕਸ਼ਾਂ ਨੂੰ ਮਜ਼ਬੂਤ ਇੱਕਜੁਟਤਾ ਬਣਾਕੇ ਸਰਕਾਰ ਖਿਲਾਫ਼ ਸੰਘਰਸ਼ ਦਾ ਝੰਡਾ ਚੁੱਕਣਾ ਹੋਵੇਗਾ।

(ਸਫ਼ਾ 7 ਦਾ ਬਾਕੀ ਹਿੱਸਾ)

ਰਹਿਣਾ ਚਾਹੀਦਾ ਹੈ, ਸਟੱਡੀ ਸਰਕਲਾਂ, ਲਾਈਬ੍ਰੇਰੀਆਂ, ਸਭਿਆਚਾਰਕ-ਰਾਜਨੀਤਕ ਪ੍ਰਚਾਰ ਕੰਮਾਂ ਦੁਆਰਾ ਉਹਨਾਂ ਨੂੰ ਸਿੱਖਿਅਤ ਕਰਨਾ ਚਾਹੀਦਾ ਹੈ, ਉਹਨਾਂ ਦੇ ਸੰਘਰਸ਼ਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਅਤੇ ਆਪਣੀ ਜਮਾਤੀ ਰੂਪਬਦਲੀ ਕਰਨੀ ਚਾਹੀਦੀ ਹੈ। ਭਗਤ ਸਿੰਘ ਅਤੇ ਬੁਟਕੇਸ਼ਵਰ ਦੱਤ ਨੇ 19 ਅਕਤੂਬਰ 1929 ਨੂੰ ਪੰਜਾਬ ਸਟੂਡੈਂਟਸ ਯੂਨੀਅਨ, ਲਾਹੌਰ ਦੀ ਦੂਜੀ ਕਾਂਗਰਸ ਦੇ ਨਾਮ ਜੇਲ੍ਹ ਤੋਂ ਭੇਜੇ ਗਏ ਆਪਣੇ ਸੰਦੇਸ਼ ਵਿੱਚ ਲਿਖਿਆ ਸੀ ਕਿ ਇਨਕਲਾਬ ਦਾ ਸੁਨੇਹਾ ਫੈਕਟਰੀਆਂ-ਕਾਰਖਾਨਿਆਂ, ਗੰਦੀਆਂ ਬਸਤੀਆਂ ਅਤੇ ਪਿੰਡਾਂ ਦੀਆਂ ਝੌਂਪੜੀਆਂ ਵਿੱਚ ਰਹਿਣ ਵਾਲ਼ੇ ਕਰੋੜਾਂ ਕਿਰਤੀਆਂ ਤੱਕ ਪਹੁੰਚਾਉਣਾ ਵਿਦਿਆਰਥੀਆਂ ਨੌਜਵਾਨਾਂ ਦੀ ਜ਼ਿੰਮੇਵਾਰੀ ਹੈ। ਇਹ ਗੱਲ ਅੱਜ ਵੀ ਸਹੀ ਹੈ ਅਤੇ ਇਨਕਲਾਬੀ ਵਿਦਿਆਰਥੀ ਲਹਿਰ ਇਸ ਦੀ ਅਣਦੇਖੀ ਨਹੀਂ ਕਰ ਸਕਦੀ।

ਮਾਓ ਜ਼ੇ-ਤੁੰਗ ਨੇ ਕਿਸੇ ਨੌਜਵਾਨ ਦੇ ਇਨਕਲਾਬੀ ਹੋਣ ਜਾਂ ਨਾ ਹੋਣ ਦੀ ਇੱਕੋ ਇੱਕ ਕਸੌਟੀ ਦੱਸੀ ਸੀ ਕਿ ਉਹ ਨੌਜਵਾਨ ਵਿਆਪਕ ਕਿਰਤੀ ਲੋਕਾਂ ਨਾਲ਼ ਇਕਰੂਪ ਹੋ ਜਾਣਾ ਚਾਹੁੰਦਾ ਹੈ ਜਾਂ ਨਹੀਂ ਅਤੇ ਆਪਣੇ ਅਮਲ ਵਿੱਚ ਉਹ ਅਜਿਹਾ ਕਰਦਾ ਹੈ ਜਾਂ ਨਹੀਂ। (ਮਾਓ-ਜ਼ੇ-ਤੁੰਗ : 'ਨੌਜਵਾਨ ਲਹਿਰ ਦੀ ਦਿਸ਼ਾ', (4 ਮਈ 1939), ਸਮੁੱਚੀਆਂ ਰਚਨਾਵਾਂ, ਗ੍ਰੰਥ-2, ਅੰਗਰੇਜ਼ੀ ਐਡੀਸ਼ਨ, ਪੰਨਾ-246)

ਭਾਰਤ ਦੀ ਵਿਦਿਆਰਥੀ-ਨੌਜਵਾਨ ਲਹਿਰ ਲਈ ਵੀ ਇਹ ਕਸੌਟੀ ਸੌ ਪ੍ਰਤੀਸ਼ਤ ਸਹੀ ਹੈ ਅਤੇ ਅੱਜ ਸਾਨੂੰ ਪੂਰੀ ਮਜ਼ਬੂਤੀ ਨਾਲ਼ ਇਸ ਉੱਤੇ ਅਮਲ ਕਰਨ ਦੀ ਜ਼ਰੂਰਤ ਹੈ। ਉਦੋਂ ਹੀ ਅਸੀਂ ਇਸ ਮੋਰਚੇ ਉੱਤੇ ਅਸਲ ਵਿੱਚ ਇੱਕ ਨਵੀਂ ਸ਼ੁਰੂਆਤ ਕਰ ਸਕਾਂਗੇ ਅਤੇ ਉਸਨੂੰ ਅੱਗੇ ਵਧਾ ਸਕਾਂਗੇ।

ਭਾਰਤੀ ਸੰਸਦ—ਰੌਲ਼ੇ ਰੱਪੇ ਦਾ ਅੱਡਾ

—ਨਵਕਾਸ਼ ਦੀਪ

14 ਵੀਂ ਲੋਕ ਸਭਾ ਸੰਸਦ ਦੇ ਸਰਦ ਰੁੱਤ ਇਜਲਾਸ ਵਿੱਚ ਲੋਕ ਸਭਾ ਸਪੀਕਰ ਸੋਮਨਾਥ ਚੈਟਰਜੀ ਇੱਕ ਵਾਰੀ ਫਿਰ 'ਭਾਵੁਕ' ਹੋ ਗਏ। ਵਿੱਤ ਮੰਤਰੀ ਪੀ. ਚਿੰਦਰਬਮ ਦੁਆਰਾ ਆਰਥਿਕ ਸਰਵੇਖਣ 2007-08 ਜਾਰੀ ਕਰਨ ਤੋਂ ਪਹਿਲਾਂ ਰਾਸ਼ਟਰੀ ਜਨਤਾ ਦਲ ਤੇ 'ਵਿਰੋਧੀ ਪਾਰਟੀਆਂ' ਦੁਆਰਾ 'ਜਨਤਾ ਦੇ ਵੱਖ-ਵੱਖ ਮੁੱਦਿਆ' ਨੂੰ ਲੈ ਕੇ ਕਾਫ਼ੀ ਰੌਲ਼ਾ-ਰੱਪਾ ਪਾਇਆ ਗਿਆ ਜਿਸ ਕਰਕੇ ਸਪੀਕਰ ਚੈਟਰਜੀ ਨੂੰ ਲੋਕ ਸਭਾ ਅਤੇ ਰਾਜ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰਨੀ ਪਈ। ਕਾਰਵਾਈ ਮੁਲਤਵੀ ਕਰਨ ਤੋਂ ਪਹਿਲਾਂ ਕਈ 'ਅਹਿਮ ਮੁੱਦਿਆਂ 'ਤੇ ਚਰਚਾ' ਨਾ ਹੋ ਸਕਣ ਤੋਂ ਭਾਵੁਕ ਹੁੰਦਿਆਂ ਸਪੀਕਰ ਨੇ ਲੋਕ ਸਭਾ ਮੈਂਬਰਾਂ ਨੂੰ ਨਿਹੋਰਾ ਮਾਰਦਿਆਂ ਕਿਹਾ, "ਤੁਸੀਂ ਇਸ ਦੇਸ਼ 'ਚੋਂ ਲੋਕਤੰਤਰ ਮਿਟਾਉਣ ਲਈ ਲੱਕ ਬੰਨ੍ਹ ਕੇ ਜੁਟੇ ਹੋਏ ਹੋ।" ਸੰਸਦ ਦੀਆਂ ਕਾਰਵਾਈਆਂ 'ਵਿਰੋਧੀ ਧਿਰਾਂ' ਦੇ ਰੌਲੇ-ਰੱਪਿਆਂ ਕਰਕੇ ਠੱਪ ਹੋਣ ਦੇ ਮੁੱਦੇ 'ਤੇ ਉਪ-ਰਾਸ਼ਟਰਪਤੀ ਤੋਂ ਲੈ ਕੇ ਵੱਖ-ਵੱਖ ਅਖ਼ਬਾਰ ਤੇ ਬੁੱਧੀਜੀਵੀ ਆਦਿ ਕਈ ਵਾਰੀ ਚਿੰਤਾ ਪ੍ਰਗਟਾ ਚੁੱਕੇ ਹਨ ਪਰ ਫਿਰ ਵੀ 'ਮਾਣਯੋਗ ਸੰਸਦ ਮੈਂਬਰਾਂ' ਨੂੰ ਇਹਨਾਂ ਦੀ ਚਿੰਤਾ ਸਮਝ ਹੀ ਨਹੀਂ ਆ ਰਹੀ।

ਪਿਛਲੇ ਸੱਤ ਸਾਲਾਂ 'ਚ ਸੰਸਦ 'ਚ ਹੋਏ ਕੰਮ-ਕਾਜ ਦਾ ਵੇਰਵਾ

ਪਿਛਲੇ ਸੱਤਾਂ ਸਾਲਾਂ 'ਚ ਦੁਨੀਆ ਦੇ ਸੱਭ ਤੋਂ ਵੱਡੇ ਲੋਕਤੰਤਰ ਭਾਰਤ ਦੀ ਲੋਕ-ਸਭਾ ਵਿੱਚ 'ਕਿੰਨਾ ਜ਼ਿਆਦਾ' ਕੰਮ ਹੋਇਆ ਇਸਦਾ ਅੰਦਾਜ਼ਾ ਖੁਦ ਲੋਕ-ਸਭਾ ਦੀ ਵੈਬ-ਸਾਈਟ 'ਤੇ ਦਿੱਤੇ ਇਹਨਾਂ ਅੰਕੜਿਆਂ ਤੋਂ ਹੀ ਪਤਾ ਲੱਗ ਜਾਂਦਾ ਹੈ। ਸਾਲ 2001 ਵਿੱਚ ਬਜਟ 'ਤੇ ਬਹਿਸ ਵਿੱਚ ਸੰਸਦ ਨੇ 8 ਘੰਟੇ 39 ਮਿੰਟ ਦਾ ਸਮਾਂ ਲਾਇਆ ਜਦੋਂ ਕਿ ਰੌਲੇ-ਰੱਪੇ 'ਤੇ ਹੋਰ ਕਾਰਨਾਂ ਕਰਕੇ ਸੰਸਦ ਦੇ 74 ਘੰਟੇ 18 ਮਿੰਟ ਬਰਬਾਦ ਹੋਏ। ਸੰਨ 2002 ਵਿੱਚ ਬਹਿਸ ਦਾ ਸਮਾਂ 0.00 ਘੰਟੇ (ਯਾਨੀ ਕੋਈ ਬਹਿਸ ਨਹੀਂ) ਜਦੋਂ ਕਿ 66.35 ਘੰਟੇ ਬਰਬਾਦ ਹੋਏ। ਸਾਲ 2003 ਵਿੱਚ 27.34 ਘੰਟੇ ਬਹਿਸ ਤੇ 13.36 ਘੰਟੇ ਬਰਬਾਦ, 2004 'ਚ 17.35 ਘੰਟੇ ਬਹਿਸ ਤੇ 47.16 ਘੱਟੇ ਬਰਬਾਦ, 2005 'ਚ 31.47 ਘੰਟੇ ਬਰਬਾਦ, 2005 'ਚ 31.47 ਘੰਟੇ ਬਹਿਸ ਤੇ 37.39 ਘੰਟੇ ਬਰਬਾਦ, 2006 'ਚ 18.56 ਘੰਟੇ ਬਹਿਸ ਤੇ 35.42 ਘੰਟੇ ਬਰਬਾਦ ਤੇ 2007 'ਚ 32.54 ਘੰਟੇ ਬਹਿਸ ਤੇ 70.13 ਘੰਟੇ ਬਰਬਾਦ ਹੋਏ, ਯਾਨੀ ਕੁੱਲ ਮਿਲਾ ਕੇ ਪਿਛਲੇ 7 ਸਾਲਾਂ ਵਿੱਚ ਸੰਸਦ 'ਚ ਬਜਟ 'ਤੇ 135.25 ਘੰਟੇ ਬਹਿਸ ਹੋਈ ਤੇ 345.19 ਘੰਟੇ ਬਰਬਾਦ ਹੋਏ।

ਵੱਖ-ਵੱਖ ਮੰਤਰਾਲਿਆਂ ਦੁਆਰਾ ਪਾਸ ਕੀਤੀਆਂ ਜਾਣ ਵਾਲੀਆਂ ਗ੍ਰਾਂਟਾਂ ਵਿੱਚੋਂ ਪਿਛਲੇ ਸੱਤ ਸਾਲਾਂ ਦੌਰਾਨ 5% ਤੋਂ ਵੀ ਘੱਟ ਗ੍ਰਾਂਟਾਂ ਹੀ ਵਿਚਾਰ-ਚਰਚਾ ਤੋਂ ਬਾਅਦ ਪਾਸ ਕੀਤੀਆਂ ਗਈਆਂ ਜਦੋਂ ਕਿ ਲਗਭਗ 95% ਤੋਂ ਵੀ ਜ਼ਿਆਦਾ ਗਰਾਂਟਾਂ ਵਿਚਾਰ-ਚਰਚਾ ਦਾ ਸਮਾਂ ਬੀਤ ਜਾਣ ਤੋਂ ਬਾਅਦ ਬਿਨਾਂ ਕਿਸੇ ਵਿਚਾਰ-ਵਿਮਰਸ਼ ਤੋਂ ਹੀ ਪਾਸ ਕਰ ਦਿੱਤੀਆਂ ਗਈਆਂ ਹਨ। ਸਾਲ 2002 ਅਤੇ 2004 ਤਾਂ ਦੋ ਅਜਿਹੇ ਸਾਲ ਸਨ ਜਦੋਂ ਸਾਰੇ ਮੰਤਰਾਲਿਆਂ ਦੀਆਂ ਸਾਰੀਆਂ ਗਰਾਂਟਾਂ ਬਿਨਾ ਕਿਸੇ ਵਿਚਾਰ-ਚਰਚਾ ਤੋਂ ਹੀ ਪਾਸ ਕਰ ਦਿੱਤੀਆਂ ਗਈਆਂ। ਜ਼ਾਹਿਰ ਹੈ ਕਿ ਇਹਨਾਂ ਸੱਤਾਂ ਸਾਲਾਂ ਵਿੱਚ 95% ਤੋਂ ਵੀ ਜ਼ਿਆਦਾ ਗ੍ਰਾਂਟਾਂ ਦਾ ਸਮਾਂ ਸੰਸਦ ਮੈਂਬਰਾਂ ਨੇ ਸ਼ੋਰ-ਸ਼ਰਾਬੇ 'ਚ ਗਵਾ ਦਿੱਤਾ। ਬਿਨਾਂ ਵਿਚਾਰ-ਚਰਚਾ ਤੋਂ ਪਾਸ ਕੀਤੀਆਂ ਗਈਆਂ ਰਕਮਾਂ ਇਸ ਪ੍ਰਕਾਰ ਹਨ:

ਸਾਲ	ਬਿਨਾਂ ਵਿਚਾਰ-ਚਰਚਾ ਤੋਂ ਪਾਸ ਕੀਤੀ ਰਕਮ (ਕਰੋੜਾਂ ਵਿੱਚ)	ਕੁੱਲ ਪਾਸ ਰਕਮਾਂ ਦਾ ਪ੍ਰਤੀਸ਼ਤ
2001	676,794	97.9
2002	768,836	100.0
2003	840,733	99.5
2004	861,678	100.0
2005	1,073,225	94.6
2006	1,073,225	95.3
2007	1,777,910	98.1

ਲੋਕਾਂ ਦੀ ਕਮਾਈ ਦੀ ਬਰਬਾਦੀ

ਹਿੰਦੋਸਤਾਨ ਵਿੱਚ ਸੰਸਦ ਦੀ ਇੱਕ ਘੰਟੇ ਦੀ ਕਾਰਵਾਈ 'ਤੇ ਲੱਗਭਗ 16 ਲੱਖ ਰੁਪਏ ਦਾ ਖਰਚ ਆਉਂਦਾ ਹੈ। ਇਸ ਪ੍ਰਕਾਰ ਪਿਛਲੇ ਸੱਤ ਸਾਲਾਂ ਵਿੱਚ ਭਾਰਤ ਦੇ ਸੰਸਦਾਂ ਮੈਂਬਰਾਂ ਦੇ ਰੌਲੇ-ਰੱਪੇ 'ਤੇ 55 ਕਰੋੜ ਰੁਪਏ ਤੋਂ ਜ਼ਿਆਦਾ ਦਾ ਖਰਚ ਹੋਇਆ। ਖੂਨ-ਪਸੀਨਾ ਇੱਕ ਕਰਕੇ ਲੋਕਾਂ ਦੁਆਰਾ ਪੈਦਾ ਕੀਤੀ ਦੌਲਤ ਦੀ ਬਰਬਾਦੀ ਦੀ ਇਹ ਇੱਕ ਛੋਟੀ ਜਿਹੀ ਝਲਕ ਹੀ ਹੈ। ਰੌਲਾ-ਰੱਪਾ ਪਾਉਣ ਲਈ ਹਰੇਕ ਸੰਸਦ ਮੈਂਬਰ ਨੂੰ ਹਵਾਈ ਜਹਾਜ਼ ਜਾਂ ਰੇਲ ਗੱਡੀ ਦੇ ਮੁਫ਼ਤ ਸਫ਼ਰ ਦੀ ਸੁਵਿਧਾ ਮੁਫ਼ਤ ਦਿੱਤੀ ਜਾਂਦੀ ਹੈ ਤੇ ਨਾਲ਼ ਹੀ 8 ਹਜ਼ਾਰ ਰੁਪਏ ਆਪਣੇ ਚੋਣ ਖੇਤਰਾਂ 'ਚ ਵੋਟਰਾਂ ਨਾਲ ਸੰਪਰਕ ਕਰਨ ਲਈ ਵੀ ਦੇ ਦਿੱਤੇ ਜਾਂਦੇ ਹਨ। ਇਸ ਤੋਂ ਬਿਨਾਂ ਫੋਨ, ਗੱਡੀ, ਏ.ਸੀ., ਬੰਗਲਾ, ਫਰਨੀਚਰ, ਨੌਕਰ-ਚਾਕਰ, ਸਹਾਇਕ ਆਦਿ ਦਾ ਖਰਚਾ ਵੀ ਸੰਸਦ ਮੈਂਬਰਾਂ ਨੂੰ ਨਹੀਂ ਦੇਣਾ ਪੈਂਦਾ—ਇਹ ਵੀ ਲੋਕਾਂ ਕੋਲ਼ੋਂ ਹੀ ਵਸੂਲ ਲਿਆ ਜਾਂਦਾ ਹੈ।

ਭਾਰਤੀ ਲੋਕਤੰਤਰ—ਇੱਕ ਢੋਂਗ

ਲੈਨਿਨ ਨੇ ਬਿਲਕੁਲ ਸਹੀ ਲਿਖਿਆ ਸੀ, "ਰਾਜ ਦੇ ਅਸਲੀ ਕੰਮ ਦੀ ਤਾਮੀਲ ਪਰਦੇ ਪਿੱਛੇ ਕੀਤੀ ਜਾਂਦੀ ਹੈ ਅਤੇ

ਉਸਨੂੰ ਮਹਿਕਮੇ, ਦਫਤਰ ਅਤੇ ਫੌਜੀ ਸਦਰ-ਮੁਕਾਮ ਕਰਦੇ ਹਨ। ਸੰਸਦ ਨੂੰ "ਆਮ ਲੋਕਾਂ" ਨੂੰ ਬੇਵਕੂਫ ਬਣਾਉਣ ਦੇ ਖਾਸ ਮਕਸਦ ਨਾਲ਼ ਬਕਵਾਸ ਕਰਨ ਲਈ ਛੱਡ ਦਿੱਤਾ ਜਾਂਦਾ ਹੈ।" (ਲੈਨਿਨ: ਰਾਜ ਅਤੇ ਇਨਕਲਾਬ)। ਬਿਲਕੁਲ ਸਹੀ, ਸੰਸਦ ਵਿੱਚ ਬਕਵਾਸ ਹੀ ਕੀਤੀ ਜਾਂਦੀ ਹੈ। ਭਾਰਤ ਦੀਆਂ ਸਾਰੀਆਂ ਪਾਰਟੀਆਂ ਪੂੰਜੀਵਾਦ ਦੀ ਹਿਫਾਜ਼ਤ ਲਈ ਇੱਕਜੁਟ ਹਨ। ਨਿੱਜੀਕਰਨ, ਉਦਾਰੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ 'ਤੇ ਸਾਰੀਆਂ ਪਾਰਟੀਆਂ ਦੀ ਆਮ ਸਹਿਮਤੀ ਹੈ। ਜੇ ਇੱਕ ਪਾਰਟੀ ਸੱਤਾ 'ਚ ਹੋਵੇ ਤਾਂ ਦੂਜੀ ਵਿਰੋਧੀ ਪਾਰਟੀ ਸੰਸਦ ਵਿੱਚ ਖੂਬ ਰੌਲਾ ਪਾਉਂਦੀ ਹੈ। ਇਹਨਾਂ 'ਅਖੌਤੀ ਵਿਰੋਧੀਆਂ' ਦਾ ਪੂੰਜੀਵਾਦ ਦੀ ਹਿਫ਼ਾਜ਼ਤ, ਨਿੱਜੀਕਰਨ, ਉਦਾਰੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਬਰਕਰਾਰ ਰੱਖਣ, ਲੋਕਾਂ ਨੂੰ ਆਪਸ ਵਿੱਚ ਧਰਮ, ਜਾਤ, ਸੂਬੇ ਆਦਿ ਦੇ ਨਾਮ 'ਤੇ ਲੜਾਉਣ ਤੇ ਆਮ ਲੋਕਾਂ ਦੀ ਮਿਹਨਤ ਨੂੰ ਲੁੱਟਣ ਦੇ ਮੁੱਦੇ 'ਤੇ ਇਹਨਾਂ ਦਾ ਆਪਸ ਵਿੱਚ ਕੋਈ ਵਿਰੋਧ ਨਹੀਂ ਹੈ। ਜਿੱਥੋਂ ਤੱਕ ਲੋਕ-ਸਭਾ ਸਪੀਕਰ ਸੋਮਨਾਥ ਚੈਟਰਜੀ ਦੇ ਭਾਵੁਕ ਹੋਣ ਦਾ ਸਵਾਲ ਹੈ, ਉਹ ਚੰਗੀ ਤਰਾਂ ਜਾਣਦੇ ਹਨ ਕਿ ਮੀਡੀਆ ਜਰੀਏ ਲੋਕ ਇਸ ਸਾਰੇ ਤਮਾਸ਼ੇ ਦਾ ਸਿੱਧਾ ਪ੍ਰਸਾਰਣ ਵੇਖ ਲੈਂਦੇ ਹਨ। ਉਹ ਜਾਣਦੇ ਹਨ ਕਿ ਹਿੰਦੋਸਤਾਨ ਦਾ ਲੋਕਤੰਤਰ ਅੱਜ ਆਮ ਲੋਕਾਂ ਨੂੰ ਕੁਝ ਵੀ ਨਹੀਂ ਦੇ ਰਿਹਾ ਤੇ ਨਾ ਹੀ ਭਵਿੱਖ 'ਚ ਕੁਝ ਦੇ ਸਕਦਾ ਹੈ। ਨੌਜਵਾਨ ਡਿਗਰੀਆਂ ਲੈ ਕੇ ਧੱਕੇ ਖਾ ਰਹੇ ਹਨ, ਛੋਟੇ ਕਿਸਾਨਾਂ ਦਾ ਪਿੰਡਾਂ ਤੋਂ ਉੱਜੜ ਕੇ ਸ਼ਹਿਰਾਂ ਵੱਲ ਜਾਣਾ ਲਗਾਤਾਰ ਜ਼ਾਰੀ ਹੈ, 9% ਵਿਕਾਸ ਦਰ ਵਿੱਚ ਰੁਜ਼ਗਾਰ ਦਰ 'ਚ ਕਮੀ ਆ ਗਈ ਹੈ, ਦੁਨੀਆਂ ਦੇ ਸਭ ਤੋਂ ਜ਼ਿਆਦਾ ਅਮੀਰਾਂ 'ਚ ਸ਼ਾਮਿਲ ਹੋ ਚੁੱਕੇ ਕੁਝ ਗਿਣਤੀ ਦੇ ਭਾਰਤੀਆਂ ਦੇ ਦੇਸ਼ ਵਿੱਚ ਲੱਗਭਗ 87 ਕਰੋੜ ਲੋਕ 20 ਰੁਪਏ ਪ੍ਰਤੀ ਦਿਨ ਤੋਂ ਵੀ ਘੱਟ ਕਮਾ ਰਹੇ ਹਨ, ਮਜ਼ਦੂਰਾਂ ਨੂੰ ਲੁੱਟਣ 'ਚ ਕਸਰ ਨਹੀਂ ਛੱਡੀ ਜਾ ਰਹੀ, 12 ਘੰਟੇ ਤਾਂ ਬਹੁਤ ਆਮ ਹੈ—ਪੂੰਜੀਪਤੀ ਮਜ਼ਦੂਰਾਂ ਤੋਂ ਇਸ ਤੋਂ ਵੀ ਜ਼ਿਆਦਾ ਕੰਮ ਲੈਂਦੇ ਹਨ ਤੇ ਇਸ ਕੰਮ ਦੇ ਮੁਸ਼ਕਲ ਨਾਲ਼ 50 ਤੋਂ 80 ਰੁਪਏ ਦਿੰਦੇ ਹਨ, ਕਾਰਾਂ-ਏ.ਸੀ. ਆਦਿ ਸਸਤੇ ਹੋ ਰਹੇ ਹਨ ਤੇ ਰੋਟੀ, ਦਾਲਾਂ, ਸਬਜੀਆਂ ਆਦਿ ਜਿੰਦਗੀ ਦੀਆਂ ਬੁਨਿਆਦੀ ਵਸਤਾਂ ਮਹਿੰਗੀਆਂ ਹੋ ਰਹੀਆਂ ਹਨ। ਅੱਜ ਦਾ ਹਿੰਦੋਸਤਾਨੀ ਪੂੰਜੀਵਾਦ ਬਰਬਰਤਾ ਦੀਆਂ ਸਾਰੀਆਂ ਹੱਦਾਂ ਪਾਰ ਕਰਦਾ ਜਾ ਰਿਹਾ ਹੈ—ਪੂੰਜੀਵਾਦੀ ਸੱਭਿਆਚਾਰ ਹਰ ਪੱਖ ਤੋਂ ਪਤਿਤ ਹੋ ਚੁੱਕਾ ਹੈ—ਛੋਟੇ-ਛੋਟੇ ਬੱਚਿਆਂ ਦਾ ਸ਼ੋਸ਼ਣ ਕਰਨਾ ਤੇ ਉਹਨਾਂ ਦੇ ਅੰਗ ਕੱਢ ਕੇ ਵੇਚਣਾ ਹੁਣ ਆਮ ਹੁੰਦਾ ਜਾ ਰਿਹਾ ਹੈ, ਬਲਾਤਕਾਰ-ਛੇੜਖਾਨੀ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ (ਤੇ ਪੂੰਜੀਵਾਦੀ ਮੀਡੀਆ ਬੜੀ ਬੇਸ਼ਰਮੀ ਨਾਲ਼ ਇਹਨਾਂ ਦੀ 'ਲਾਈਵ ਕਵਰੇਜ' ਕਰਦਾ ਹੈ ਤੇ ਇਸਨੂੰ ਕਈ-ਕਈ ਦਿਨ 'ਬ੍ਰੇਕਿੰਗ ਨਿਊਜ਼' 'ਚ ਦਿਖਾਉਂਦਾ ਹੈ), ਆਮ ਲੋਕਾਂ ਦੇ ਬੱਚੇ ਵਿੱਦਿਅਕ ਸੰਸਥਾਵਾਂ ਤੋਂ ਲਗਾਤਾਰ ਬਾਹਰ ਹੁੰਦੇ ਜਾ ਰਹੇ ਹਨ, ਮੱਧ ਪ੍ਰਦੇਸ਼, ਰਾਜਸਥਾਨ ਆਦਿ 'ਚ ਭੁੱਖਮਰੀ ਨਾਲ਼ ਮੌਤਾਂ ਹੋ ਰਹੀਆਂ ਹਨ, ਅਧਿਆਪਕ ਟਿਊਸ਼ਨਾਂ ਦੇ ਨਾਮ 'ਤੇ ਤੇ ਡਾਕਟਰ ਇਲਾਜ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ। ਪ੍ਰਾਈਵੇਟ ਹਸਪਤਾਲਾਂ ਦੁਆਰਾ ਲਾਸ਼ਾਂ ਨੂੰ ਹੀ ਬੰਦੀ ਬਣਾ ਲਿਆ ਜਾਂਦਾ ਹੈ—ਅਜਿਹੀਆਂ ਸਾਰੀਆਂ ਹਾਲਤਾਂ 'ਚ 'ਲੋਕਤੰਤਰ' ਨੂੰ ਖਤਰਾ ਤਾਂ ਹੈ ਹੀ ਤੇ ਸ਼੍ਰੀਮਾਨ ਸਪੀਕਰ ਇਸ ਗੱਲ ਨੂੰ ਬੜੀ ਸੰਜੀਦਗੀ ਨਾਲ ਸਮਝ ਰਹੇ ਹਨ ਕਿ ਸੰਸਦ ਮੈਂਬਰਾਂ ਦੇ ਸੰਸਦ ਵਿਚਲੇ ਬਾਂਦਰ-ਤਮਾਸ਼ੇ ਅੱਗ ਵਿੱਚ ਪੈਟਰੋਲ ਛਿੜਕਣ ਦਾ ਕੰਮ ਅਸਾਨੀ ਨਾਲ ਕਰ ਸਕਦੇ ਹਨ। ਅਜਿਹੀ ਹਾਲਤ 'ਚ ਭਾਰਤੀ 'ਲੋਕਤੰਤਰ' ਦੀ ਹਿਫਾਜ਼ਤ ਕਰਨਾ ਉਹ ਆਪਣਾ ਨੈਤਿਕ ਫਰਜ਼ ਸਮਝਦੇ ਹਨ। ਉਂਝ ਵੀ ਮਜ਼ਦੂਰਾਂ ਤੇ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਤੇ ਇਨਕਲਾਬ ਦੀਆਂ ਸੰਭਾਵਨਾ ਸੰਪੰਨ ਸਫਾਂ 'ਚ ਘੁਸਪੈਠ ਕਰਕੇ ਪੂੰਜੀਵਾਦ ਦੀ ਮਜ਼ਦੂਰ ਇਨਕਲਾਬਾਂ ਤੋਂ ਹਿਫਾਜ਼ਤ ਦਾ ਕੰਮ ਸਭ ਤੋਂ ਜ਼ਿਆਦਾ ਈਮਾਨਦਾਰੀ ਨਾਲ ਸੀ.ਪੀ.ਆਈ, ਸੀ.ਪੀ.ਐਮ ਤੇ ਹੋਰ ਸੰਸਦੀ 'ਖੱਬੇ-ਪੱਖੀ ਪਾਰਟੀਆਂ' ਹੀ ਕਰ ਰਹੀਆਂ ਹਨ।

ਕਿਸੇ ਵੀ ਪੂੰਜੀਵਾਦੀ ਦੇਸ਼ ਵਿਚਲੀ ਜਮਹੂਰੀਅਤ 'ਪੂੰਜੀਵਾਦੀ ਜਮਹੂਰੀਅਤ' ਹੀ ਹੁੰਦੀ ਹੈ ਜੋ ਅਸਲ ਵਿੱਚ ਪੂੰਜੀਪਤੀ ਜਮਾਤ ਦੀ ਤਾਨਾਸ਼ਾਹੀ ਹੁੰਦੀ ਹੈ। 'ਪੂੰਜੀਵਾਦੀ ਜਮਹੂਰੀਅਤ' ਇੱਕ ਧੋਖੇ ਤੋਂ ਵੱਧ ਕੁਝ ਨਹੀਂ ਹੁੰਦੀ। ਕਿਸੇ ਦੇਸ਼ ਦੀ 'ਜਮਹੂਰੀਅਤ' ਲੋਕਾਂ ਦਾ ਕੋਈ ਭਲਾ ਨਹੀਂ ਕਰ ਸਕਦੀ ਇਹ ਕਲਿਆਣਕਾਰੀ ਰਾਜਾਂ ਦੇ ਸੰਸਾਰ ਵਿਆਪੀ ਖ਼ਾਤਮੇ ਤੋਂ ਬਾਅਦ ਜਗ ਜਾਹਿਰ ਹੋ ਗਿਆ ਹੈ। ਪੂੰਜੀਵਾਦ ਵਿੱਚ ਆਮ ਕਿਰਤੀ ਲੋਕਾਂ ਦਾ ਕੋਈ ਭਲਾ ਨਹੀਂ ਹੋ ਸਕਦਾ। ਇਹ ਜਮਹੂਰੀਅਤ ਸਿਰਫ ਲੋਕਾਂ ਨੂੰ ਇਹੀ ਅਜ਼ਾਦੀ ਦਿੰਦੀ ਹੈ ਉਹ ਵੋਟ ਪਾ ਕੇ ਇਸ ਜਾਂ ਉਸ ਠੱਗ 'ਚ ਕਿਸੇ ਇੱਕ ਨੂੰ ਚੁਣ ਲੈਣ। ਪੂੰਜੀਵਾਦੀ ਜਮਹੂਰੀਅਤ ਦਾ ਬਦਲ ਸਮਾਜਵਾਦੀ ਜਮਹੂਰੀਅਤ ਹੀ ਹੁੰਦੀ ਹੈ ਜਿਸਨੂੰ ਮਜ਼ਦੂਰ ਇਨਕਲਾਬ ਸੰਭਵ ਬਣਾਉਂਦੇ ਹਨ। ਹਿੰਦੋਸਤਾਨ ਵਿੱਚ ਵੀ ਸਾਨੂੰ ਪੂੰਜੀਵਾਦੀ ਲੋਕਤੰਤਰੀ ਸੰਸਥਾਂਵਾਂ ਨੂੰ ਸਿਰੇ ਤੋਂ ਖਾਰਿਜ ਕਰਨਾ ਪਵੇਗਾ ਤੇ ਇਸਦੇ ਬਦਲ ਵਜੋਂ ਕਿਰਤੀ ਲੋਕਾਂ ਨੂੰ ਪਿੰਡਾਂ, ਸ਼ਹਿਰਾਂ ਤੇ ਸਨਅਤੀ ਬਸਤੀਆਂ ਵਿੱਚ ਲੋਕ ਸਵਰਾਜ ਪੰਚਾਇਤਾਂ ਦੇ ਗਠਨ 'ਤੇ ਜ਼ੋਰ ਦੇਣਾ ਪਵੇਗਾ। ਸਾਮਰਾਜੀ ਪੂੰਜੀ ਦੇ ਨਾਲ਼-ਨਾਲ਼ ਭਾਰਤੀ ਪੂੰਜੀ ਤੋਂ ਮੁਕਤੀ ਹੀ ਆਮ ਲੋਕਾਂ ਨੂੰ ਸੱਚੀ ਜਮਹੂਰੀਅਤ ਦੇ ਸਕਦੀ ਹੈ। ਮੰਡੀ ਅਤੇ ਮੁਨਾਫੇ ਲਈ ਪੈਦਾਵਾਰ ਦੇ ਢਾਂਚੇ ਨੂੰ ਪੂਰੀ ਤਰ੍ਹਾਂ ਨਸ਼ਟ ਕਰਕੇ ਅਜਿਹੇ ਢਾਂਚੇ ਦੀ ਸਥਾਪਤੀ ਕਰਨੀ ਹੋਵੇਗੀ ਜਿੱਥੇ ਪੈਦਾਵਾਰ ਸਮਾਜਕ ਲੋੜਾਂ ਦੇ ਅਨੁਸਾਰ ਹੋਵੇ, ਜਿੱਥੇ ਪੈਦਾਵਾਰ ਦੇ ਸਾਧਨਾਂ 'ਤੇ ਪੂੰਜੀਪਤੀਆਂ ਦੇ ਕੰਟਰੋਲ ਨੂੰ ਖੋਹ ਕੇ ਆਮ ਕਿਰਤੀ ਲੋਕਾਂ ਦੇ ਹੱਥਾਂ ਵਿੱਚ ਦਿੱਤਾ ਜਾਵੇ ਤਾਂ ਕਿ ਇਸ ਤਰ੍ਹਾਂ ਪੈਦਾਵਾਰ ਦੀ ਕਾਣੀ ਵੰਡ ਨੂੰ ਖ਼ਤਮ ਕਰਕੇ ਉਸਦੀ ਬਰਾਬਰ ਵੰਡ ਨੂੰ ਸੰਭਵ ਬਣਾਇਆ ਜਾਵੇ।

ਸਮਾਜਵਾਦੀ ਜਮਹੂਰੀਅਤ ਕਿਸੇ ਵੀ ਆਮ ਨਾਗਰਿਕ ਨੂੰ ਚੁਣਨ ਜਾਂ ਚੁਣੇ ਜਾਣ ਦਾ ਹੱਕ ਦਿੰਦੀ ਹੈ, ਸਿਵਾਏ ਲੋਟੂਆਂ ਦੇ। ਵੋਟਰਾਂ ਨੂੰ ਇਹ ਪੂਰਾ ਹੱਕ ਹੁੰਦਾ ਹੈ ਕਿ ਉਹ ਆਪਣੇ ਚੁਣੇ

(ਬਾਕੀ ਹਿੱਸਾ ਸਫ਼ਾ 13 'ਤੇ)

ਭਗਤ ਸਿੰਘ ਮਹਿਜ਼ ਨਾਸਤਿਕ ਹੀ ਨਹੀਂ ਸੀ

—ਡਾ. ਦਰਸ਼ਨ ਖੇੜ੍ਹੀ

20 ਜਨਵਰੀ 2008 ਦੇ ਪੰਜਾਬੀ ਟ੍ਰਿਬਿਊਨ ਵਿੱਚ ਸ਼੍ਰੀਮਾਨ ਐਚ. ਐਸ.ਮਾਗਟ ਨੇ ਸ਼ਹੀਦ ਭਗਤ ਸਿੰਘ ਨੂੰ ਇੱਕ ਆਸਤਿਕ ਵਜੋ ਪੇਸ਼ ਕਰਨ ਰਾਹੀਂ ਇਤਿਹਾਸਕ ਤੌਰ ਤੇ ਵਿਵਾਦ ਰਹਿਤ ਸਚਾਈ ਤੇ ਇਕ ਵਾਰ ਫਿਰ ਵਿਵਾਦ ਖੜਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਅਤੇ ਉਸਦੇ ਸੰਸਾਰ ਨਜ਼ਰੀਏ ਤੋਂ ਭੋਰਾ ਭਰ ਵੀ ਵਾਕਿਫ ਕੋਈ ਸੁਹਿਰਦ ਵਿਅਕਤੀ, ਇਸ ਭੁਲੇਖੇ ਦਾ ਕਤਈ ਸ਼ਿਕਾਰ ਨਹੀਂ ਹੋ ਸਕਦਾ ਕਿ ਸ਼ਹੀਦ ਭਗਤ ਸਿੰਘ ਆਪਣੀ ਚਿੰਤਨ ਪ੍ਰਕਿਰਿਆ ਦੀ ਸਿਖਰ ਤੇ ਪੁੱਜ ਕੇ ਵੀ ਰੱਬ ਦੀ ਹੋਂਦ 'ਚ ਵਿਸ਼ਵਾਸ਼ ਕਰਨ ਵਾਲਾ ਇਨਕਲਾਬੀ ਨੌਜਵਾਨ ਸੀ। ਪਰ ਸ਼੍ਰੀਮਾਨ ਲੇਖਕ ਆਪਣੇ ਲੇਖ ਵਿੱਚ ਸ਼ਹੀਦ ਭਗਤ ਸਿੰਘ ਨੂੰ ਅਖੀਰ ਤੱਕ ਰੱਬ ਦੀ ਹੋਂਦ 'ਚ ਵਿਸ਼ਵਾਸ਼ ਕਰਨ ਵਾਲੇ ਇਕ ਆਸਤਿਕ ਦੇ ਤੌਰ ਤੇ ਪੇਸ਼ ਕਰਨ ਲਈ ਬਜਿੱਦ ਦਿਖਾਈ ਦਿੰਦੇ ਹਨ ਉਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਲੇਖਕ ਨੇ ਇਹ ਲੇਖ ਭਗਤ ਸਿੰਘ ਦੇ ਰੱਬ ਦੀ ਹੋਂਦ ਜਾਂ ਅਣਹੋਂਦ ਪ੍ਰਤੀ ਵਿਚਾਰਾਂ ਨੂੰ ਮੁੱਖ ਰੱਖ ਕੇ ਨਹੀਂ ਸਗੋਂ ਆਪਣੇ ਅਧਿਆਤਮਵਾਦੀ ਵਿਚਾਰਾਂ ਨੂੰ ਮੁੱਖ ਰੱਖ ਕੇ ਲਿਖਿਆ ਹੈ। ਨਹੀਂ ਤਾਂ ਕੋਈ ਕਾਰਨ ਸਮਝ ਨਹੀਂ ਆਉਂਦਾ ਕਿ ਕੋਈ ਜਿੰਮੇਵਾਰ ਲੇਖਕ ਸ਼ਹੀਦ ਭਗਤ ਸਿੰਘ ਵਲੋਂ ਲਿਖੇ "ਮੈਂ ਨਾਸਤਿਕ ਕਿਉਂ ਹਾਂ" ਨਾਮੀ ਬਹੁਚਰਚਿਤ ਲੇਖ ਚੋਂ ਹਵਾਲੇ ਦਿੰਦਾ ਹੋਇਆ ਵੀ ਇਸ ਸਵੈ-ਸਪਸ਼ਟ ਲੇਖ ਦਾ ਜਿਕਰ ਤੱਕ ਨਾ ਕਰੇ।

ਲੇਖ ਦੇ ਸ਼ੁਰੂ ਵਿੱਚ ਹੀ ਲੇਖਕ ਨੇ 'ਅਬੂ-ਬਿਨ-ਆਦਮ' ਵਾਲੀ ਕਲਪਿਤ ਘਟਨਾ ਦਾ ਹਵਾਲਾ ਦੇਣ ਰਾਹੀ ਇਹੋਂ ਪ੍ਰਭਾਵ ਦੇਣ ਦੀ ਕੋਸ਼ਿਸ ਕੀਤੀ ਹੈ ਕਿ ਭਗਤ ਸਿੰਘ ਪੂਰੀ ਮਨੁੱਖ ਜਾਤੀ ਨੂੰ ਇਸ ਲਈ ਪਿਆਰ ਕਰਦਾ ਸੀ ਕਿਉਂਕਿ ਉਹ ਕਿਸੇ ਅਦਿਖ, ਅਲੌਕਿਕ ਤੇ ਸਰਬਸ਼ਕਤੀਮਾਨ ਰੱਬ ਨੇ ਸਿਰਜੀ ਹੋਈ ਸੀ। ਜਦੋਂ ਕਿ ਇਸ ਦੇ ਉਲਟ ਸ਼ਹੀਦ ਭਗਤ ਸਿੰਘ ਕਿਸੇ ਅਜਿਹੀ ਸ਼ਕਤੀ ਦੀ ਹੋਂਦ ਤੋ ਸਪਸ਼ਟ ਤੌਰ ਤੇ ਇਨਕਾਰੀ ਸਨ। ਇਸ ਗੱਲ ਦਾ ਸਭ ਤੋਂ ਵੱਡਾ ਅਤੇ ਪ੍ਰਮਾਨਿਕ ਸਬੂਤ ਸ਼ਹੀਦ ਭਗਤ ਵੱਲੋ ਲਿਖਿਆ ਉਪਰੋਕਤ ਲੇਖ ਅਤੇ ਹੋਰ ਦਸਤਾਵੇਜ਼ ਬਣਦੇ ਹਨ। ਅੰਤਾਂ ਦੀ ਇਤਿਹਾਸਕ ਮਹੱਤਤਾ ਵਾਲੇ ਸ਼ਹੀਦ ਭਗਤ ਸਿੰਘ ਦੇ ਇਸ ਲੇਖ 'ਚੋਂ ਹੀ ਸ਼੍ਰੀਮਾਨ ਲੇਖਕ ਨੇ ਅੱਧੇ-ਅਧੂਰੇ ਤੇ ਅਪ੍ਰਸਿਗਕ ਹਵਾਲੇ ਦੇ ਕੇ ਪਾਠਕਾਂ ਨੂੰ ਭੁਚਲਾਉਣ ਦੀ ਅਸਫਲ ਕੋਸ਼ਿਸ਼ ਕੀਤੀ ਹੈ। ਆਓ ਭਗਤ ਸਿੰਘ ਦੇ ਇਸ ਲੇਖ 'ਚੋਂ ਹੀ ਕੁਝ ਕੁ ਚੋਣਵੇਂ ਹਵਾਲਿਆਂ 'ਤੇ ਇਕ ਨਜ਼ਰ ਮਾਰੀਏ :

"ਮੈਂ ਤਾਂ ਕਿਸੇ ਵੀ ਸਰਵ ਸ਼ਕਤੀਮਾਨ ਜਾਂ ਸਰਵੋ-ਪਰੀ ਸੱਤ੍ਹਾ ਦੀ ਹੋਂਦ ਤੋਂ ਮੂਲੋਂ ਹੀ ਇਨਕਾਰੀ ਹਾਂ"।

"1926 ਦੇ ਅਖੀਰ ਤੱਕ ਮੇਰਾ ਇਹ ਵਿਸ਼ਵਾਸ਼ ਪੱਕਾ ਹੋ ਚੁੱਕਾ ਸੀ ਕਿ ਬ੍ਰਹਿਮੰਡ ਦੇ ਸਿਰਜਣ, ਪਾਲਣਹਾਰ ਅਤੇ ਸਰਵਸ਼ਕਤੀਮਾਨ ਦੀ ਹੋਂਦ ਦਾ ਸਿਧਾਂਤ ਬੇ-ਬੁਨਿਆਦ ਹੈ।"

"ਮੇਰਾ ਵਿਚਾਰ ਹੈ ਕਿ ਮੈਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਮੈਂ ਅਹੰਕਾਰ ਕਾਰਨ ਨਾਸਤਿਕ ਨਹੀਂ ਬਣਿਆ। ਇਹ ਫੈਸਲਾ ਮੈਂ ਨਹੀਂ, ਸਗੋਂ ਮੇਰੇ ਪਾਠਕਾਂ ਨੇ ਕਰਨਾ ਹੈ ਕਿ ਮੇਰੀਆਂ ਦਲੀਲਾਂ ਖੁਭਵੀਆਂ ਸਾਬਤ ਹੋਈਆ ਹਨ ਜਾਂ ਨਹੀਂ। ਮੈਨੂੰ ਪਤਾ ਹੈ ਕਿ ਹੁਣ ਦੀਆਂ ਹਾਲਤਾਂ ਵਿੱਚ ਮੈਂ ਆਸਤਿਕ ਹੁੰਦਾ ਤਾਂ ਮੇਰੀ ਜ਼ਿੰਦਗੀ ਹੁਣ ਨਾਲ਼ੋਂ ਆਸਾਨ ਹੋਣੀ ਸੀ ਅਤੇ ਬੋਝ ਹੁਣ ਨਾਲ਼ੋਂ ਘੱਟ ਹੋਣਾ ਸੀ ਅਤੇ ਮੇਰਾ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਕਰਕੇ ਹਾਲਾਤ ਬਹੁਤ ਹੀ ਅਣਸੁਖਾਵੇਂ ਹੋ ਗਏ ਹਨ।"

ਸ਼੍ਰੀਮਾਨ ਐਚ.ਐਸ. ਮਾਂਗਟ ਜਿਹੇ ਆਸਤਿਕਤਾਵਾਦੀਆਂ ਤੋਂ ਹੀ ਸ਼ਹੀਦ ਭਗਤ ਸਿੰਘ ਨੇ ਆਪਣੇ ਇਸ ਲੇਖ ਵਿੱਚ ਇਹ ਸਵਾਲ ਪੁਛਿਆ ਸੀ—ਤੁਹਾਡੇ ਵਿਸ਼ਵਾਸ਼ ਅਨੁਸਾਰ ਜੇ ਕੋਈ ਸਰਵਸ਼ਕਤੀਮਾਨ, ਸਰਵ-ਵਿਆਪਕ ਤੇ ਸਰਵ-ਗਿਆਤਾ ਰੱਬ ਹੈ—ਦੁਨੀਆਂ ਜਾਂ ਧਰਤੀ ਨੂੰ ਜਿਸ ਨੇ ਸਾਜਿਆ ਸੀ। ਮੈਨੂੰ ਇਹ ਦਸਣ ਦੀ ਮਿਹਰਬਾਨੀ ਕਰੋ ਕਿ ਉਸਨੇ ਧਰਤੀ ਸਾਜੀ ਹੀ ਕਿਉਂ? ਉਹ ਧਰਤੀ ਜੋ ਦੁੱਖਾਂ-ਆਫਤਾਂ, ਅਣਗਿਣਤ ਅਨੰਤ ਦੁਖਾਂਤਾਂ ਨਾਲ ਭਰੀ ਪਈ ਹੈ। ਜਿੱਥੇ ਇਕ ਵੀ ਜੀਅ ਪੂਰੀ ਤਰਾਂ ਸੁਖੀ ਨਹੀਂ ਹੈ।"ਮੈਨੂੰ ਇਹ ਦੱਸੋ ਕਿ ਤੁਹਾਡਾ ਸਰਵ-ਸ਼ਕਤੀਮਾਨ ਰੱਬ ਹਰ ਕਿੱਸੇ ਬੰਦੇ ਨੂੰ ਕਸੂਰ ਜਾਂ ਪਾਪ ਕਰਨੋਂ ਵਰਜਦਾ ਕਿਉਂ ਨਹੀਂ? ਉਸਦੇ ਲਈ ਤਾਂ ਇਹ ਕੰਮ ਬਹੁਤ ਸੌਖਾ ਹੈ। ਉਸ ਨੇ ਜੰਗਬਾਜਾਂ ਨੂੰ ਕਿਉਂ ਜਾਨੋਂ ਨਾ ਮਾਰਿਆ"। ਉਹ ਅੰਗਰੇਜ਼ ਲੋਕਾਂ ਦੇ ਮਨਾਂ ਵਿੱਚ ਅਜਿਹਾ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਹਿੰਦੋਸਤਾਨ ਨੂੰ ਛੱਡ ਕੇ ਚਲੇ ਜਾਣ? ਉਹ ਸਾਰੇ ਸਰਮਾਏਦਾਰਾਂ ਦੇ ਦਿਲਾਂ ਵਿੱਚ ਇਹ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਪੈਦਾਵਾਰੀ ਸਾਧਨਾਂ ਦੀ ਮਾਲਕੀ ਨੂੰ ਛੱਡ ਦੇਣ ਤੇ ਸਾਰੇ ਮਿਹਨਤਕਸ਼ ਤਬਕੇ ਨੂੰ ਹੀ ਨਹੀਂ ਸਗੋਂ ਸਾਰੇ ਮਨੁੱਖੀ ਸਮਾਜ ਨੂੰ ਹੀ ਪੂੰਜੀਵਾਦੀ ਦੇ ਬੰਧਨ ਤੋਂ ਛੁਟਕਾਰਾ ਪਵਾ ਦੇਣ"।

ਇਸ ਸ੍ਰਿਸ਼ਟੀ ਦੀ ਸਿਰਜਣਾ ਬਾਰੇ ਆਪਣੇ ਆਪਣੇ ਨਜਰੀਏ ਨੂੰ ਸਪਸ਼ਟ ਕਰਦੇ ਹੋਏ ਸ਼ਹੀਦ ਭਗਤ ਸਿੰਘ ਇਸ ਲੇਖ 'ਚ ਲਿਖਦੇ ਹਨ — "ਤੁਸੀਂ ਪੁੱਛੋਗੇ ਕਿ ਇਸ ਦੁਨੀਆਂ ਦਾ ਤੇ ਮਨੁੱਖ ਦਾ ਆਰੰਭ ਕਿਵੇਂ ਹੋਇਆ ਸੀ। ਚਾਰਲਸ ਡਾਰਵਿਨ ਨੇ ਇਸ ਵਿਸ਼ੇ ਬਾਰੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਸਦਾ ਅਧਿਐਨ ਕਰੋ। ਤੁਸੀਂ ਡਾਰਵਿਨ ਦੀ ਕਿਤਾਬ "**ਓਰਿਜਨ ਆਫ ਸਪੀਸੀਜ਼**" ਪੜ੍ਹੋ ਅਤੇ ਉਸ ਤੋਂ ਵੀ ਜੋ ਵੀ ਉਨਤੀ ਹੋਈ, ਉਹ ਮਨੁੱਖ ਦੀ ਕੁਦਰਤ ਨਾਲ ਟੱਕਰ ਤੇ ਮਨੁੱਖ ਵਲੋਂ ਕੁਦਰਤ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਵਜੋ ਹੋਈ"। ਰੱਬ ਦੀ ਕਾਲਪਨਿਕ ਹੋਂਦ ਦੇ ਸੰਕਲਪ ਦੀ ਸ਼ੁਰੂਆਤ ਬਾਰੇ ਬੋਲਦੇ ਹੋਏ ਭਗਤ ਸਿੰਘ ਸਪੱਸ਼ਟ ਹਨ। — "ਰੱਬ ਦੇ ਆਦਿ ਬਾਰੇ ਮੇਰਾ ਆਪਣਾ ਵਿਚਾਰ

ਇਹ ਹੈ ਕਿ ਜਦ ਮਨੁੱਖ ਨੂੰ ਆਪਣੀਆਂ ਸੀਮਾਵਾਂ, ਕਮਜੋਰੀਆਂ ਅਤੇ ਕਮੀਆਂ ਦਾ ਅਹਿਸਾਸ ਹੋਇਆ ਤਾਂ ਉਸ ਨੇ ਰੱਬ ਦੀ ਕਾਲਪਨਿਕ ਹੋਂਦ ਬਣਾ ਲਈ ਤਾਂ ਕਿ ਇਮਤਿਹਾਨੀ ਹਾਲਤਾਂ ਦਾ ਦ੍ਰਿੜਤਾ ਨਾਲ ਸਾਹਮਣਾ ਕਰਨ ਲਈ ਮਨੁੱਖ ਨੂੰ ਹੌਸਲਾ ਮਿਲੇ....''

ਆਖਰ......''ਸਮਾਜ ਨੇ ਜਿਵੇਂ ਬੁੱਤ ਪੂਜਾ ਤੇ ਧਰਮ ਦੇ ਤੰਗ ਨਜ਼ਰ ਸੰਕਲਪ ਵਿਰੁੱਧ ਲੜਾਈ ਲੜੀ ਸੀ ਉਸੇ ਤਰ੍ਹਾਂ ਸਮਾਜ ਨੂੰ ਰੱਬ ਦੇ ਵਿਸ਼ਵਾਸ਼ ਵਿਰੁੱਧ ਲੜਨਾ ਪੈਣਾ ਹੈ।''

ਸ਼ਹੀਦ ਭਗਤ ਸਿੰਘ ਵਲੋਂ ਰੱਬ ਦੀ ਹੋਂਦ ਖਿਲਾਫ ਦਿੱਤੀਆਂ ਉਪਰੋਕਤ ਦਲੀਲਾਂ ਨੂੰ ਪੜ੍ਹਨ ਵਾਚਣ ਤੋਂ ਬਾਅਦ ਵੀ ਸ਼ਹੀਦ ਭਗਤ ਸਿੰਘ ਦੇ ਨਾਸਤਿਕ ਹੋਣ ਬਾਰੇ ਕੀ ਹਾਲੇ ਵੀ ਕੋਈ ਸ਼ੰਕਾ ਬਾਕੀ ਹੈ! ਇਸ ਵਿਸ਼ੇ ਬਾਰੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਹੋਰ ਵੀ ਡੂੰਘਾਈ ਵਿੱਚ ਜਾਨਣ ਲਈ ਸੁਹਿਰਦ ਪਾਠਕਾਂ ਨੂੰ **'ਮੈਂ ਨਾਸਤਿਕ ਕਿਉਂ ਹਾਂ'** ਲੇਖ ਜਰੂਰ ਹੀ ਪੜ੍ਹਨਾ ਚਾਹੀਦਾ ਹੈ।

ਲੇਖਕ ਨੇ ਸ਼ਹੀਦ ਭਗਤ ਸਿੰਘ ਦੇ ਮਨ ਅੰਦਰਲੇ ਲੋਕ ਸੇਵਾ ਦੇ ਪ੍ਰੌੜ ਅਹਿਸਾਸ ਨੂੰ ਵੀ ਧਾਰਮਿਕ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਮੁਗਲ ਸਾਮਰਾਜ ਦੇ ਅੱਤਿਆਚਾਰਾਂ ਨੂੰ ਦੇਖ ਕੇ ਬਾਬੇ ਨਾਨਕ ਵੱਲੋਂ ਨੂੰ ਨਿਰੋਹਾ ਮਾਰਨ ਦੇ ਇਤਿਹਾਸਿਕ ਪ੍ਰਸੰਗ ਅਤੇ ਸ਼ਹੀਦ ਭਗਤ ਸਿੰਘ ਵੱਲੋ ''ਮੈਂ ਨਾਸਤਕ ਕਿਉਂ ਹਾਂ'' ਲਿਖਣ ਦੇ ਇਤਿਹਾਸਕ ਪ੍ਰਸੰਗ ਗੁਣਾਤਮਕ ਤੌਰ ਤੇ ਹੀ ਵੱਖੋ ਵੱਖਰੇ ਹਨ। ਇੱਕ ਦੀ ਜਮੀਨ ਅਧਿਆਤਮਵਾਦੀ ਵਿਚਾਰਵਾਦੀ ਫਲਸਫਾ ਹੈ ਤੇ ਦੂਸਰੇ ਦੀ ਇਤਿਹਾਸਿਕ ਪਦਾਰਥਕਵਾਦ। ਬਾਬੇ ਨਾਨਕ ਵੱਲੋ ਮੁਗਲ ਰਾਜਿਆਂ ਦੇ ਅਤਿਆਚਾਰਾਂ ਅਤੇ ਗੈਰ ਮਨੁੱਖੀ ਕਾਰਿਆਂ ਦਾ ਵਿਰੋਧ ਕਰਨ ਦੀ ਜ਼ਮੀਨ ਹੋਰ ਸੀ ਤੇ ਸ਼ਹੀਦ ਭਗਤ ਸਿੰਘ ਵੱਲੋ **''ਮਨੁੱਖ ਹੱਥੋ ਮਨੁੱਖ ਦੀ ਲੁੱਟ ਖਤਮ ਕਰਨ''** ਦਾ ਨਾਅਰਾ ਦੇਣ ਦੀ ਜ਼ਮੀਨ ਹੋਰ ਸੀ।

ਲੇਖਕ ਨੇ ਇਕ ਹੋਰ ਦਲੀਲ ਦੇ ਕੇ ਵੀ ਸ਼ਹਿਦ ਭਗਤ ਸਿੰਘ ਨੂੰ ਆਸਤਿਕ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸ਼ਹੀਦ ਭਗਤ ਸਿੰਘ ਇਸ ਲਈ ਆਸਤਿਕ ਸੀ ਕਿਉਂਕਿ ਉਸਨੇ ਰੱਬ ਨੂੰ ਮੰਨਣ ਵਾਲੇ ਫਿਲਾਸਫਰਾਂ, ਵਿਚਾਰਕਾਂ ਦੀਆਂ ਲਿਖਤਾਂ ਦਾ ਵੀ ਅਧਿਐਨ ਕੀਤਾ ਸੀ। ਸ਼ਹੀਦ ਭਗਤ ਸਿੰਘ ਵੱਲੋਂ ਅਜਿਹੀਆਂ ਹਸਤੀਆਂ ਦੀਆਂ ਲਿਖਤਾਂ ਦਾ ਅਧਿਐਨ ਕਰਨਾ ਤਾ ਸਗੋਂ ਇਹੀ ਦਰਸਾਉਂਦਾ ਹੈ ਕਿ ਸ਼ਹੀਦ ਭਗਤ ਸਿੰਘ ਇਨਾਂ ਅਧਿਆਤਮਵਾਦੀ ਲੇਖਕਾਂ ਦੀਆਂ ਲਿਖਤਾਂ ਦਾ ਆਪਣੇ ਆਲੋਚਨਾਤਮਕ ਵਿਵੇਕ ਰਾਹੀ ਖੰਡਨ ਕਰਨ ਦੀ ਪ੍ਰਕਿਰਿਆ ਚੋਂ ਹੀ ਨਾਸਤਿਕ ਬਣੇ ਸਨ, ਭਾਵ ਕਿ ਉਨਾਂ ਦੇ ਨਾਸਤਿਕ ਹੋਣ ਦਾ ਵਿਚਾਰਧਾਰਕ ਧਰਾਤਲ ਬਹੁਤ ਹੀ ਵਿਸ਼ਾਲ ਅਤੇ ਉਚੇਰਾ ਸੀ। ਮਹਿਜ ਪਥਾਰਥਵਾਦੀ ਤੇ ਨਾਸਤਿਕਤਾ ਦੇ ਫਲਸਫੇ ਵਾਲੀਆਂ ਲਿਖਤਾਂ ਪੜ੍ਹਕੇ ਹੀ ਉਹ ਨਾਸਤਿਕ ਨਹੀਂ ਸਨ ਬਣੇ ਸਗੋਂ ਉਨਾਂ ਨੇ ਸਮਾਜ ਅੰਦਰ ਪ੍ਰਚੱਲਿਤ ਹਰ ਵਿਚਾਰ ਨੂੰ ਆਪਣੇ ਤਰਕ ਦੀ ਕਸਵੱਟੀ ਤੇ ਪਰਖਿਆ ਸੀ।

ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅੱਜ ਨਾਸਤਿਕ ਆਸਤਿਕ ਹੋਣ ਤੱਕ ਸੀਮਤ ਕਰ ਦੇਣਾ ਬੌਧਿਕ ਕੰਗਾਲੀ ਦਾ ਹੀ ਸਬੂਤ ਹੈ। ਸ਼ਹੀਦ ਭਗਤ ਸਿੰਘ ਮਹਿਜ ਇਕ ਨਾਸਤਿਕ ਹੀ ਨਹੀਂ ਸੀ ਸਗੋ ਇਸ ਤੋਂ ਵੀ ਅੱਗੇ ਬਹੁਤ ਹੀ ਪ੍ਰੌੜ ਪਦਾਰਥਵਾਦੀ ਚਿੰਤਕ ਸੀ। ਇਨਕਲਾਬੀ ਕਵੀ ਪਾਸ਼ ਦੇ ਸ਼ਬਦਾਂ 'ਚ ''ਭਗਤ ਸਿੰਘ ਪਹਿਲਾ ਵਿਚਾਰਕ ਸੀ। ਜਿਸਨੇ ਸਮਾਜ ਦੀ ਬਣਤਰ ਬਾਰੇ ਵਿਗਿਆਨਕ ਢੰਗ ਨਾਲ ਵਿਚਾਰ ਕੀਤਾ ਸੀ। ਉਹ ਪਹਿਲਾ ਬੁੱਧੀਮਾਨ ਸੀ ਜਿਸਨੇ ਦੁੱਖਾਂ ਅਤੇ ਸਮਾਜਿਕ ਸਮੱਸਿਆਵਾਂ ਦੀ, ਧੁਰ ਡੂੰਘਿਆਈ ਤੱਕ ਪਈਆਂ ਉਲਝਣਾਂ ਦੀ ਪਹਿਚਾਣ ਕੀਤੀ ਸੀ..........ਪੰਜਾਬ ਦੀ ਵਿਚਾਰਧਾਰਾ ਨੂੰ ਉਸ ਦੀ ਦੇਣ ਸਾਂਡਰਸ ਦੀ ਹੱਤਿਆ, ਅਸੰਬਲੀ ਵਿਚ ਬੰਬ ਸੁੱਟਣ, ਫਾਂਸੀ ਦੇ ਫੰਦੇ ਤੇ ਲਟਕ ਜਾਣ ਤੋਂ ਕਿੱਤੇ ਜਿਆਦਾ ਹੈ।'' ਸੋ ਅੱਜ ਲੋੜ ਹੈ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ ਦਾ ਗੰਭੀਰ ਅਧਿਐਨ ਕਰਨ ਦੀ ਅਤੇ ਉਨ੍ਹਾਂ ਵੱਲੋ ਸਮੁੱਚੀ ਮਨੁੱਖਤਾ ਦੇ ਭਲੇ ਲਈ ਗੁੰਜਾਏ **'ਇਨਕਲਾਬ ਜਿੰਦਾਬਾਦ'** ਦੇ ਨਾਅਰੇ ਨੂੰ ਅੰਜਾਮ ਦੇਣ ਲਈ ਆਪਾ ਵਾਰੂ ਭਾਵਨਾ ਨਾਲ ਲੋਕਾਈ ਅੰਦਰ ਇਨਕਲਾਬ ਦਾ ਜ਼ਜਬਾ ਪੈਦਾ ਕਰਨ ਦੀ।

(ਸਫ਼ਾ 11 ਦਾ ਬਾਕੀ ਹਿੱਸਾ)

ਹੋਏ ਪ੍ਰਤੀਨਿਧਾਂ ਨੂੰ ਕਦੇ ਵੀ ਵਾਪਸ ਬੁਲਾ ਲੈਣ। ਚੁਣੇ ਹੋਏ ਪ੍ਰਤੀਨਿਧਾਂ ਦੀ ਤਨਖਾਹ ਆਮ ਕਿਰਤੀਆਂ ਦੇ ਬਰਾਬਰ ਹੁੰਦੀ ਹੈ ਤੇ ਉਹਨਾਂ ਨੂੰ ਕੋਈ ਵੀ ਵਿਸ਼ੇਸ਼ ਅਧਿਕਾਰ ਹਾਸਲ ਨਹੀਂ ਹੁੰਦਾ ਤੇ ਉਹ ਲੋਕਾਂ ਦੇ ਸਿੱਧੇ ਸੰਪਰਕ 'ਚ ਰਹਿੰਦੇ ਹਨ ਤੇ ਉਹਨਾਂ ਪ੍ਰਤੀ ਪੂਰੀ ਤਰ੍ਹਾਂ ਜਵਾਬਦੇਹ ਹੁੰਦੇ ਹਨ। ਸਮਾਜਵਾਦੀ ਸਮਾਜ ਵਿਚਲੀਆਂ ਚੋਣਾਂ ਵਿੱਚੋਂ ਪੈਸੇ ਦਾ ਦਖਲ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ। ਪੂੰਜੀਵਾਦੀ ਸਮਾਜ ਵਿੱਚ ਵੋਟਾਂ ਪੈਣ ਦੀ ਪ੍ਰਕਿਰਿਆ 'ਤੇ ਹੋਣ ਵਾਲੇ ਕਰੋੜਾਂ ਰੁਪਏ ਦੀ ਖਰਚ ਦੀ ਵੀ ਕੋਈ ਲੋੜ ਨਹੀਂ ਰਹਿ ਜਾਂਦੀ। ਪੂੰਜੀਵਾਦੀ ਸਮਾਜਾਂ ਦੀ ਤਰ੍ਹਾਂ ਸਮਾਜਵਾਦੀ ਸਮਾਜ ਵਿੱਚ ਪ੍ਰਤੀਨਿਧ ਸੰਸਥਾਵਾਂ ਸਿਰਫ ਬਹਿਸ ਤੇ ਬਕਵਾਸ ਕਰਨ ਤੇ ਰੌਲਾ-ਰੱਪਾ ਪਾਉਣ ਦਾ ਅੱਡਾ ਨਹੀਂ ਹੁੰਦੀਆਂ ਸਗੋਂ ਇਸਦੇ ਉਲਟ ਉਹ ਅਸਲ ਵਿੱਚ ਲੋਕ ਹਿੱਤਾਂ ਵਿੱਚ ਕੰਮ ਕਰਨ ਵਾਲੀਆਂ ਸੰਸਥਾਵਾਂ ਬਣ ਜਾਂਦੀਆਂ ਹਨ।

ਕੌਮਾਂਤਰੀ ਮਜ਼ਦੂਰ ਦਿਵਸ ਦੇ ਮੌਕੇ 'ਤੇ 1 ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਕੀਤੀ ਜਾ ਰਹੀ ਰੈਲੀ ਵਿੱਚ ਸ਼ਾਮਲ ਹੋਣ ਲਈ ਲੁਧਿਆਣਾ ਪਹੁੰਚੋ।

ਸਮਾਂ : ਸਵੇਰੇ 9 ਵਜੇ
ਸਥਾਨ : ਐਮ. ਆਈ. ਜੀ. ਫਲੈਟਸ ਦੇ ਸਾਹਮਣੇ, ਪਿੱਛੇ ਵਰਧਮਾਨ ਮਿਲ (ਚੰਡੀਗੜ੍ਹ ਰੋਡ), ਲੁਧਿਆਣਾ।
ਵਲੋਂ : ਬਿਗੁਲ ਮਜ਼ਦੂਰ ਦਸਤਾ ਅਤੇ ਨੌਜਵਾਨ ਭਾਰਤ ਸਭਾ
ਸੰਪਰਕ : 98886-55663, 98771-43788

ਰਾਜਸਥਾਨ ਅਤੇ ਮੱਧ ਪ੍ਰਦੇਸ਼: ‘ਹਿੰਦੂਤਵ’ ਦੀਆਂ ਨਵੀਆਂ ਪ੍ਰਯੋਗਸ਼ਾਲਾਵਾਂ

—ਕਵਿਤਾ

ਗੁਜਰਾਤ ਵਿੱਚ ਨਰਿੰਦਰ ਮੋਦੀ ਦੀ ਫਿਰ ਤੋਂ ਜਿੱਤ ਨਾਲ਼ ਕੇਸਰੀ ਟੋਲੇ ਦੇ ਹੌਸਲੇ ਬੁਲੰਦ ਹਨ। ਇਸ ਤੋਂ ਉਤਸ਼ਾਹਿਤ ਹੋ ਕੇ ਉਹਨਾਂ ਨੇ ਆਪਣੀ ਫਾਸਿਸਟ ਮੁਹਿੰਮ ਹੋਰ ਤੇਜ਼ ਕਰ ਦਿੱਤੀ ਹੈ।

ਗੁਜਰਾਤ ਤੋਂ ਇਲਾਵਾ ਖਾਸਕਰ ਉਹਨਾਂ ਦੋ ਪ੍ਰਮੁੱਖ ਰਾਜਾਂ – ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਜਿੱਥੇ ਉਹਨਾਂ ਦੀਆਂ ਸਰਕਾਰਾਂ ਹਨ, ਉੱਥੇ ਅਖੌਤੀ ਹਿੰਦੂਤਵ ਦੀਆਂ ਨਵੀਆਂ ਪ੍ਰਯੋਗਸ਼ਾਲਾਵਾਂ ਬਣਾਉਣ ਦਾ ਕੰਮ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ। ਜਿੱਥੇ ਇੱਕ ਪਾਸੇ ਦੋਵਾਂ ਪ੍ਰਦੇਸ਼ਾਂ ਦੇ ਸਮੁੱਚੇ ਸਮਾਜਿਕ-ਸਭਿਆਚਾਰ ਤਾਣੇ-ਬਾਣੇ ਨੂੰ ਕੇਸਰੀ ਰੰਗ ਵਿੱਚ ਰੰਗਣ ਦੀਆਂ ਕੋਸ਼ਿਸ਼ਾਂ ਲਗਾਤਾਰ ਜ਼ਾਰੀ ਹਨ ਉੱਥੇ ਘੱਟ ਗਿਣਤੀ ਅਬਾਦੀ ਉੱਤੇ ਯੋਜਨਾਬੱਧ ਤਰੀਕੇ ਨਾਲ਼ ਹਮਲੇ ਵੀ ਕੀਤੇ ਜਾ ਰਹੇ ਹਨ-ਬਿਲਕੁਲ ਗੁਜਰਾਤ ਦੀ ਤਰਜ ਉੱਤੇ। ਘੱਟ ਗਿਣਤੀ ਅਬਾਦੀ ਲਗਾਤਾਰ ਇਸ ਖੌਫ਼ ਦੇ ਸਾਏ ਥੱਲੇ ਜਿਉਂ ਰਹੀ ਹੈ ਕਿ ਕੀ ਉੱਥੇ ਵੀ ਗੁਜਰਾਤ 2002 ਦੁਹਰਾਇਆ ਜਾਵੇਗਾ ?

ਪਿਛਲੇ 23-24 ਦਸੰਬਰ ਨੂੰ ਰਾਜਸਥਾਨ ਦੇ ਚਿਤੌੜਗੜ੍ਹ ਜ਼ਿਲ੍ਹੇ ਦੀ ਕਪਾਸਨ ਤਹਿਸੀਲ ਵਿੱਚ ਲਗਭਗ ਅੱਧੀ ਦਰਜਨ ਪਿੰਡਾਂ ਵਿੱਚ ਯੋਜਨਾਬੱਧ ਤਰੀਕੇ ਨਾਲ਼ ਨਿਸ਼ਾਨਾ ਬਣਾਕੇ ਮੁਸਲਮਾਨਾ ਦੇ ਘਰਾਂ, ਦੁਕਾਨਾਂ, ਖੇਤਾਂ ਵਿੱਚ ਖੜੀਆਂ ਫਸਲਾਂ, ਟਿਊਬਵੈਲਾਂ ਅਤੇ ਵਾਹਨਾਂ ਨੂੰ ਸਾੜ ਦਿੱਤਾ ਗਿਆ। “ਹਿਦੂੰਤਵ” ਦੇ “ਯੋਧਿਆਂ” ਦੇ ਇਸ ‘ਬਹਾਦਰੀ’ ਪ੍ਰਦਰਸ਼ਨ ਦਾ ਕਾਰਨ ਇਹ ਸੀ ਕਿ ਉਹਨਾਂ ਨੂੰ ਇੱਕ ਮੁਸਲਮਾਨ ਦੇ ਖੇਤ ਵਿੱਚੋਂ ਗਾਂ ਦੀਆਂ ਹੱਡੀਆਂ ਮਿਲੀਆਂ ਸਨ। ਬਸ ਫਿਰ ਕੀ ਸੀ, “ਧਰਮ ਰਖਿਅਕਾਂ” ਦਾ ਖੂਨ ਖੋਲ ਉੱਠਣ ਲਈ ਇਹ ਕਾਫ਼ੀ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨੇ ਬੰਦ ਦਾ ਸੱਦਾ ਦਿੱਤਾ ਅਤੇ ਇਸੇ ਦੌਰਾਨ ਉਪਰੋਕਤ ਕਰਤੂਤਾਂ ਨੂੰ ਅੰਜਾਮ ਦਿੱਤਾ ਗਿਆ। ਬਾਅਦ ਵਿੱਚ ਇੱਕ ਸੁਤੰਤਰ ਜਾਂਚ ਟੀਮ ਨੂੰ ਪਤਾ ਲੱਗਿਆ ਕਿ ਗਾਂ ਦੀ ਲਾਸ਼ ਮਾਂਗੂ ਲਾਲ ਜਾਟ ਦੇ ਖੂਹ ਵਿੱਚ ਮਿਲ਼ੀ ਸੀ। ਖੇਤ ਵਿੱਚ ਜੋ ਹੱਡੀਆਂ ਮਿਲੀਆਂ ਸਨ ਉਹ ਕਿੱਥੋਂ ਆਈਆਂ ਇਹ ਅਜੇ ਵੀ ਰਹੱਸ ਬਣਿਆ ਹੋਇਆ ਹੈ।

ਵਿਹਿਪ ਅਤੇ ਬਜਰੰਗ ਦਲ ਦੇ ਬੰਦ ਦੌਰਾਨ ਹੀ ਮਾਰ-ਕੱਟ ’ਤੇ ਉਤਾਰੂ ਭੀੜ ਨੇ ਸਿੰਧੀਆਂ ਦਾ ਟੋਲਾ ਨਾਮਕ ਮੁਸਲਿਮ ਬਹੁਗਿਣਤੀ ਵਾਲੀ ਝੁੱਗੀ-ਝੌਂਪੜੀ ਬਸਤੀ ਵਿੱਚ ਜਾਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਪੁਲਸ ਨੇ ਰੋਕ ਦਿੱਤਾ। ਇਸ ਉੱਤੇ ਭੀੜ ਨੇ ਦੋ ਪੁਲਸ ਮੁਲਾਜਮਾਂ ਨੂੰ ਫੜ ਲਿਆ ਜਿਹਨਾਂ ਨੂੰ ਛੁਡਾਉਣ ਲਈ ਪੁਲਸ ਨੂੰ ਗੋਲੀ ਚਲਾਉਣ ਪਈ ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ। ਇੱਕ ਹਿੰਦੂ ਨੌਜਵਾਨ ਦੀ ਮੌਤ ਦੇ ਬਹਾਨੇ ਧਰਮ ਰੱਖਿਅਕਾਂ ਨੇ “ਅਧਰਮੀਆਂ” ਨੂੰ ਸਬਕ ਸਿਖਾਇਆ।

ਸੁਤੰਤਰ ਜਾਂਚ ਟੀਮ ਤੋਂ ਪਤਾ ਲੱਗੇ ਤੱਥਾਂ ਵਿੱਚੋ ਇਸ ਗੱਲ ਦੇ ਲੋੜੀਂਦੇ ਸਬੂਤ ਹਨ ਕਿ ਰਾਜਸਥਾਨ ਵਿੱਚ ਗੁਜਰਾਤ ਦੀ ਤਰਜ ਉੱਤੇ ਤਿਆਰੀਆਂ ਚੱਲ ਰਹੀਆਂ ਹਨ। ਪਿੰਡਾਂ ਵਿੱਚ ਮੁਸਲਮਾਨਾਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਗਿਆ। ਹਮਲੇ ਦਾ ਨਿਸ਼ਾਨਾ ਬਣੇ ਲੋਕਾਂ ਨੇ ਜਾਂਚ ਟੀਮ ਨੂੰ ਦੱਸਿਆ ਕਿ ਦੰਗਾ ਕਰਨ ਵਾਲੇ ਜੱਥੇ ਮੋਟਰ ਸਾਈਕਲਾਂ ਉੱਤੇ ਪੈਟਰੋਲ ਭਰੇ ਕੰਟੇਨਰ ਲੈ ਕੇ ਘੁੰਮ ਰਹੇ ਸਨ ਅਤੇ ਉਹਨਾਂ ਦੇ ਹੱਥਾਂ ਵਿੱਚ ਮੁਸਲਮਾਨਾਂ ਦੇ ਘਰਾਂ ਅਤੇ ਦੁਕਾਨਾਂ ਦੀਆਂ ਸੂਚੀਆਂ ਸਨ।

“ਹਿੰਸਾ ਉੱਤੇ ਕਾਬੂ ਪਾ ਲੈਣ” ਦੀਆਂ ਪੁਲਸੀ ਕੋਸ਼ਿਸ਼ਾਂ ਤੋਂ ਬਾਅਦ ਹੁਣ ਇਹਨਾਂ ਪਿੰਡਾਂ ਵਿੱਚ ਮੁਸਲਮਾਨ ਅਬਾਦੀ ਵਾਪਸ ਮੁੜੀ ਵੀ ਹੈ ਤਾਂ ਉਹ ਬੇਹੱਦ ਖੌਫ਼ ਵਿੱਚ ਹੈ। ਉਹਨਾਂ ਦਾ ਸਮਾਜਿਕ ਬਾਈਕਾਟ ਕੀਤਾ ਜਾ ਰਿਹਾ ਹੈ। ਉਹਨਾਂ ਨੂੰ ਜਾਨੋ ਮਾਰਨ ਦੀਆਂ ਖੁੱਲ੍ਹਮ-ਖੁੱਲ੍ਹਾ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਦਹਿਸ਼ਤ ਵਿੱਚ ਰਹਿ ਰਹੇ ਲੋਕ ਜਦੋਂ ਪੁਲਸ ਕੋਲ਼ ਰਿਪੋਰਟ ਦਰਜ ਕਰਾਉਣ ਜਾ ਰਹੇ ਹਨ ਤਾਂ ਨਾਂ ਸਹਿਤ ਰਿਪੋਰਟ ਨਹੀਂ ਦਰਜ ਕੀਤੀ ਜਾ ਰਹੀ। ਜਾਹਿਰ ਹੈ ਕਿ ਪੁਲਸ ਨੂੰ ਵੀ ਹਿਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਇਹਨਾਂ ਪਿੰਡਾਂ ਵਿੱਚ ਜਿਸ ਯੋਜਨਾਬੱਧ ਢੰਗ ਨਾਲ਼ ਹਮਲੇ ਹੋਏ ਉਸ ਤੋਂ ਸਪੱਸ਼ਟ ਹੈ ਕਿ ਆਰ.ਐਸ. ਐਸ. ਦੀ ਫਾਸੀਵਾਦੀ ਮਸ਼ੀਨਰੀ ਜ਼ੋਰ-ਸ਼ੋਰ ਨਾਲ ਸਰਗਰਮ ਹੈ। “ਅਧਰਮੀਆਂ ਦੁਆਰਾ ਗਊ ਮਾਤਾ ਦੇ ਕਤਲ” ਦੀ ਅਫ਼ਵਾਹ ਇਸ ਕੁਸ਼ਲਤਾ ਨਾਲ਼ ਫੈਲਾਈ ਗਈ ਜਿਸ ਨਾਲ਼ ਉਹਨਾਂ ਦੇ ਕਤਲ ਲਈ “ਹਿੰਦੂ ਸੂਰਵੀਰਾਂ” ਨੂੰ ਲਲਕਾਰਿਆ ਜਾ ਸਕੇ ਅਤੇ ਆਰਥਿਕ ਰੂਪ ’ਚ ਉਹਨਾਂ ਦਾ ਲੱਕ ਤੋੜਿਆ ਜਾ ਸਕੇ। ਟਿਊਬਵੈਲਾਂ ਅਤੇ ਪਾਣੀ ਦਾ ਛਿੜਕਾਅ ਕਰਨ ਵਾਲੀ ਪ੍ਰਣਾਲੀ ਤਬਾਹ ਹੋ ਜਾਣ ਕਾਰਣ ਸੈਕੜੇਂ ਏਕੜ ਜ਼ਮੀਨ ਉੱਤੇ ਖੜੀਆਂ ਫਸਲਾਂ ਤਬਾਹੀ ਕੰਢੇ ਖੜੀਆਂ ਹਨ।

ਇਹਨਾਂ ਹਮਲਿਆਂ ਤੋਂ ਡੇਢ ਮਹੀਨੇ ਬਾਅਦ ਵੀ ਇਹਨਾਂ ਵਿੱਚ ਸ਼ਾਮਲ ਕਿਸੇ ਇੱਕ ਵਿਅਕਤੀ ਖਿਲਾਫ਼ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਸੂਬਾ ਸਰਕਾਰ ਨੂੰ “ਰਾਜਧਰਮ” ਦੀ ਕੋਈ ਪਰਵਾਹ ਨਹੀਂ, ਉਹ ਖੁੱਲ੍ਹੇ ਭੇਦਭਾਵ ਦਾ ਰੱਵਈਆ ਅਪਨਾ ਰਹੀ ਹੈ। ਹਮਲੇ ਦੀ ਸ਼ਿਕਾਰ ਮੁਸਲਮਾਨ ਅਬਾਦੀ ਆਪਣੇ ਟੁੱਟੇ ਹੋਏ ਘਰਾਂ ਵਿੱਚ ਔਖੀ ਸੌਖੀ ਰਹਿ ਰਹੀ ਹੈ। ਸਰਕਾਰ ਤੋਂ ਉਹਨਾਂ ਨੂੰ ਇੱਕ ਆਨਾ ਵੀ ਨਹੀਂ ਮਿਲਿਆ ਜਦ ਕਿ ਪੁਲਸ ਫਾਇਰਿੰਗ ਵਿੱਚ ਮਾਰੇ ਗਏ ਉਸ ਹਿੰਦੂ ਨੌਜਵਾਨ ਦੇ ਪਰਿਵਾਰ ਨੂੰ ਚਾਰ ਲੱਖ ਰੁਪਏ ਦੀ ਰਕਮ ਫਟਾ-ਫਟ ਦੇ ਦਿੱਤੀ ਗਈ।

ਸਾਰੇ ਰਾਜਸਥਾਨ ਦਾ ਇਹੋ ਹਾਲ ਹੈ। ਸਮੁੱਚੀ ਮੁਸਲਮਾਨ ਅਬਾਦੀ ਦਹਿਸ਼ਤ ਦੇ ਪਰਛਾਵੇਂ ਹੇਠ ਦਿਨ ਕੱਟ ਰਹੀ ਹੈ। ਸਾਰੀ ਰਾਜ ਮਸ਼ੀਨਰੀ ਨੂੰ ਤਿਆਰ ਕਰ ਲਿਆ ਗਿਆ ਹੈ। ਕਦੋਂ ਕੋਈ ਗੋਧਰਾ ਜਿਹਾ ਬਹਾਨਾ ਬਣਾਕੇ ਸੂਬੇ ਭਰ ਵਿੱਚ "ਸ਼ਾਨ-ਪ੍ਰਦਰਸ਼ਨ" ਸ਼ੁਰੂ ਹੋ ਜਾਣ, ਕਿਹਾ ਨਹੀਂ ਜਾ ਸਕਦਾ।

ਮੱਧ ਪ੍ਰਦੇਸ਼ ਦੀ ਹਾਲਤ ਵੀ ਲਗਭਗ ਇਹੋ ਜਿਹੀ ਹੀ ਹੈ। ਸਕੂਲੀ ਪੱਧਰ ਤੋਂ ਲੈ ਕੇ ਮਿਡਲ ਪੱਧਰ ਤੱਕ ਦੇ ਸਿਲੇਬਸ ਬਦਲ ਦਿੱਤੇ ਗਏ ਹਨ। ਮਿਥਿਹਾਸਕ ਕਲਪਨਾਵਾਂ ਨੂੰ ਇਤਿਹਾਸ ਦੇ ਨਾਂ 'ਤੇ ਪੜ੍ਹਾਇਆ ਜਾ ਰਿਹਾ ਹੈ। ਨੈਤਿਕ ਸਿੱਖਿਆ ਦੇ ਨਾਂ 'ਤੇ ਪ੍ਰਾਚੀਨ ਕਾਲ ਦੇ ਅੰਧ-ਵਿਸ਼ਵਾਸ਼ਾਂ, ਔਰਤ ਵਿਰੋਧੀ ਪੁਰਾਤਨ ਵਿਚਾਰਾਂ ਅਤੇ ਕਦਰਾਂ ਕੀਮਤਾਂ ਦੀ ਗੁੜ੍ਹਤੀ ਦਿੱਤੀ ਜਾ ਰਹੀ ਹੈ। ਬਾਬਾ ਰਾਮਦੇਵ ਤੋਂ ਵੀ ਅੱਗੇ ਵੱਧ ਕੇ ਯੋਗ ਨੂੰ ਵਿਗਿਆਨ ਦੇ ਰੂਪ ਵਿੱਚ ਪ੍ਰਚਾਰਿਆ ਜਾ ਰਿਹਾ ਹੈ। ਮੁੱਖ ਮੰਤਰੀ ਸ਼ਿਵਰਾਜ ਸਿੰਘ ਤੋਂ ਲੈ ਕੇ ਸੂਬਾ ਮੰਤਰੀ ਮੰਡਲ ਤੱਕ ਦੇ ਸਾਰੇ ਮੈਂਬਰ ਸੂਰਜ-ਨਮਸਕਾਰ ਅਤੇ ਹੋਰ ਯੌਗਿਕ ਅਭਿਆਸਾਂ ਵਿੱਚ ਸ਼ਾਮਲ ਹੋ ਕੇ ਮੀਡੀਆ ਲਈ ਫੋਟੋਆਂ ਖਿੱਚਵਾ ਰਹੇ ਹਨ ਅਤੇ ਲੋਕਾਂ ਦੇ ਮਨਾਂ ਵਿੱਚ ਵਿਗਿਆਨ ਅਤੇ ਅਨੁਭਵੀ ਗਿਆਨ ਦਾ ਰੋਲ-ਘਚੋਲਾ ਪਾ ਰਹੇ ਹਨ।

ਰਾਜ ਮਸ਼ੀਨਰੀ ਕਿਸ ਤਰ੍ਹਾਂ ਖੁੱਲੇ ਪੱਖਪਾਤ ਉੱਤੇ ਆ ਗਈ ਹੈ ਇਸਦਾ ਸਭ ਤੋਂ ਤਾਜ਼ਾ ਸਬੂਤ ਹੈ ਪ੍ਰੋਫੈਸਰ ਰਾਜੀਵ ਸਭਰਵਾਲ ਹੱਤਿਆ ਕਾਂਡ ਦੇ ਦੋਸ਼ੀਆਂ ਦਾ ਖੁੱਲਾ ਬਚਾਅ ਅਤੇ ਉਹਨਾਂ ਦੀ ਸੁਰੱਖਿਆ ਹੈ। ਕਿਉਂਕਿ ਹਤਿਆਰੇ ਸੰਘ ਪਰਿਵਾਰ ਦੀ ਵਿਦਿਆਰਥੀ ਜੱਥੇਬੰਦੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਦੇ ਹਨ ਇਸ ਲਈ ਸੌ ਖੂਨ ਮਾਫ਼। ਪੁਲਸ ਨੇ ਐਫ. ਆਈ. ਆਰ ਹੀ ਕਮਜ਼ੋਰ ਕਰ ਦਿੱਤੀ ਸੀ ਜਿਸ ਵਜੋਂ ਸਬੂਤਾਂ ਦੀ ਘਾਟ ਵਿੱਚ ਹਾਈਕੋਰਟ ਨੇ ਲੋੜੀਂਦੇ ਸਬੂਤਾਂ ਦੀ ਘਾਟ ਵਿੱਚ ਮੁਜਰਿਮ ਨੂੰ ਬਰੀ ਕਰ ਦਿੱਤਾ। ਪ੍ਰੋ. ਸਭਰਵਾਲ ਦੇ ਪਰਿਵਾਰ ਮੈਂਬਰਾਂ ਨੂੰ ਲਗਾਤਾਰ ਡਰਾਇਆ ਧਮਕਾਇਆ ਗਿਆ। ਉਧਰ, ਮੁੱਖ ਮੰਤਰੀ ਸ਼ਿਵ ਰਾਜ ਸਿੰਘ ਖੁੱਲ੍ਹਮ-ਖੁੱਲ੍ਹਾ ਤੌਰ 'ਤੇ ਹਸਪਤਾਲ ਦਾ ਨਿਰੀਖਣ ਕਰਨ ਬਹਾਨੇ ਇਸ ਕਾਂਡ ਦੇ ਹੱਤਿਆ ਦੇ ਦੋਸ਼ੀ ਨੂੰ ਮਿਲਣ ਪਹੁੰਚ ਜਾਂਦੇ ਹਨ।

ਭੋਪਾਲ ਦੇ ਗਊਸ਼ਾਲਾ ਕਾਂਡ ਵਿੱਚ ਵੀ ਅੱਗ ਹਾਲੇ ਸੁਲਗ ਰਹੀ ਹੈ। ਇਸ ਨੂੰ ਰਹਿ-ਰਹਿ ਕੇ ਸੁਲਗਾਇਆ ਜਾ ਰਿਹਾ ਹੈ। ਇਹ ਸਾਰੇ ਇਸ ਗੱਲ ਦੇ ਸੰਕੇਤ ਹਨ ਕਿ ਮੱਧ ਪ੍ਰਦੇਸ਼ ਵਿੱਚ ਵੀ ਤਿਆਰੀਆਂ ਅੰਦਰ ਹੀ ਅੰਦਰ ਚੱਲ ਰਹੀਆਂ ਹਨ।

ਇਹਨਾਂ ਦੋਵੇਂ ਸੂਬਿਆਂ ਵਿੱਚ ਕਿਰਤੀ ਲੋਕਾਂ ਦੀਆਂ ਲਹਿਰਾਂ ਦੀ ਕਮਜ਼ੋਰ ਇਤਿਹਾਸਕ ਪਿੱਠਭੂਮੀ ਰਹੀ ਹੈ ਅਤੇ ਸਮਾਜਿਕ-ਸਭਿਆਚਾਰਕ ਢਾਂਚੇ ਵਿੱਚ ਜਗੀਰੂ ਕਦਰਾਂ-ਕੀਮਤਾਂ ਅਤੇ ਸਭਿਆਚਾਰਕ ਦੀ ਰਹਿੰਦ-ਖੂੰਹਦ ਅੱਜ ਵੀ ਕਾਫ਼ੀ ਮੌਜੂਦ ਹੈ। ਪੰਜੀਵਾਦੀ ਰਾਜਨੀਤੀ ਦੇ ਦਾਇਰੇ ਵਿੱਚ ਸਿੰਧੀਆ ਰਾਜਘਰਾਣੇ ਦੀ ਗਰੀਬ ਲੋਕਾਂ ਵਿਚਕਾਰ ਅੱਜ ਵੀ ਪਕੜ ਦੀ ਵਜ੍ਹਾ ਆਮ ਹਿੰਦੂ ਲੋਕਾਂ ਦੀ ਪੁਰਾਣੇ ਰਾਜੇ ਰਜਵਾੜਿਆਂ ਨੂੰ ਦੇਵਤਿਆਂ ਬਰਾਬਰ ਮੰਨਣ ਦੀ ਦਿਮਾਗੀ ਗੁਲਾਮੀ ਹੈ ਜਿਸ ਤੋਂ ਅੱਜ ਵੀ ਉਹ ਉੱਭਰ ਨਹੀਂ ਸਕੇ ਹਨ। ਰਾਜਨੀਤਿਕ ਅਜ਼ਾਦੀ ਤੋਂ ਬਾਅਦ ਵੀ ਉੱਥੇ ਸਨਅਤੀ ਵਿਕਾਸ ਬੇਹੱਦ ਘੱਟ ਹੋਣ ਨਾਲ ਸਨਅਤੀ ਮਜ਼ਦੂਰ ਜਮਾਤ ਦੀ ਗਿਣਤੀ ਬਹੁਤ ਘੱਟ ਹੈ। ਖੱਬੇ-ਪੱਖੀ ਪ੍ਰਗਤੀਸ਼ੀਲ ਵਿਚਾਰਕ ਲਹਿਰ ਵੀ ਮੁੱਖ ਤੌਰ 'ਤੇ ਇੰਦੌਰ-ਜਬਲਪੁਰ ਭੋਪਾਲ ਦੇ ਮਹਾਨਗਰਾਂ ਦੇ ਦਾਇਰੇ ਵਿੱਚ ਹੀ ਸਿਮਟੀ ਹੋਈ ਹੈ। ਇਹਨਾਂ ਕਾਰਨਾਂ ਕਰਕੇ ਫਿਰਕੂ ਫਾਸੀਵਾਦੀ ਤਾਕਤਾਂ ਨੂੰ ਆਪਣਾ ਏਜੰਡਾ ਅੱਗੇ ਵਧਾਉਣ ਲਈ ਉਪਜਾਊ ਜ਼ਮੀਨ ਮਿਲੀ ਹੋਈ ਹੈ। ਗੁਜਰਾਤ ਤੋਂ ਬਾਅਦ ਰਾਜਸਥਾਨ ਅਤੇ ਮੱਧਪ੍ਰਦੇਸ਼ ਦੇ ਰੂਪ ਵਿੱਚ ਇਹਨਾਂ ਦੋ ਨਵੀਆਂ ਪ੍ਰਯੋਗਸ਼ਾਲਾਵਾਂ ਵਿੱਚ ਲਗਾਤਾਰ ਅੱਗੇ ਵੱਧਦਾ ਪ੍ਰਯੋਗ ਸਾਰੇ ਪ੍ਰਗਤੀਸ਼ੀਲ, ਜਮਹੂਰੀ ਅਤੇ ਧਰਮ ਨਿਰਪੱਖ ਲੋਕਾਂ ਸਾਹਮਣੇ ਗੰਭੀਰ ਚੁਣੌਤੀ ਦੇ ਰੂਪ ਵਿੱਚ ਖੜ੍ਹਾ ਹੈ। ਫਿਰਕੂ ਫਾਸੀਵਾਦੀ ਤਾਕਤਾਂ ਦੇ ਮੰਸੂਬਿਆਂ ਨੂੰ ਜੇ ਖੇਰੂੰ-ਖੇਰੂੰ ਕਰਨਾ ਹੈ ਤਾਂ ਦੇਸ਼ ਭਰ ਵਿੱਚ ਆਪਣੀ ਘੇਰਾਬੰਦੀ ਤੇਜ਼ ਕਰਨੀ ਪੈਣੀ ਹੈ। ਬਹਾਦਰ, ਇੰਸਾਫ਼ਪਸੰਦ ਅਤੇ ਪ੍ਰਗਤੀ ਚਾਹੁਣ ਵਾਲੇ ਨੌਜਵਾਨਾਂ ਨੂੰ ਹਨੇਰੇ ਦੀਆਂ ਇਹਨਾਂ ਕਾਲੀਆਂ ਤਾਕਤਾਂ ਖਿਲਾਫ਼ ਆਉਣ ਵਾਲੇ ਦਿਨਾਂ ਵਿੱਚ ਸੜਕਾਂ ਉੱਤੇ ਮੋਰਚਾ ਲਾਉਣ ਲਈ ਲਾਮਬੰਦ ਹੋਣਾ ਹੋਵੇਗਾ।

ਧੂੜ ਦੀ ਥਾਂ ਰਾਖ਼ ਹੋਣਾ ਚਾਹਾਂਗਾ ਮੈਂ।
ਮੈਂ ਚਾਹਾਂਗਾ ਕਿ ਇਕ ਅਮਿੱਟ ਜਵਾਲਾ ਬਣ ਜਾਏ
ਭੜਕ ਕੇ ਮੇਰੀ ਚਿੰਗਾਰੀ
ਬਜਾਏ ਇਸਦੇ ਕਿ ਸੜੇ ਕਾਠ ਵਿੱਚ ਉਸਦਾ ਦਮ
ਘੁੱਟ ਜਾਏ।
ਇੱਕ ਊਂਘਦੇ ਹੋਏ ਸਥਾਈ ਗ੍ਰਹਿ ਦੀ ਬਜਾਏ
ਮੈਂ ਹੋਣਾ ਚਾਹਾਂਗਾ ਇਕ ਸ਼ਾਨਦਾਰ ਉਲਕਾ
ਮੇਰਾ ਹਰ ਇੱਕ ਅਣੂ ਜਗਮਗਾਏ ਸ਼ਾਨ ਦੇ ਨਾਲ਼।
ਮਨੁੱਖ ਦਾ ਸਹੀ ਕੰਮ ਹੈ ਜੀਣਾ, ਨਾ ਕਿ ਸਿਰਫ਼
ਜੀਉਂਦੇ ਰਹਿਣਾ
ਆਪਣੇ ਦਿਨ ਮੈਂ ਬਰਬਾਦ ਨਹੀਂ ਕਰਾਂਗਾ, ਉਹਨਾਂ
ਨੂੰ ਲੰਬਾ ਬਣਾਉਣ ਦੀ ਕੋਸ਼ਿਸ਼ ਵਿੱਚ
ਮੈਂ ਆਪਣੇ ਸਮੇਂ ਦਾ ਇਸਤੇਮਾਲ ਕਰਾਂਗਾ।

—ਜੈਕ ਲੰਡਨ

ਜਨਮ ਦਿਨ (14 ਜੂਨ) 'ਤੇ ਵਿਸ਼ੇਸ਼

ਅਰਨੈਸਟੋ ਚੀ ਗਵੇਰਾ—ਸੰਘਰਸ਼ ਅਤੇ ਕੁਰਬਾਨੀਆਂ ਭਰੇ ਜੀਵਨ ਦੀ ਦਾਸਤਾਨ

—ਡਾ. ਅਮ੍ਰਿਤ

"ਜਦੋਂ ਮੈਂ ਆਪਣੀ ਡਾਕਟਰੀ ਦੀ ਪੜ੍ਹਾਈ ਸ਼ੁਰੂ ਕੀਤੀ ਉਸ ਸਮੇਂ ਮੈਂ ਉਹਨਾਂ ਵਿਚਾਰਾਂ ਦਾ ਧਾਰਨੀ ਨਹੀਂ ਸਾਂ, ਜਿਹਨਾਂ ਦਾ ਮੈਂ ਇਨਕਲਾਬੀ ਬਣਨ ਤੋਂ ਬਾਅਦ ਸਾਂ। ਹਰ ਇੱਕ ਦੀ ਤਰ੍ਹਾਂ ਮੈਨੂੰ ਵੀ ਸਫਲਤਾ ਚਾਹੀਦੀ ਸੀ। ਮੇਰਾ ਸੁਪਨਾ ਵੀ ਮਸ਼ਹੂਰ ਖੋਜਕਰਤਾ ਬਣਨ ਦਾ ਸੀ, ਅਣਥੱਕ ਮਿਹਨਤ ਕਰਕੇ ਮਨੁੱਖ-ਜਾਤੀ ਦੇ ਫਾਇਦੇ ਲਈ ਕੋਈ ਪ੍ਰਾਪਤੀ ਕਰਨਾ ਸੀ। ਪਰ ਇਹ ਸਭ ਕੁੱਝ ਵਿਅਕਤੀਗਤ ਸਫਲਤਾ ਬਾਰੇ ਸੀ। ਸਾਡੇ ਸਾਰਿਆਂ ਦੀ ਤਰਾਂ, ਮੈਂ ਵੀ ਆਪਣੇ ਆਲ਼ੇ-ਦੁਆਲ਼ੇ ਦੀਆਂ ਹਾਲਤਾਂ ਦੀ ਪੈਦਾਇਸ਼ ਸੀ।

'……ਤੇ ਫਿਰ ਮੈਂ ਦੇਖਿਆ ਕਿ ਸਿਰਫ਼ ਪੈਸੇ ਨਾ ਹੋਣ ਦੀ ਵਜ੍ਹਾ ਕਾਰਨ ਮਾਂ-ਪਿਉ ਆਪਣੇ ਬੱਚਿਆਂ ਦਾ ਇਲਾਜ ਨਹੀਂ ਕਰਵਾ ਪਾਉਂਦੇ, ਮੈਂ ਦੇਖਿਆ ਕਿ ਲਗਾਤਾਰ ਭੁੱਖ-ਨੰਗ ਅਤੇ ਦੁੱਖਾਂ ਨੇ ਮਨੁੱਖਤਾ ਦੀ ਗਿਰਾਵਟ ਐਨੀ ਵਹਿਸ਼ੀਆਨਾ ਕਰ ਦਿੱਤੀ ਸੀ ਕਿ ਇੱਕ ਪਿਤਾ ਆਪਣੇ ਬੱਚੇ ਦੀ ਮੌਤ ਨੂੰ ਐਸ ਤਰ੍ਹਾਂ ਪ੍ਰਵਾਨ ਕਰ ਲੈਂਦਾ ਸੀ ਜਿਵੇਂ ਕੁੱਝ ਹੋਇਆ ਹੀ ਨਾ ਹੋਵੇ ਅਤੇ ਫਿਰ ਮੈਂ ਅਨੁਭਵ ਕੀਤਾ ਕਿ ਇਹਨਾਂ ਲੋਕਾਂ ਦੀ ਮਦਦ ਲਈ ਆਉਣਾ ਕਿਸੇ ਵੀ ਤਰ੍ਹਾਂ ਕੋਈ ਮਸ਼ਹੂਰ ਖੋਜਕਰਤਾ ਬਣਨ ਜਾਂ ਮੈਡੀਕਲ ਸਾਇੰਸ ਵਿੱਚ ਯੋਗਦਾਨ ਪਾਉਣ ਨਾਲ਼ੋਂ ਘੱਟ ਮਹੱਤਵਪੂਰਨ ਨਹੀਂ।"

ਇਹ ਸ਼ਬਦ ਦੱਖਣੀ ਅਮਰੀਕਾ ਦੇ ਲੋਕ ਨਾਇਕ ਤੇ ਪੂਰੀ ਦੁਨੀਆਂ ਦੇ ਨੌਜਵਾਨਾਂ ਦੇ ਦਿਲਾਂ ਨੂੰ ਖਿੱਚ ਪਾਉਣ ਵਾਲ਼ੇ ਸ਼ਹੀਦ ਅਰਨੈਸਟੋ ਚੀ ਗਵੇਰਾ ਦੇ ਹਨ ਜਿਸ ਦਾ ਜਨਮ ਦਿਨ ਜੂਨ ਦੀ 14 ਤਰੀਕ ਨੂੰ ਆ ਰਿਹਾ ਹੈ। ਚੀ ਗਵੇਰਾ, ਜਿਸ ਨੇ ਜਵਾਨੀ ਦੀ ਸ਼ੁਰੂਆਤ ਮੈਡੀਕਲ ਦੀ ਪੜ੍ਹਾਈ ਨਾਲ਼ ਕੀਤੀ ਤੇ ਬਾਅਦ ਵਿੱਚ ਇੱਕ ਮਹਾਨ ਇਨਕਲਾਬੀ ਬਣਿਆ, ਦੇ ਇਹ ਸ਼ਬਦ ਸਿਰਫ਼ ਡਾਕਟਰੀ ਦੀ ਪੜ੍ਹਾਈ ਕਰ ਰਹੇ ਨੌਜਵਾਨਾਂ ਲਈ ਹੀ ਵੰਗਾਰ ਨਹੀਂ, ਸਿਰਫ਼ ਉਹਨਾਂ ਨੂੰ ਹੀ ਅਸਲੀਅਤ ਦੇ ਦਰਸ਼ਨ ਨਹੀਂ ਕਰਾਉਂਦੇ ਸਗੋਂ ਹਰ ਨੌਜਵਾਨ ਚਾਹੇ ਉਹ ਕਿਸੇ ਵੀ ਵਿਸ਼ੇ ਦੀ ਪੜ੍ਹਾਈ ਕਰ ਰਿਹਾ ਹੋਵੇ ਜਾਂ ਕਿਸੇ ਵੀ ਕਿੱਤੇ ਵਿੱਚ ਰੁੱਝਿਆ ਹੋਵੇ, ਨੂੰ ਸੋਚਣ ਲਈ ਮਜਬੂਰ ਕਰਦੇ ਹਨ ਤੇ ਫਿਰ ਉਹ ਨੌਜਵਾਨ ਚਾਹੇ ਦੱਖਣੀ ਅਮਰੀਕਾ, ਅਫ਼ਰੀਕਾ, ਏਸ਼ੀਆ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਦਾ ਹੋਵੇ।

ਚੀ ਗਵੇਰਾ ਦਾ ਜਨਮ 14 ਜੂਨ, 1928 ਨੂੰ ਅਰਜਨਟਾਈਨਾ ਦੇ ਸ਼ਹਿਰ ਰੋਸਾਰੀਓ ਵਿੱਚ ਹੋਇਆ। ਦੋ ਸਾਲ ਦੀ ਉਮਰ ਹੋਣ ਤੱਕ ਚੀ ਦਮੇ ਦੀ ਬੀਮਾਰੀ ਦਾ ਸ਼ਿਕਾਰ ਹੋ ਗਿਆ ਜੋ ਉਸ ਦੇ ਅੰਤਲੇ ਸਾਹਾਂ ਤੱਕ ਉਸਦੇ ਸੰਗ ਰਹੀ। ਇਸ ਬੀਮਾਰੀ ਕਰਕੇ ਚੀ ਨੂੰ ਸਕੂਲ ਵਿੱਚ ਦੇਰੀ ਨਾਲ਼ ਦਾਖਲ ਕਰਵਾਇਆ ਗਿਆ ਪਰ ਦਮੇ ਦੇ ਲਗਾਤਾਰ ਪੈਂਦੇ ਦੌਰਿਆਂ ਕਾਰਨ ਉਸ ਨੂੰ ਅਕਸਰ ਘਰ ਹੀ ਬੈਠਣਾ ਪੈਂਦਾ ਸੀ। ਕਿਉਂਕਿ ਚੀ ਦੇ ਮਾਤਾ-ਪਿਤਾ ਵੀ ਰਾਜਨੀਤੀ ਵਿੱਚ ਹਿੱਸਾ ਲੈਂਦੇ ਸਨ ਤੇ ਪੜ੍ਹਨ ਦਾ ਸ਼ੌਕ ਰੱਖਦੇ ਸਨ, ਇਸ ਲਈ ਉਹਨਾਂ ਨੇ ਘਰ ਵਿੱਚ ਅੱਛੀ ਲਾਇਬਰੇਰੀ ਬਣਾ ਰੱਖੀ ਸੀ ਜਿਸ ਵਿੱਚ ਦੁਨੀਆਂ ਭਰ ਦਾ ਬਿਹਤਰੀਨ ਸਾਹਿਤ ਅਤੇ ਮਾਰਕਸ, ਲੈਨਿਨ ਦੀਆਂ ਕਿਰਤਾਂ ਉਪਲਭਧ ਸਨ। ਇਸ ਵਜ੍ਹਾ ਕਰਕੇ ਚੀ ਨੂੰ ਬਚਪਨ ਤੋਂ ਹੀ ਪੜ੍ਹਨ ਦਾ ਸ਼ੌਕ ਪੈ ਗਿਆ ਤੇ ਉਸ ਨੇ ਜਵਾਨੀ ਆਉਣ ਤੱਕ ਹੀ ਮਾਰਕਸ, ਲੈਨਿਨ ਤੇ ਹੋਰ ਪ੍ਰਸਿੱਧ ਲੇਖਕਾਂ ਤੇ ਕਵੀਆਂ ਦੀਆਂ ਲਿਖਤਾਂ ਪੜ੍ਹ ਲਈਆਂ ਸਨ। ਕੁੱਝ 'ਵਿਦਵਾਨਾਂ' ਅਨੁਸਾਰ ਚੀ ਆਪਣੀ ਬੀਮਾਰੀ ਅਤੇ ਕਿਤਾਬਾਂ ਪੜ੍ਹਨ ਦੇ ਸ਼ੌਕ ਕਾਰਨ ਇਨਕਲਾਬੀ ਬਣ ਗਿਆ। ਉਹ ਇਹ ਨਹੀਂ ਸਮਝਦੇ ਕਿ ਚੀ ਦੱਖਣੀ ਅਮਰੀਕਾ ਦੀਆਂ ਯਾਤਰਾਵਾਂ ਦੌਰਾਨ ਇਕੱਠੇ ਕੀਤੇ ਆਪਣੇ ਅਨੁਭਵਾਂ ਕਾਰਨ ਇਨਕਲਾਬੀ ਬਣਿਆ ਨਾ ਕਿ ਸਿਰਫ਼ ਕਿਤਾਬਾਂ ਪੜ੍ਹਕੇ। ਚੀ ਦੇ ਪਿਤਾ ਦੇ ਸ਼ਬਦਾਂ ਵਿੱਚ "ਇਨਕਲਾਬੀ ਕਿਸੇ ਬੀਮਾਰੀ ਜਾਂ ਸਰੀਰਕ ਅਪੰਗਤਾ ਦੀ ਉਪਜ ਨਹੀਂ ਹੁੰਦੇ ਜਾਂ ਸਿਰਫ਼ ਜਜ਼ਬਾਤੀ ਹੋ ਕੇ ਕੋਈ ਇਨਕਲਾਬੀ ਨਹੀਂ ਬਣ ਜਾਂਦੇ ਸਗੋਂ ਇਹ ਤਾਂ ਲੁੱਟ 'ਤੇ ਆਧਾਰਿਤ ਸਮਾਜਿਕ ਢਾਂਚੇ 'ਤੇ ਮਨੁੱਖ ਦੀ ਇਨਸਾਫ਼ ਲਈ ਕੁਦਰਤੀ ਖਿੱਚ ਹੈ ਜੋ ਇਹੋ ਜਿਹੇ ਇਨਕਲਾਬੀ ਪੈਦਾ ਕਰਦੀ ਹੈ।" ਚੀ ਨੂੰ ਬਚਪਨ ਤੋਂ ਦੁਨੀਆ ਤੁਰ-ਫਿਰ ਕੇ ਦੇਖਣ ਦੀ ਚਾਹ ਸੀ, ਉਹ ਦੇਖਣਾ ਚਾਹੁੰਦਾ ਸੀ ਕਿ ਉਸ ਦੀ ਮਾਂ-ਭੂਮੀ ਕਿਹੋ-ਜਿਹੀ ਦਿਖਦੀ ਹੈ? ਉਸ ਦੇ ਦੇਸ਼-ਵਾਸੀ ਕਿਹੋ ਜਿਹਾ ਜੀਵਨ ਜਿਉਂਦੇ ਹਨ? ਉਹਨਾਂ ਦੀ ਗਰੀਬੀ ਤੇ ਮੰਦਹਾਲੀ ਦੇ ਕਿਹੜੇ ਕਾਰਨ ਹਨ? ਇਸ ਲਗਨ ਬਾਰੇ ਚੀ ਨੇ 13 ਸਾਲ ਦੀ ਉਮਰ ਵਿੱਚ ਆਪਣੇ ਪਿਤਾ ਨੂੰ ਦੱਸ ਦਿੱਤਾ। ਚੀ ਨੇ ਕੁਛ ਡਾਲਰ ਲਏ ਅਤੇ ਉਤਰੀ ਅਰਜਨਟਾਈਨਾ ਦੀ ਯਾਤਰਾ ਲਈ ਨਿਕਲ਼ ਪਿਆ। ਤਿੰਨ ਮਹੀਨੇ ਬਾਅਦ ਉਹ ਵਾਪਸ ਘਰ ਆਇਆ। ਅਗਲੇ ਸਾਲਾਂ ਵਿੱਚ ਉਸ ਨੇ ਆਪਣੀ ਸਕੂਲ ਦੀ ਪੜ੍ਹਾਈ ਖਤਮ ਕੀਤੀ ਅਤੇ ਬਿਊਨਸ ਆਇਰਸ ਦੀ ਯੂਨੀਵਰਸਿਟੀ ਵਿੱਚ ਮੈਡੀਕਲ ਦੀ ਪੜ੍ਹਾਈ ਲਈ ਦਾਖਲਾ ਲੈ ਲਿਆ। ਚੀ ਦੇ ਮਾਤਾ-ਪਿਤਾ ਵੀ ਬਿਊਨਸ ਆਇਰਸ ਆ ਗਏ ਪਰ ਘਰ ਦੀ ਆਰਥਿਕ ਹਾਲਤ ਮਾੜੀ ਹੋਣ ਕਰਕੇ ਚੀ ਨੇ ਆਪਣੀ ਪੜ੍ਹਾਈ ਦਾ ਖਰਚਾ ਆਪ ਚੁੱਕਣ ਦਾ ਫੈਸਲਾ ਕੀਤਾ ਅਤੇ ਇੱਕ ਲਾਇਬਰੇਰੀ ਵਿੱਚ ਨੌਕਰੀ ਕਰ ਲਈ।

ਇਥੇ ਹੀ ਚੀ ਅਤੇ ਉਸ ਦੇ ਦੋਸਤ ਅਲਬਰਟੋ ਨੇ ਦੱਖਣੀ ਅਮਰੀਕਾ ਦਾ ਦੌਰਾ ਕਰਨ ਦਾ ਮਨ ਬਣਾਇਆ ਅਤੇ ਆਪਣੇ

ਪੁਰਾਣੇ ਮੋਟਰਸਾਈਕਲ ਤੇ ਨਿਕਲ ਪਏ। ਇਸ ਯਾਤਰਾ ਦੌਰਾਨ ਚੀ ਨੂੰ ਅਨੇਕਾਂ ਵਾਰ ਦਮੇ ਦੇ ਦੌਰੇ ਪਏ ਪਰ ਉਹ ਵਾਰ-ਵਾਰ ਇਸ ਤੋਂ ਉਭਰਦਾ ਰਿਹਾ ਅਤੇ ਯਾਤਰਾ ਜਾਰੀ ਰੱਖੀ। ਉਹ ਚਿੱਲੀ, ਪੇਰੂ, ਕੋਲੰਬੀਆਂ ਅਤੇ ਵੈਨਜ਼ੁਏਲਾ ਤੋਂ ਬਿਊਨਸ ਆਇਰਸ ਵਾਪਸ ਆ ਗਏ। ਇਸ ਸਫ਼ਰ ਦੌਰਾਨ ਉਹਨਾਂ ਨੇ ਕਈ ਕੋਹੜ ਆਸ਼ਰਮਾਂ ਵਿੱਚ ਕੋਹੜੀਆਂ ਦੇ ਇਲਾਜ ਲਈ ਕੰਮ ਕੀਤਾ, ਕਿਸਾਨਾਂ ਦੀ ਹਾਲਤ ਦੇਖੀ, ਤਾਂਬੇ ਅਤੇ ਸ਼ੀਸੇ ਦੀਆਂ ਖਾਣਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੇ ਨਾਲ਼ ਰਹਿ ਕੇ ਉਹਨਾਂ ਦੀ ਬਦਤਰ ਜ਼ਿੰਦਗੀ ਨੂੰ ਨੇੜਿਉਂ ਵੇਖਿਆ ਤੇ ਮਜ਼ਦੂਰਾਂ ਦੀ ਲੁੱਟ ਕਰਦੇ ਖਾਣ ਮਾਲਕਾਂ ਨੂੰ ਦੇਖਿਆ। ਪੂਰੇ ਅੱਠ ਮਹੀਨੇ ਬਾਅਦ ਚੀ ਵਾਪਸ ਆ ਕੇ ਪੜਾਈ ਵਿੱਚ ਜੁੱਟ ਗਿਆ ਅਤੇ ਮਾਰਚ, 1953 ਵਿੱਚ ਡਾਕਟਰੀ ਦੀ ਡਿਗਰੀ ਪ੍ਰਾਪਤ ਕਰ ਲਈ। ਉਸ ਸਮੇਂ ਅਰਜਨਟਾਈਨਾ ਵਿੱਚ ਪੀਰੋਨ ਨਾਂ ਦੇ ਡਿਕਟੇਟਰ ਨੇ ਰਾਜਸੱਤਾ 'ਤੇ ਕਬਜ਼ਾ ਕਰ ਰੱਖਿਆ ਸੀ ਅਤੇ ਹਰ ਨੌਜਵਾਨ ਡਾਕਟਰ ਲਈ ਫੌਜੀ ਨੌਕਰੀ ਲਾਜ਼ਮੀ ਰੱਖੀ ਪਰ ਚੀ ਦੀ ਮਨਸ਼ਾ ਇਹ ਨੌਕਰੀ ਕਰਨ ਦੀ ਬਿਲਕੁਲ ਨਹੀਂ ਸੀ, ਸੋ ਉਸ ਨੇ ਬਰਫ਼-ਵਰਗੇ ਠੰਢੇ ਪਾਣੀ ਨਾਲ਼ ਇਸ਼ਨਾਨ ਕੀਤਾ ਤੇ ਇਸ ਨਾਲ ਉਸਨੂੰ ਦਮੇਂ ਦਾ ਦੌਰਾ ਪੈ ਗਿਆ। ਇਸ ਹਾਲਤ ਵਿੱਚ ਉਹ ਮੈਡੀਕਲ ਕਮਿਸ਼ਨ ਅੱਗੇ ਪੇਸ਼ ਹੋਇਆ ਅਤੇ ਉਸ ਨੂੰ ਨੌਕਰੀ ਤੋਂ ਛੁੱਟੀ ਮਿਲ ਗਈ।

ਹੁਣ ਚੀ ਇੱਕ ਵਾਰ ਫਿਰ ਦੱਖਣੀ ਅਮਰੀਕਾ ਦੀ ਯਾਤਰਾ 'ਤੇ ਨਿਕਲ਼ ਪਿਆ ਪਰ ਇਸ ਵਾਰ ਉਹ ਇਕੱਲਾ ਸੀ। ਸਭ ਤੋਂ ਪਹਿਲਾਂ ਉਹ ਬੋਲੀਵੀਆ ਪਹੁੰਚਿਆ। ਬੋਲੀਵੀਆ ਦੀ ਨਵੀਂ ਸਰਕਾਰ ਨੇ ਕੁੱਝ ਖਾਣਾਂ ਦਾ ਕੌਮੀਕਰਨ ਕਰਕੇ ਚੰਗੀ ਭੱਲ ਬਣਾ ਰੱਖੀ ਸੀ। ਚੀ ਨੇ ਖਾਣ-ਮਜ਼ਦੂਰਾਂ ਦੀਆਂ ਕਲੋਨੀਆਂ ਵਿੱਚ ਜਾਕੇ ਵੇਖਿਆ ਕਿ ਉੱਥੇ ਸਭ ਪਹਿਲਾਂ ਜਿਹਾ ਸੀ, ਛੇਤੀ ਹੀ ਬੋਲੀਵੀਆ ਦਾ ਇਨਕਲਾਬ ਚੀ ਦੇ ਮਨੋਂ ਲਹਿ ਗਿਆ। ਚੀ ਅਨੁਸਾਰ "ਸਵਾਲ ਤਾਂ ਇਹ ਸੀ ਕਿ ਕਾਰਨਾਂ ਦੇ ਵਿਰੁੱਧ ਲੜਿਆ ਜਾਂਦਾ, ਨਾ ਕਿ ਪ੍ਰਭਾਵਾਂ ਨੂੰ ਦੂਰ ਕਰਕੇ ਤਸੱਲੀ ਕਰ ਲਈ ਜਾਂਦੀ। ਇਹ ਕ੍ਰਾਂਤੀ ਅਵੱਸ਼ ਹੀ ਫੇਲ੍ਹ ਹੋਵੇਗੀ, ਜੇ ਇਹ ਇੰਡੀਅਨਾਂ ਦੇ ਆਤਮਿਕ ਨਿਖੇੜੇ ਨੂੰ ਨਹੀਂ ਤੋੜਦੀ, ਜੇ ਉਹਨਾਂ ਦੀਆਂ ਰੂਹਾਂ ਨਹੀਂ ਝੰਜੋੜਦੀ ਤੇ ਜੇ ਇਹ ਉਹਨਾਂ ਦੇ ਗੁਆਚੇ ਮਨੁੱਖੀ ਗੌਰਵ ਨੂੰ ਬਹਾਲ ਨਹੀਂ ਕਰਦੀ ਤਾਂ ਇਸ ਸਾਰੀ ਗੱਲ ਦਾ ਕੀ ਲਾਭ ?"

ਬੋਲੀਵੀਆ ਦੀ ਰਾਜਧਾਨੀ ਲਾ ਪਾਜ਼ ਵਿੱਚ ਉਸ ਨੂੰ ਗੁਆਟੇਮਾਲਾ ਦੀ ਅਰਬੈਂਜ ਸਰਕਾਰ ਦੁਆਰਾ ਕੀਤੇ ਜਾ ਰਹੇ ਲੋਕ-ਪੱਖੀ ਕੰਮਾਂ ਬਾਰੇ ਪਤਾ ਲੱਗਿਆ, ਇਸ ਲਈ ਉਹ ਸਭ ਕੁੱਝ ਦੇਖਣ ਲਈ ਗੁਆਟੇਮਾਲਾ ਚੱਲ ਪਿਆ। ਗੁਆਟੇਮਾਲਾ ਪਹੁੰਚ ਕੇ ਉਸ ਨੇ ਦੂਰ-ਦੁਰਾਡੇ ਕਬਾਇਲੀ ਇਲਾਕਿਆਂ ਵਿੱਚ ਕੰਮ ਕਰਨ ਲਈ ਦਰਖਾਸਤ ਦਿੱਤੀ ਪਰ ਉਸਨੂੰ ਨਾਂਹ ਹੋ ਗਈ। ਇਸ ਲਈ ਚੀ ਨੇ ਖਰਚਾ ਚਲਾਉਣ ਲਈ ਅਖ਼ਬਾਰਾਂ ਸੁੱਟਣ ਅਤੇ ਅਖ਼ਬਾਰਾਂ ਲਈ ਰਿਪੋਰਟਾਂ ਲਿਖਣ ਦਾ ਕੰਮ ਲੈ ਲਿਆ, ਇਸੇ ਦੌਰਾਨ ਉਹ ਇਨਕਲਾਬੀ ਹਲਕਿਆਂ ਵਿਚਲੀਆਂ ਬਹਿਸਾਂ ਵਿੱਚ ਹਿੱਸਾ ਲੈਣ ਲੱਗ ਪਿਆ। ਅਰਬੈਂਜ ਸਰਕਾਰ ਨੇ 'ਯੂਨਾਈਟਿਡ ਫਰੂਟ ਕੰਪਨੀ' ਨਾਂ ਦੀ ਬਹੁਕੌਮੀ ਅਮਰੀਕਨ ਕੰਪਨੀ ਸਮੇਤ ਕਈ ਹੋਰ ਕੰਪਨੀਆਂ ਤੋਂ 556 ਹਜ਼ਾਰ ਹੈਕਟੇਅਰ ਜ਼ਮੀਨ ਜ਼ਬਤ ਕਰਕੇ ਆਮ ਲੋਕਾਂ ਵਿੱਚ ਵੰਡ ਦਿੱਤੀ ਅਤੇ ਮਜ਼ਦੂਰਾਂ ਦੀ ਦਿਹਾੜੀ ਦੁਗਣੀ ਕਰ ਦਿੱਤੀ। ਇਹ ਸਾਰਾ ਕੁੱਝ ਉਸ ਸਮੇਂ ਦੇ ਅਮਰੀਕੀ ਪ੍ਰਸ਼ਾਸਨ ਦੀਆਂ ਨਜ਼ਰਾਂ ਵਿੱਚ ਜਮਹੂਰੀ ਆਜ਼ਾਦੀ ਦੀ ਉਲੰਘਣਾ ਸੀ ਸਿੱਟੇ ਵਜੋਂ ਅਮਰੀਕੀ ਸਰਕਾਰ ਅਤੇ ਮੀਡੀਆ ਅਰਬੈਂਜ ਸਰਕਾਰ ਦਾ ਤਖਤਾ-ਪਲਟ ਕਰਨ ਲਈ ਪੱਬਾਂ ਭਾਰ ਸੀ। ਆਪਣੀ ਇਸ ਸਾਜਿਸ਼ ਵਿੱਚ ਅਮਰੀਕਾ ਕਾਮਯਾਬ ਰਿਹਾ ਅਤੇ ਕਾਸਟਿਕੋ ਆਰਾਮ ਨਾਂ ਦੇ ਅਮਰੀਕਾ ਪੱਖੀ ਫੌਜੀ ਜਰਨਲ ਨੇ ਸੱਤਾ 'ਤੇ ਕਬਜ਼ਾ ਕਰ ਲਿਆ ਅਤੇ ਲੋਕਾਂ ਦਾ ਚੁਣਿਆ ਰਾਸ਼ਟਰਪਤੀ ਅਰਬੈਂਜ ਗੱਦੀ ਛੱਡਕੇ ਅਰਜਨਟਾਈਨਾ ਚਲਿਆ ਗਿਆ। ਚੀ ਗਵੇਰਾ ਅਰਬੇਂਜ ਸਰਕਾਰ ਦੇ ਸਮਰਥਨ ਵਿੱਚ ਲੋਕਾਂ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਜਿਸ ਕਾਰਨ ਉਹ ਸੀ.ਆਈ.ਏ. ਦੀ ਹਿਟ ਲਿਸਟ 'ਤੇ ਆ ਗਿਆ। ਅਰਜਨਟਾਈਨਾ ਦੇ ਸਫ਼ਾਰਤਖਾਨੇ ਦੀ ਮਦਦ ਨਾਲ਼ ਚੀ ਇਥੋਂ ਬਚ ਕੇ ਮੈਕਸੀਕੋ ਨਿਕਲ ਗਿਆ। ਬਾਅਦ ਵਿੱਚ 1960 ਦੇ ਸਾਲ ਦੌਰਾਨ ਚੀ ਨੇ ਆਪਣੇ ਗੁਆਟੇਮਾਲਾ ਦੇ ਅਨੁਭਵ ਬਾਰੇ ਕੁੱਝ ਇਸ ਤਰ੍ਹਾਂ ਕਿਹਾ, "ਠੀਕ ਇਸ ਸਮੇਂ ਮੈਂ ਇਹ ਅਨੁਭਵ ਕੀਤਾ ਕਿ ਇੱਕ ਇਨਕਲਾਬੀ ਡਾਕਟਰ ਬਣਨ ਲਈ ਤੁਹਾਨੂੰ ਪਹਿਲਾਂ ਇਨਕਲਾਬ ਦੀ ਲੋੜ ਹੁੰਦੀ ਹੈ। ਅਲੱਗ-ਥਲੱਗ ਵਿਅਕਤੀਗਤ ਕੋਸ਼ਿਸ਼ਾਂ ਜਾਂ ਵਿਚਾਰਾਂ ਦੀ ਸ਼ੁੱਧਤਾ ਜਾਂ ਤਰੱਕੀ ਦੇ ਰਾਹ 'ਚ ਰੋੜਾ ਬਣੀਆਂ ਦੁਸ਼ਮਣ ਸਰਕਾਰਾਂ ਤੇ ਉਲਟ ਸਮਾਜਿਕ ਹਾਲਤਾਂ ਦੇ ਖਿਲਾਫ਼ ਦੱਖਣੀ ਅਮਰੀਕਾ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਇਕੱਲੇ ਤੌਰ 'ਤੇ ਸੰਘਰਸ਼ ਕਰਨ ਦਾ ਕੋਈ ਫਾਇਦਾ ਨਹੀਂ ਹੋਣ ਲੱਗਿਆ। ਇਨਕਲਾਬ ਲਿਆਉਣ ਲਈ ਜ਼ਰੂਰੀ ਹੈ ਆਮ ਲੋਕਾਂ ਦੀ ਲਾਮਬੰਦੀ ਜਿਵੇਂ ਕਿ ਕਿਊਬਾ ਵਿੱਚ।"

ਮੈਕਸੀਕੋ ਦੀ ਰਾਜਧਾਨੀ ਮੈਕਸੀਕੋ ਸ਼ਹਿਰ ਪਹੁੰਚ ਕੇ ਚੀ ਨੇ ਪਹਿਲਾਂ-ਪਹਿਲ ਇੱਕ ਕਿਤਾਬਾਂ ਦੀ ਦੁਕਾਨ 'ਤੇ ਨੌਕਰੀ ਕੀਤੀ ਪਰ ਚੀ ਕਿਤਾਬਾਂ ਵੇਚਦਾ ਘੱਟ ਤੇ ਪੜ੍ਹਦਾ ਜ਼ਿਆਦਾ ਸੀ, ਜਿਸ ਕਾਰਨ ਉਸ ਨੂੰ ਇਹ ਨੌਕਰੀ ਤੋਂ ਹੱਥ ਧੋਣਾ ਪਿਆ। ਫਿਰ ਉਸ ਨੂੰ ਇੱਥੇ ਹੀ ਦਿਲ ਦੇ ਰੋਗਾਂ ਦੇ ਹਸਪਤਾਲ ਦੇ ਅਲਰਜੀ ਵਾਰਡ ਵਿੱਚ ਨੌਕਰੀ ਮਿਲ਼ ਗਈ ਜਿਥੇ ਅਚਾਨਕ ਉਸ ਦੀ ਮੁਲਾਕਾਤ ਕਿਊਬਾ ਦੇ ਇਨਕਲਾਬੀ ਰਾਉਲ ਕਾਸਤਰੋ ਤੇ ਫੀਡੇਲ ਕਾਸਤਰੋ ਨਾਲ਼ ਹੋ ਗਈ। ਫਿਡੇਲ ਨੇ ਚੀ ਨੂੰ ਪਾਰਟੀ ਡਾਕਟਰ ਦੇ ਤੌਰ 'ਤੇ ਆਪਣੇ ਗਰੁੱਪ ਵਿੱਚ ਸ਼ਾਮਲ ਕਰ ਲਿਆ। ਇਹਨਾਂ ਦਿਨਾਂ ਵਿੱਚ ਫਿਡੇਲ ਆਪਣੀ ਮੁਹਿੰਮ ਲਈ ਆਰਥਿਕ ਮਦਦ ਜੁਟਾਉਂਦਾ ਰਿਹਾ ਅਤੇ ਚੀ ਸਮੇਤ ਬਾਕੀ ਮੈਂਬਰ ਮੈਕਸੀਕੋ ਸ਼ਹਿਰ ਦੇ ਨੇੜੇ ਇੱਕ ਪਹਾੜੀ ਸਥਾਨ 'ਤੇ ਟਰੇਨਿੰਗ ਲੈਂਦੇ ਰਹੇ। ਅੰਤ 25 ਨਵੰਬਰ, 1956 ਫਿਡੇਲ ਅਤੇ ਉਸਦੇ ਸਾਥੀ ਇੱਕ ਛੋਟੀ ਕਿਸ਼ਤੀ 'ਗਰਾਨਮਾ', ਜੋ ਸਿਰਫ਼ 12 ਵਿਅਕਤੀਆਂ ਦੇ ਬੈਠਣ ਲਈ ਬਣੀ ਸੀ, ਵਿੱਚ ਬੈਠਕੇ ਆਪਣੀ ਮਾਤ-ਭੂਮੀ, ਆਪਣੇ ਲੋਕਾਂ ਨੂੰ ਅਮਰੀਕਾ-ਪੱਖੀ ਤਾਨਾਸ਼ਾਹ ਬਟਿਸਟਾ ਦੇ ਜਬਰ, ਜ਼ੁਲਮ ਤੇ ਲੁੱਟ ਤੋਂ ਆਜ਼ਾਦ ਕਰਵਾਉਣ ਲਈ ਸਮੁੰਦਰ ਵਿੱਚ ਠਿਲ੍ਹ ਪਏ। ਸਮੁੰਦਰੀ

ਤੂਫਾਨਾਂ ਦਾ ਟਾਕਰਾ ਕਰਦੀ ਹੋਈ ਛੋਟੀ ਕਿਸ਼ਤੀ 2 ਨਵੰਬਰ, 1956 ਨੂੰ ਕਿਊਬਾ ਦੇ ਕਿਨਾਰੇ ਪਹੁੰਚੀ ਤਾਂ ਬਟਿਸਟਾ ਦੀਆਂ ਫੌਜੀ ਟੁਕੜੀਆਂ ਅਤੇ ਹਵਾਈ ਜਹਾਜ਼ਾਂ ਨੇ ਅੰਨੇਵਾਹ ਗੋਲ਼ੀਬਾਰੀ ਸ਼ੁਰੂ ਕਰ ਦਿੱਤੀ। ਵਰ੍ਹਦੀਆਂ ਗੋਲੀਆਂ ਵਿੱਚ ਇਨਕਲਾਬੀ ਕਿਸ਼ਤੀ ’ਚੋਂ ਉੱਤਰ ਕੇ ਕੰਢੇ ਸਥਿਤ ਜੰਗਲ ਵਿੱਚ ਜਾਣ ਲੱਗੇ। ਅਗਲੇ ਕਈ ਦਿਨਾਂ ਤੱਕ ਇਨਕਲਾਬੀ, ਫੌਜ ਅਤੇ ਹਵਾਈ ਜਹਾਜਾਂ ਦੀ ਫਾਇਰੰਗ ਦਾ ਸਾਹਮਣਾ ਕਰਦੇ ਹੋਏ ਜੰਗਲ ਵਿੱਚ ਚਲਦੇ ਰਹੇ। ਇਸ ਘਟਨਾ ਵਿੱਚ ਫਿਡੇਲ ਦੇ ਅੱਧੇ ਤੋਂ ਵੀ ਜ਼ਿਆਦਾ ਸਾਥੀ ਮਾਰੇ ਗਏ ਅਤੇ 20 ਸਾਥੀ ਬੰਦੀ ਬਣਾ ਲਏ ਗਏ। ਚੀ ਵੀ ਕਿਵੇਂ ਨਾ ਕਿਵੇਂ ਦੂਸਰੇ ਇਨਕਲਾਬੀਆਂ ਨਾਲ਼ ਸੀਅਰਾ ਮੈਸਤਰਾ ਦੀਆਂ ਪਹਾੜੀਆਂ ਵਿੱਚ ਛੁੱਪਣ ਵਿੱਚ ਕਾਮਯਾਬ ਹੋ ਗਿਆ। ਇੱਥੇ ਇਨਕਲਾਬੀਆਂ ਨੇ ਕਿਸਾਨਾਂ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਅਤੇ ਉਹਨਾਂ ਦੀ ਹਮਦਰਦੀ ਹਾਸਲ ਕੀਤੀ ਹੌਲ਼ੀ-ਹੌਲ਼ੀ ਪਹਾੜੀਆਂ ਦੇ ਲਾਗਿਉਂ ਬਟਿਸਟਾ ਦੀਆਂ ਫੌਜੀ ਚੌਕੀਆਂ ਖਦੇੜ ਦਿੱਤੀਆਂ ਅਤੇ ਇਲਾਕੇ ਵਿੱਚ ਜ਼ਮੀਨੀ-ਸੁਧਾਰ ਕੀਤੇ। ਇਸ ਸਾਰੇ ਕੰਮ ਵਿੱਚ ਚੀ ਦਾ ਯੋਗਦਾਨ ਬਹੁਤ ਅਹਿਮ ਰਿਹਾ, ਜਿਸ ਕਰਕੇ ਉਹ ਹੁਣ ਮੇਜਰ ਗਵੇਰਾ ਬਣ ਗਿਆ ਸੀ। ਇਸ ਸਾਰੇ ਸਮੇਂ ਇਨਕਲਾਬੀਆਂ ਨੂੰ ਬੇਅੰਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਕਈ-ਕਈ ਦਿਨ ਲਗਾਤਾਰ ਤੁਰਦੇ ਰਹਿਣਾ ਪਿਆ, ਫਾਕੇ ਕੱਟਣੇ ਪਏ, ਚੀ ਨੂੰ ਦਮੇ ਦੀ ਬੀਮਾਰੀ ਦੇ ਲਗਾਤਾਰ ਪੈਂਦੇ ਦੌਰਿਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਪਰ ਚੀ ਨੇ ਆਪਣੇ ਹਿੱਸੇ ਦਾ ਸਮਾਨ ਕਦੇ ਦੂਸਰੇ ਸਾਥੀ ਦੇ ਮੋਢਿਆਂ ’ਤੇ ਨਾ ਪਾਇਆ। ਜਦੋਂ ਵੀ ਉਸ ਨੂੰ ਦਮੇ ਕਾਰਨ ਰੁਕਣਾ ਪੈਂਦਾ, ਉਸ ਨੇ ਬੰਦੂਕ ਰੱਖ ਕੇ ਕਿਤਾਬ ਚੁੱਕ ਲੈਣੀ। ਉਸ ਦੇ ਇੱਕ ਸਾਥੀ ਕੈਪਟਨ ਅਨਟੋਨੀਓ ਨੇ ਆਪਣੀਆਂ ਯਾਦਾਂ ਵਿੱਚ ਲਿਖਿਆ “ਮੈਨੂੰ ਅੱਜ ਤੱਕ ਸਮਝ ਨਹੀਂ ਆਈ, ਜਦੋਂ ਦਮਾ ਉਸ ਦਾ ਸਾਹ ਘੁੱਟ ਰਿਹਾ ਹੁੰਦਾ ਉਹ ਪੈਰਾਂ ’ਤੇ ਖੜ੍ਹਾ ਕਿਵੇਂ ਰਹਿੰਦਾ ਸੀ, ਸਗੋਂ ਉਹ ਆਪਣਾ ਚਮੜੇ ਦਾ ਝੋਲਾ ਤੇ ਹਥਿਆਰ ਮੋਢੇ ’ਤੇ ਸੁੱਟੀ ਇੱਕ ਸਿਪਾਹੀ ਦੀ ਤਰ੍ਹਾਂ ਪਹਾੜੀ ਰਸਤਿਆਂ ’ਤੇ ਚੱਲਦਾ ਰਹਿੰਦਾ।”

—(**ਬਾਕੀ ਅਗਲੇ ਅੰਕ ਵਿੱਚ**)

(**ਸਫ਼ਾ 19 ਦਾ ਬਾਕੀ ਹਿੱਸਾ**)

ਜਮਾਤ ਨੂੰ ਲੋਕਤੰਤਰ ਤੇ ਜਮਹੂਰੀਅਤ ਦਾ ਮੁਖੌਟਾ ਲਾਹ ਕੇ ਫਾਸੀਵਾਦੀ ਮੁਖੌਟਾ ਪਹਿਨਣ ਲਈ ਮਜਬੂਰ ਕੀਤਾ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਫਾਸੀਵਾਦ ਦਾ ਅੰਤ ਹੋ ਗਿਆ ਅਤੇ ਕਲਿਆਣਕਾਰੀ ਪੂੰਜੀਵਾਦੀ ਰਾਜਸੱਤਾਵਾਂ ਦਾ ਉਦੈ ਹੁੰਦਾ ਹੈ। ਇਹ ਮੁੜ ਉਸਾਰੀ ਦਾ ਦੌਰ ਸੀ ਪਰ ਸੰਸਾਰ ਜੰਗ ਤੋਂ ਹੋਏ ਵਿਨਾਸ਼ ਦੀ ਭਰਪਾਈ ਹੁੰਦੇ ਹੀ ਸੰਸਾਰ ਪੂੰਜੀਵਾਦ ਇੱਕ ਵਾਰ ਫੇਰ ਅਤਿ ਉਤਪਾਦਨ ਤੇ ਮੰਦੀ ਦੀ ਚਪੇਟ ਵਿੱਚ ਆਉਣ ਲੱਗਾ ’ਤੇ ਪੂਰੇ ਸੰਸਾਰ ਵਿੱਚ ਇੱਕ ਵਾਰ ਫਿਰ ਜਮਹੂਰੀ ਕਦਰਾਂ ਦਾ ਪਤਣ ਸ਼ੁਰੂ ਹੋ ਗਿਆ। ਭੂਮੰਡਲੀਕਰਨ ਦੇ ਦੌਰ ਦੇ ਜੁਆਰੀ ਤੇ ਸੱਟੇਬਾਜ਼ ਪੂੰਜੀਵਾਦ ਦੇ ਦੌਰ ਵਿੱਚ ਤਾਂ ਇਹ ਪ੍ਰਕ੍ਰਿਆ ਵੀ ਹੋਰ ਤੇਜ਼ ਹੋ ਗਈ। ਕਲੋਸੇਸ ਇਹ ਨਹੀਂ ਸਮਝਦੇ ਕਿ ਇਹ ਪੂੰਜੀਵਾਦ ਦੀ ਸੁਭਾਵਿਕ ਗਤੀ ਹੈ ਤੇ ਸਵਾਲ ਇਸਦੇ ਸੁਧਾਰ ਦਾ ਨਹੀਂ ਸਗੋਂ ਉਸਦੇ ਖਾਤਮੇ ਦਾ ਹੈ।

ਖੈਰ ਫਿਰ ਵੀ ਕਲਾਸੇਸ ਇਹ ਤਾਂ ਦਿਖਾ ਹੀ ਦਿੰਦੇ ਨੇ ਕਿ ਪੱਛਮੀ ਦੁਨੀਆਂ ਦੀ ਪ੍ਰੋਜੈਕਟਡ ਅਮੀਰੀ ਦੇ ਪਿੱਛੇ ਵੀ ਇੱਕ ਹਨੇਰੀ ਦੁਨੀਆ ਹੈ। ਅੱਜ ਫਰਾਂਸ ਦੀ ਨੌਜਵਾਨ ਆਬਾਦੀ ਦਾ 13% ਹਿੱਸਾ ਗਰੀਬ ਮੰਨਿਆ ਜਾਂਦਾ ਹੈ। ਫਰਾਂਸ ਵਿੱਚ ਪ੍ਰਵਾਸੀਆਂ ਨੂੰ ਅਕਸਰ ਨਸਲਵਾਦੀ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅਕਸਰ ਹੀ ਭਿਆਨਕ ਬੇਰੁਜ਼ਗਾਰੀ ਤੋਂ ਤੰਗ ਆ ਕੇ ਨੌਜਵਾਨ ਸੜਕਾਂ ’ਤੇ ਉੱਤਰ ਆਉਂਦੇ ਹਨ। ਸਿੱਖਿਆ ਤੇ ਸਿਹਤ ਸੇਵਾਵਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ। ਪਰ ਕੁੱਲ ਮਿਲਾ ਕੇ ਇਹ ਪੂੰਜੀਵਾਦ ਦੀ ਇੱਕ ਪੂੰਜੀਵਾਦੀ ਆਲੋਚਨਾ ਹੈ ਜੋ ਕਿਸੇ ਸੰਤ ਪੂੰਜੀਵਾਦ ਦੀ ਇੱਛਾ ਪਾਲਦੀ ਹੈ।

ਇੱਕ ਗੱਲ ਬਿਲਕੁਲ ਸਾਫ਼ ਹੈ। ਚੋਟੀ ’ਤੇ ਬੈਠੇ ਦੇਸ਼ਾਂ ਵਿੱਚ ਵੀ ਜਮਾਤੀ ਵੰਡ ਤਿੱਖੀ ਹੁੰਦੀ ਜਾ ਰਹੀ ਹੈ। ਸਾਮਰਾਜਵਾਦੀ ਦੇਸ਼ਾਂ ਵਿੱਚ ਵੀ ਹਾਲਾਤ ਕਾਫ਼ੀ ਤਣਾਅਪੂਰਣ ਬਣਦੇ ਜਾ ਰਹੇ ਹਨ। ਇਸ ਵਿੱਚ ਕੋਈ ਹੈਰਾਨੀ ਨਹੀਂ ਹੋਵੇਗੀ ਜੇ ਇਨ੍ਹਾਂ ਦੇਸ਼ਾਂ ਵਿੱਚ ਵੀ ਨੌਜਵਾਨਾਂ ਤੇ ਮਜ਼ਦੂਰਾਂ ਨੇ ਸੜਕਾਂ ਉੱਤੇ ਉਤਰਨਾ ਸ਼ੁਰੂ ਕਰ ਦਿੱਤਾ। ਜ਼ਾਹਿਰ ਹੈ ਕਿ ਅਜਿਹੇ ਸੰਘਰਸ਼ਾਂ ਨਾਲ਼ ਹੀ ਇਨਕਲਾਬ ਨਹੀਂ ਹੋ ਸਕਦਾ ਪਰ ਇਹ ਸਾਮਰਾਜਵਾਦੀ ਹਾਕਮਾਂ ਲਈ ਕਾਫ਼ੀ ਸਿਰਦਰਦ ਪੈਦਾ ਕਰੇਗਾ ਤੇ ਸੰਸਾਰ ਦੇ ਲੋਕਾਂ ਦੀ ਸਾਮਰਾਜਵਾਦ ਪੂੰਜੀਵਾਦ ਵਿਰੋਧੀ ਲੜਾਈ ਵਿੱਚ ਵੱਡਾ ਯੋਗਦਾਨ ਪਵੇਗਾ।

ਮੈਂ ਅਜਿਹੇ ਆਦਮੀ ਨੂੰ ਨਫ਼ਰਤ ਕਰਦਾ ਹਾਂ ਜੋ ਉਂਗਲੀ ਦੁਖਣ ’ਤੇ ਛਟਪਟਾਉਣ ਲਗਦਾ ਹੈ, ਜਿਸਦੇ ਲਈ ਪਤਨੀ ਦੀ ਸਨਕ ਇਨਕਲਾਬ ਤੋਂ ਵਧੇਰੇ ਮਹੱਤਵ ਰੱਖਦੀ ਹੈ, ਜੋ ਹੋਛੀ ਈਰਖ਼ਾ ਵਿੱਚ ਘਰ ਦੀਆਂ ਖਿੜਕੀਆਂ ਅਤੇ ਪਲੇਟਾਂ ਤੱਕ ਤੋੜਨ ਲਗਦਾ ਹੈ। ਜਾਂ ਉਹ ਕਵੀ ਜੋ ਹਰ ਪਲ ਠੰਢੇ ਹਓਕੇ ਭਰਦਾ ਹੋਇਆ ਬੇਚੈਨ ਰਹਿੰਦਾ ਹੈ, ਕੁਝ ਲਿਖ ਸਕਣ ਲਈ ਵਿਸ਼ਾ ਲੱਭਦਾ ਫਿਰਦਾ ਹੈ ਅਤੇ ਜਦ ਕਦੇ ਵਿਸ਼ਾ ਮਿਲ਼ ਜਾਂਦਾ ਹੈ ਤਾਂ ਲਿਖ ਨਹੀਂ ਪਾਉਂਦਾ ਕਿਉਂਕਿ ਉਸਦਾ ਮੂਡ ਠੀਕ ਨਹੀਂ ਜਾਂ ਉਸਨੂੰ ਜ਼ੁਕਾਮ ਹੋ ਗਿਆ ਹੈ ਅਤੇ ਨੱਕ ਵਗ ਰਿਹਾ ਹੈ। ਉਸ ਆਦਮੀ ਵਾਂਗ ਜੋ ਗਲ਼ ਵਿੱਚ ਮਫ਼ਲਰ ਲਪੇਟੀ ਡਰਦਾ ਕੰਬਦਾ ਘਰੋਂ ਬਾਹਰ ਨਹੀਂ ਨਿੱਕਲਦਾ ਕਿ ਕਿਤੇ ਹਵਾ ਨਾ ਲੱਗ ਜਾਵੇ। ਜੇ ਉਸ ਨੂੰ ਥੋੜ੍ਹਾ ਬਹੁਤ ਕਾਂਬਾ ਲੱਗੇ ਤਾਂ ਡਰ ਨਾਲ਼ ਉਸਦਾ ਖ਼ੂਨ ਸੁੱਕਣ ਲਗਦਾ ਹੈ, ਉਹ ਵਿਲਕਣ ਲਗਦਾ ਹੈ, ਆਪਣਾ ਵਸੀਅਤਨਾਮਾ ਲਿਖਣ ਬੈਠ ਜਾਂਦਾ ਹੈ। ਇੰਨਾ ਨਾ ਡਰੋ ਸਾਥੀ! ਆਪਣੇ ਜ਼ੁਕਾਮ ਬਾਰੇ ਸੋਚਣਾ ਛੱਡ ਦਿਓ। ਕੰਮ ਕਰਨ ਲੱਗੇਂਗਾ ਤਾਂ ਤੇਰਾ ਜ਼ੁਕਾਮ ਵੀ ਠੀਕ ਹੋ ਜਾਵੇਗਾ।

—ਨਿਕੋਲਾਈ ਓਸਤ੍ਰੋਵਸਕੀ

ਪੱਛਮੀ ਸੁਪਨਲੋਕ ਦੀ ਹਕੀਕਤ

—ਸ਼ਿਸ਼ਿਰ

ਪੂੰਜੀਵਾਦੀ ਪ੍ਰਬੰਧ ਅਤੇ ਉਸਦੀ ਪੂੰਜੀਵਾਦੀ ਜਮਹੂਰੀਅਤ ਹਮੇਸ਼ਾ ਕੁੱਝ ਅਜਿਹੀਆਂ ਸ਼ਖ਼ਸੀਅਤਾਂ ਨੂੰ ਜਨਮ ਦਿੰਦੀ ਹੈ ਜੋ ਉਸਦੀ ਹੀ ਆਲੋਚਨਾ ਕਰਨ। ਕੋਈ ਵੀ ਪ੍ਰਬੰਧ ਇਸੇ ਤਰਾਂ ਹੀ ਕੰਮ ਕਰਦਾ ਹੈ। ਉਹ ਖੁਦ ਨੂੰ ਬੇਦਾਗ ਨਹੀਂ ਦਿਖਾਉਂਦਾ ਅਤੇ ਉਹ ਚਾਹੁੰਦਾ ਹੈ ਕਿ ਉਸਦੇ ਦਾਗਾਂ ਦੀ ਅਲੋਚਨਾ ਕੋਈ ਵੀ ਪ੍ਰਬੰਧ ਦੇ ਘੇਰੇ ਅੰਦਰ ਰਹਿ ਕੇ ਕਰੇ ਜੇ ਕੋਈ ਇੰਝ ਨਹੀਂ ਕਰਦਾ ਤਾਂ ਖੁਦ ਉਹ ਅਜਿਹੇ ਲੋਕਾਂ ਨੂੰ ਨਿਯੁਕਤ ਕਰਦਾ ਹੈ ਜੋ ਉਸਦੀ ਅਲੋਚਨਾ ਕਰਨ। ਇਹ ਜਮਹੂਰੀਅਤ ਦੇ ਭਰਮ ਨੂੰ ਬਰਕਰਾਰ ਰੱਖਣ ਵਿੱਚ ਕਾਫ਼ੀ ਕਾਰਗਰ ਸਾਬਿਤ ਹੁੰਦਾ ਹੈ। ਕਈ ਵਾਰ ਅਜਿਹੇ ਲੋਕ ਪ੍ਰਬੰਧ ਦੇ ਹੀ ਟੁੱਕੜ ਖੋਰ ਹੁੰਦੇ ਹਨ ਜੋ ਪ੍ਰਬੰਧ ਦੀ ਅਲੋਚਨਾ ਕਰਦੇ ਹੋਏ ਕੋਈ ਬਦਲ ਨਹੀਂ ਸੁਝਾਉਂਦੇ। ਕਹਿੰਦੇ ਹਨ ਕਿ ਇਸੇ ਪ੍ਰਬੰਧ 'ਚ ਸੁਧਾਰ ਦੀ ਗੁੰਜਾਇਸ਼ ਹੈ। ਕਈ ਵਾਰ ਇੰਝ ਵੀ ਹੁੰਦਾ ਹੈ ਜਦੋਂ ਅਜਿਹੇ ਅਲੋਚਕ ਪ੍ਰਬੰਧ ਦੇ ਦਲਾਲ ਨਹੀਂ ਸਗੋਂ ਸੁਤੰਤਰ ਤੇ ਇਮਾਨਦਾਰ ਬੁੱਧੀਜਾਵੀ ਹੁੰਦੇ ਹਨ ਜਿਨਾਂ ਕੋਲ ਕੋਈ ਨਜ਼ਰ ਨਹੀਂ ਹੁੰਦੀ ਨਾ ਹੀ ਕੋਈ ਬਦਲ ਹੁੰਦਾ ਹੈ।

ਅਜਿਹੇ ਹੀ ਇੱਕ ਅਲੋਚਕ ਹਨ ਫ੍ਰਾਂਸ ਦੇ ਫ੍ਰਾਂਕੋਆ ਦਿ ਕਲੋਸੇਸ। ਅੱਜ ਤੋਂ ਕਰੀਬ ਪੰਝੀ ਸਾਲ ਪਹਿਲਾਂ ਕਲੋਸੇਸ ਦੀ ਇੱਕ ਕਿਤਾਬ ਆਈ *–ਤੂਜ਼ਿਉਰ ਪਲਸ! (ਹਮੇਸ਼ਾ ਜ਼ਿਆਦਾ!)* ਇਸ ਕਿਤਾਬ ਦੇ ਪ੍ਰਕਾਸ਼ਨ ਨੇ ਕਈ ਨਵੇਂ ਰਿਕਾਰਡ ਬਣਾਏ। ਇਸ ਕਿਤਾਬ ਦੀਆਂ 15 ਲੱਖ ਕਾਪੀਆਂ ਵਿਕੀਆਂ ਕਿਸੇ ਵੀ ਗੈਰ ਕਥਾਤਮਕ ਵਿਸ਼ੇ ਦੀ ਕਿਤਾਬ ਲਈ ਇਹ ਸੰਖਿਆ ਹੈਰਾਨੀਜਨਕ ਸੀ। ਇਹ ਕਿਤਾਬ ਫਰਾਂਸ ਦੇ ਸਮਾਜਿਕ ਹਾਲਾਤ ਦਾ ਵੇਰਵਾ ਸਾਹਮਣੇ ਰੱਖਦੀ ਹੋਈ ਇਹ ਦੱਸਦੀ ਹੈ ਕਿ ਜਿਸ ਫ੍ਰਾਂਸ ਨੇ ਸੁਤੰਤਰਤਾ, ਸਮਾਨਤਾ ਤੇ ਭਾਈਚਾਰੇ ਦੇ ਨਾਅਰੇ ਨੂੰ ਜਨਮ ਦਿੱਤਾ ਸੀ ਅੱਜ ਉਸੇ ਦੇਸ਼ ਵਿੱਚ ਇਹ ਸ਼ਬਦ ਖੋਖਲੇ ਸਾਬਿਤ ਹੋ ਰਹੇ ਹਨ ਤੇ ਮਜ਼ਾਕ ਦਾ ਕਾਰਣ ਬਣ ਰਹੇ ਹਨ। ਆਪਣੀ ਤਿੱਖੀ ਸ਼ੈਲੀ ਵਿੱਚ ਕਲੋਸੇਸ ਨੇ ਦੱਸਿਆ ਕਿ ਫ੍ਰਾਂਸ ਵਿੱਚ ਕਿਰਤੀ ਗਰੀਬਾਂ ਦੀ ਕੀ ਹਾਲਤ ਹੈ ਤੇ ਮੁੱਠੀਭਰ ਅਮੀਰਾਂ ਦੀ ਕੀ ਹਾਲਤ ਹੈ।

ਇਸ ਤੋਂ ਕਰੀਬ ਪੰਝੀ ਸਾਲ ਬਾਅਦ ਹੁਣ ਕਲੋਸੇਸ ਦੀ ਨਵੀਂ ਕਿਤਾਬ ਆਈ ਹੈ ਜੋ ਉਸੇ ਕਿਤਾਬ ਦਾ ਅਗਲਾ ਭਾਗ – *ਪਲੱਸ ਏਨਕੋਰ! (ਹੋਰ ਜ਼ਿਆਦਾ!)* ਇਹ ਕਿਤਾਬ ਵੀ ਪ੍ਰਤੀ ਦਿਨ 8000 ਕਾਪੀ ਦੀ ਤਾਦਾਦ ਵਿੱਚ ਵਿਕ ਰਹੀ ਹੈ। ਇਸ ਵਾਰ ਕਲੋਸੇਸ ਨੇ ਸਮਕਾਲੀਨ ਫਰਾਂਸੀਸੀ ਸਮਾਜ ਦੀ ਅਸਲੀਅਤ ਖੋਲ ਦਿੱਤੀ ਹੈ। ਕਲੋਸੇਸ ਦਸਦੇ ਨੇ ਕਿ ਫ੍ਰਾਂਸ ਅੱਜ ਵੱਧਦੇ ਅਪਰਾਧ, ਵੱਧਦੀ ਬੇਰੋਜ਼ਗਾਰੀ, ਧੀਮੇ ਵਿਕਾਸ, ਧਾਰਮਿਕ ਕੱਟੜਤਾ, ਮਹਿੰਗੀਆਂ ਹੁੰਦੀਆਂ ਸੇਹਤ ਸੇਵਾਵਾਂ ਦੀ ਸਮੱਸਿਆ ਨਸਲਵਾਦ, ਪ੍ਰਵਾਸੀਆਂ ਦੀ ਮਾੜੀ ਹਾਲਤ ਅਤੇ ਸ਼ਹਿਰੀ ਗਰੀਬੀ ਨਾਲ਼ ਜੂਝ ਰਿਹਾ ਹੈ। ਮੰਦੀ ਦੀ ਹਾਲਤ ਭਿਆਨਕ ਹੈ ਜੋ ਮੁਦਰਾਸਫ਼ੀਤੀ ਤੇ ਬੇਰੁਜ਼ਗਾਰੀ ਨੂੰ ਜਨਮ ਦੇ ਰਹੀ ਹੈ। ਫ੍ਰਾਂਸ ਦੀ ਹਾਕਮ ਜਮਾਤ, ਸਮਾਨਤਾ ਤੇ ਭਾਈਚਾਰੇ ਦੇ ਜਿਸ ਨਾਅਰੇ ਦੀ ਬਦੌਲਤ ਲੋਕਾਂ ਦੇ ਵਿਸ਼ਵਾਸ ਨੂੰ ਕਾਇਮ ਰੱਖਦੀ ਆਈ ਹੈ ਉਹ ਨਾਅਰਾ ਫ੍ਰਾਂਸ ਦੀ ਬਹੁਗਿਣਤੀ ਜਨਤਾ ਨੂੰ ਹੁਣ ਇੱਕ ਪਖੰਡ ਲੱਗਦਾ ਹੈ। ਕਲੋਸੇਸ ਖੁਦ ਦੱਸਦੇ ਨੇ ਫਰਾਂਸ ਨਾ ਸਿਰਫ਼ ਅਮੀਰ, ਮੱਧਵਰਗ ਤੇ ਗਰੀਬ ਤਬਕੇ ਵਿੱਚ ਵੰਡਿਆ ਜਾ ਚੁੱਕਿਆ ਹੈ ਸਗੋਂ ਇੱਕ ਤਾਕਤਵਰ ਹਿੱਤ ਸਮੂਹ ਪੈਦਾ ਹੋ ਗਏ ਹਨ ਜੋ ਅਜਿਹੇ ਬੋਨਸ ਤੇ ਵਿਸ਼ੇਸ਼ਾਧਿਕਾਰ ਹਾਸਿਲ ਕਰ ਚੁੱਕੇ ਹਨ ਜਿਸਦੇ ਅੰਕੜੇ ਕਿਸੇ ਵੀ ਸਰਕਾਰੀ ਕਾਗਜ਼ਾਤ ਵਿੱਚ ਨਹੀਂ ਮਿਲਦੇ। ਕਲੋਸੇਸ ਪੂੰਜੀਵਾਦੀ ਕੌਮਵਾਦ ਦੀ ਪੋਲ ਖੋਲ੍ਹਦੇ ਹੋਏ ਦੱਸਦੇ ਹਨ ਕਿ ਜੋ ਹਾਕਮ ਕੌਮਵਾਦ ਦੀ ਦੁਹਾਈ ਦੇ–ਦੇ ਕੇ ਲੋਕਾਂ ਨੂੰ ਸੰਕਟ ਦੇ ਮੌਕਿਆਂ ਵਿੱਚ ਲਾਮਬੰਦ ਕਰਦੀ ਹੈ ਉਹ ਕੌਮ ਦੇ ਹਿੱਤਾਂ ਦੇ ਸਭ ਤੋਂ ਵੱਧ ਖਿਲਾਫ ਹੈ। ਉਹ ਆਪਣੇ ਹਿੱਤਾਂ ਲਈ ਕੌਮੀ ਭਲਾਈ ਨੂੰ ਦਾਅ 'ਤੇ ਲਗਾਉਣ ਤੋਂ ਵੀ ਨਹੀਂ ਖੁੰਝਦੇ! ਅੱਜ ਦੇ ਸਮੇਂ ਵਿੱਚ ਇਸ ਹਾਕਮ ਜਮਾਤ ਨੇ ਫ੍ਰਾਂਸੀਸੀ ਸਮਾਜ ਵਿੱਚ ਆਪਣੀ ਜਕੜ ਹੋਰ ਮਜ਼ਬੂਤ ਕਰ ਲਈ ਹੈ। ਕਲੋਸੇਸ ਦੂਜੀ ਸੰਸਾਰ ਜੰਗ ਤੋਂ ਬਾਅਦ ਦੇ ਅਮੀਰੀ ਦੇ ਦੌਰ ਤੋਂ ਨਵ ਉਦਾਰਵਾਦ ਦੇ ਦੌਰ ਦੀ ਗਰੀਬੀ ਤੱਕ ਦੀ ਕਹਾਣੀ ਦੇ ਪਿੱਛੇ ਦਾ ਕਾਰਨ ਦਸਦੇ ਹੋਏ ਕਹਿੰਦੇ ਹਨ ਇਹ ਸੰਕਰਮਣ ਸਮਾਜਿਕ ਭਲਾਈ ਉੱਪਰ ਨਿੱਜੀ ਹਿੱਤਾਂ ਦੀ ਜਿੱਤ ਕਾਰਨ ਹੋਇਆ ਹੈ। ਦਰਅਸਲ ਇਹ ਕੋਲਸੇਸ ਦਾ "ਕਲਿਆਣਕਾਰੀ ਰਾਜ" ਦੇ ਪ੍ਰਤੀ ਨਾਸਟੈਲਜੀਆ ਹੈ ਜਿਸਦੇ ਕਾਰਨ ਉਹ ਨਵਉਦਾਰਵਾਦੀ ਨੀਤੀਆਂ ਨੂੰ ਕੋਸਦੇ ਹਨ ਤੇ ਵੈਲਫੇਅਰ ਸਟੇਟ ਦੇ ਦੌਰ ਦੀ ਖੁਸ਼ਹਾਲੀ ਨੂੰ ਯਾਦ ਕਰਦੇ ਹਨ। ਉਹ ਨਵਉਦਾਰਵਾਦੀ ਭੂ–ਮੰਡਲੀਕਰਣ ਦੇ ਦੌਰ ਦੇ ਪੂੰਜੀਵਾਦ ਦੀ ਤਿੱਖੀ ਤੇ ਅੱਖਾਂ ਖੋਲ੍ਹ ਦੇਣ ਵਾਲੀ ਅਲੋਚਨਾ ਕਰਦੇ ਹਨ ਅਤੇ ਉਸਨੂੰ ਅਲਫਨੰਗਾ ਕਰਕੇ ਛੱਡ ਦਿੰਦੇ ਹਨ ਪਰ ਉਸਦੇ ਬਦਲ ਦੇ ਤੌਰ 'ਤੇ ਉਹ ਜਿਸ ਦੌਰ ਨੂੰ ਯਾਦ ਕਰਦੇ ਹਨ ਉਹ ਹੈ ਦੂਜੀ ਸੰਸਾਰ ਜੰਗ ਦੀ ਸਮਾਪਤੀ ਦੇ ਬਾਅਦ ਦਾ ਕੀਨਜ਼ੀ ਨੁਸਖੇ 'ਤੇ ਬਣਿਆ ਕਲਿਆਣਕਾਰੀ ਰਾਜ। ਕਲੋਸੇਸ ਇਹ ਨਹੀਂ ਸਮਝ ਪਾਂਦੇ ਕਿ ਉਹ ਦੌਰ ਹੁਣ ਵਾਪਿਸ ਨਹੀਂ ਆ ਸਕਦਾ। ਪੂੰਜੀ ਦੀ ਕੁਦਰਤੀ ਗਤੀ ਤੇ ਮੁਨਾਫੇ ਦੀ ਹਵਸ ਅਤੇ ਰਾਜਸੱਤਾ ਵਿੱਚ ਪੂੰਜੀਪਤੀ ਜਮਾਤ ਦੇ ਕਬਜ਼ੇ ਕਾਰਣ ਹਮੇਸ਼ਾ ਹੀ ਲੋਕ ਹਿੱਤਾਂ ਦਾ ਸਿਲਸਿਲੇਵਾਰ ਤਿਆਗ ਹੁੰਦਾ ਹੈ। ਖੁੱਲ੍ਹੀ ਲੁੱਟ ਵਾਲ਼ੇ ਨੰਗੇ ਫ਼ਾਸੀਵਾਦੀ ਪੂੰਜੀਵਾਦ ਵੱਲ ਸੰਕਰਮਣ ਹੁੰਦਾ ਹੈ।

ਕਲੋਸੇਸ ਕਹਿੰਦੇ ਹਨ ਕਿ ਜਰਮਨ ਕਬਜ਼ੇ ਖਿਲਾਫ਼ ਲੜਦੇ ਹੋਏ ਉਭਰਿਆ ਫ੍ਰਾਂਸ ਇੱਕ ਸਮਾਨਤਾ ਅਤੇ ਨਿਆਂਪ੍ਰੇਮੀ ਫ੍ਰਾਂਸ ਸੀ ਤੇ ਅੱਜ ਇਹ ਹਾਲਤ ਇੱਕਦਮ ਬਦਲ ਗਈ ਹੈ। ਪੂੰਜੀਵਾਦ ਦੇ ਸੰਕਟ ਦੇ ਦੌਰ ਵਿੱਚ ਫਾਸੀਵਾਦ ਦਾ ਉਦੈ ਹੋਇਆ ਸੀ। 1930 ਦੇ ਦਹਾਕੇ ਵਿਚ ਮੰਦੀ ਅਤੇ ਅਤਿ ਉਤਪਾਦਨ ਕਾਰਨ ਪੈਦਾ ਹੋਈ ਤਬਾਹੀ ਤੇ ਅਰਾਜਕਤਾ ਤੇ ਇਜ਼ਾਰੇਦਾਰੀ ਨੇ ਪੂੰਜੀਪਤੀ

(ਬਾਕੀ ਹਿੱਸਾ ਸਫ਼ਾ 18 'ਤੇ)

ਦੁਨੀਆਂ ਦੇ 30 ਕਰੋੜ ਨੌਜਵਾਨ ਗਰੀਬੀ ਰੇਖਾ ਤੋਂ ਥੱਲੇ

—ਕਪਿਲ

ਅਖ਼ਬਾਰਾਂ ਦੇ ਬਿਜ਼ਨਸ ਵਾਲ਼ੇ ਪੇਜ਼ਾਂ ਤੋਂ ਲੈ ਕੇ ਸੰਪਾਦਕੀ ਪੇਜਾਂ ਤੱਕ ਛਪਣ ਵਾਲ਼ੇ ਲੇਖਾਂ 'ਚ ਅੱਜਕੱਲ੍ਹ ਸੰਸਾਰਵਿਆਪੀ ਵਿਕਾਸ ਦੀ ਸ਼ਾਨਦਾਰ ਤਸਵੀਰ ਪੇਸ਼ ਕੀਤੀ ਜਾ ਰਹੀ ਹੈ। ਪਰ ਪਿਛਲੇ ਦਿਨਾਂ 'ਚ ਆਈ ਸੰਸਾਰ ਕਿਰਤ ਸੰਗਠਨ ਦੀ ਰਿਪੋਰਟ ਨੇ ਹੀ ਇਸ ਵਿਕਾਸ ਦੇ ਢੋਲ ਦੀ ਪੋਲ ਖੋਲ਼ ਦਿੱਤੀ। ਰਿਪੋਰਟ 'ਚ ਸਾਹਮਣੇ ਆਏ ਤੱਥਾਂ ਨੇ ਜਿੱਥੇ ਇੱਕ ਪਾਸੇ ਪੂੰਜੀਵਾਦੀ ਢਾਂਚੇ 'ਚ ਹੋ ਰਹੇ ਖੋਖਲੇ ਵਿਕਾਸ ਦੀ ਹਵਾ ਕੱਢ ਦਿੱਤੀ ਉੱਥੇ ਹੀ ਇਸ ਤੋਂ ਆਣ ਵਾਲ਼ੇ ਸਮੇਂ 'ਚ ਸੰਕਟ ਦੇ ਹੋਰ ਗਹਿਰੇ ਹੋਣ ਦੇ ਸੰਕਤੇ ਵੀ ਮਿਲਦੇ ਹਨ।

ਰਿਪੋਰਟ ਪਿਛਲੇ ਦਸ ਸਾਲਾਂ (1995-2005) ਦੌਰਾਨ ਨੌਜਵਾਨਾਂ 'ਚ ਵਧ ਰਹੀ ਬੇਰੋਜ਼ਗਾਰੀ ਬਾਰੇ ਹੈ। ਇਸ ਵਿੱਚ ਦਿੱਤੇ ਗਏ ਅੰਕੜੇ ਅੱਖਾਂ ਖੋਲ੍ਹ ਦੇਣ ਵਾਲ਼ੇ ਹਨ। ਇਹ ਰਿਪੋਰਟ ਦੱਸਦੀ ਹੈ ਕਿ ਨੌਜਵਾਨਾਂ 'ਚ ਬੇਰੁਜ਼ਗਾਰੀ 14.8 ਪ੍ਰਤੀਸ਼ਤ ਦੀ ਤੇਜ਼ ਗਤੀ ਨਾਲ਼ ਵਧਦੀ ਜਾ ਰਹੀ ਹੈ ਅਤੇ ਅੱਜ ਪੂਰੀ ਦੁਨੀਆਂ 'ਚ 30 ਕਰੋੜ ਨੌਜਵਾਨ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਜਿਓਂ ਰਹੇ ਹਨ। ਬੇਰੁਜ਼ਗਾਰੀ ਦੀ ਇਹ ਭਿਆਨਕ ਤਸਵੀਰ ਵਿਕਾਸਸ਼ੀਲ ਦੇਸ਼ਾਂ ਸਾਹਮਣੇ ਸਭ ਤੋਂ ਸਾਫ਼ ਤੌਰ 'ਤੇ ਦਿਖਾਈ ਦੇ ਰਹੀ ਹੈ। ਕੰਮ ਕਰ ਰਹੇ ਨੌਜਵਾਨਾਂ 'ਚੋਂ ਵੀ 56 ਪ੍ਰਤੀਸ਼ਤ ਗਰੀਬੀ ਦੀ ਮਾਰ ਝੱਲ ਰਹੇ ਹਨ ਅਤੇ ਸ਼ੱਕ ਜ਼ਾਹਿਰ ਕੀਤਾ ਗਿਆ ਹੈ ਕਿ ਇਹਨਾਂ ਨੂੰ ਵੀ ਭਵਿੱਖ ਵਿੱਚ ਕੰਮ ਕਰਨ ਦੇ ਘੰਟੇ ਵਧਾਉਣ, ਘੱਟ ਤਨਖਾਹ, ਘੱਟੋ-ਘੱਟ ਤਜ਼ਰਬੇ, ਬਿਨਾਂ ਕਿਸੇ ਸਮਾਜਿਕ ਸੁਰੱਖਿਆ ਦੇ ਜਾਂ ਨਾ ਮਾਤਰ ਦੀ ਸਮਾਜਕ ਸੁਰੱਖਿਆ ਨਾਲ਼ ਅਸਥਾਈ ਜਾਂ ਗੈਰ ਰਸਮੀ ਠੇਕੇ 'ਤੇ ਕੰਮ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਰਿਪੋਰਟ ਪੂਰੀ ਈਮਾਨਦਾਰੀ ਨਾਲ਼ ਸੰਸਾਰ ਪੂੰਜੀਵਾਦ ਨੂੰ ਸੁਝਾਅ ਅਤੇ ਚੇਤਾਵਨੀ ਦਿੰਦੀ ਹੈ ਕਿ ਸਾਵਧਾਨ ਹੋ ਜਾਓ! ਸ਼ੁਰੂਆਤੀ ਸਮੇਂ ਚੰਗਾ ਕੰਮ ਨਾ ਮਿਲਣ 'ਤੇ ਨੌਜਵਾਨਾਂ ਦਾ ਬੇਹਤਰ ਭਵਿੱਖ ਦਾ ਸੁਪਨਾ ਜ਼ਿੰਦਗੀ ਭਰ ਦੇ ਲਈ ਮਿੱਟੀ 'ਚ ਮਿਲ ਸਕਦਾ ਹੈ। ਇਹ ਵੀ ਦੱਸਿਆ ਗਿਆ ਹੈ ਕਿ ਹੁਣ ਮੁੱਦਾ ਰੁਜ਼ਗਾਰ ਸੰਤੁਸ਼ਟੀ ਦਾ ਨਹੀਂ ਸਗੋਂ ਰੋਜ਼ਗਾਰ ਸੁਰੱਖਿਆ ਦਾ ਹੈ। ਸਭ ਤੋਂ ਵੱਡਾ ਸੰਕਟ ਇਹ ਹੈ ਕਿ ਉੱਚ ਵਿਦਿਆ ਦੇ ਬਾਵਜੂਦ ਬੇਹਤਰ ਰੁਜ਼ਗਾਰ ਹੁਣ ਇੱਕ ਸੁਪਨਾ ਬਣਦਾ ਜਾ ਰਿਹਾ ਹੈ।

ਇਹ ਰਿਪੋਰਟ ਸੰਸਾਰਵਿਆਪੀ ਚੌਤਰਫ਼ਾ ਵਿਕਾਸ ਦੇ ਝੂਠੇ ਦਾਅਵਿਆਂ ਦੀ ਹਕੀਕਤ ਬਿਆਨ ਕਰ ਦਿੰਦੀ ਹੈ। ਹੁਣ ਇਹ ਇੱਕ ਅਲੱਗ ਗੱਲ ਹੈ ਕਿ ਇਸ ਤਰਾਂ ਇਹ ਸੰਸਾਰ ਪੂੰਜੀਵਾਦ ਨੂੰ ਕੁੱਝ ਸੁਧਰ ਜਾਣ ਦਾ ਸੁਝਾਅ ਦੇਣ ਲਈ ਕਰਦੀ ਹੈ। ਪਰ ਇਸ ਕਿਰਿਆ ਵਿੱਚ ਇਹ ਸਾਰੇ ਯਥਾਰਥਵਾਦੀ ਬੁੱਧੀਜੀਵੀਆਂ ਅਤੇ ਅਰਥਸ਼ਾਸਤਰੀਆਂ ਦੇ ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹ ਹੀ ਦਿੰਦੀ ਹੈ ਅਤੇ ਨਾਲ਼ ਹੀ ਉਨਾਂ ਸੁਧਾਰਵਾਦੀਆਂ ਦਾ ਵੀ ਪਰਦਾਫਾਸ਼ ਕਰਦੀ ਹੈ ਜੋ ਇੱਕ ਦੂਜੀ ਦੁਨੀਆਂ ਸੰਭਵ ਹੈ ਦਾ ਰਾਗ ਗਾਉਂਦੇ ਹੋਏ ਇਸੇ ਦੁਨੀਆਂ ਵਿੱਚ ਟਾਕੀ ਦਾ ਕੰਮ ਕਰ ਰਹੇ ਹਨ।

ਇਸ ਰਿਪੋਰਟ ਨਾਲ਼ ਜੇ ਅਸੀਂ ਦੇਸ਼ 'ਚ ਬੇਰੁਜ਼ਗਾਰੀ ਦੀ ਸਥਿਤੀ 'ਤੇ ਨਜ਼ਰ ਮਾਰੀਏ ਤਾਂ ਮਾਮਲਾ ਜ਼ਿਆਦਾ ਸਾਫ਼ ਹੋ ਜਾਂਦਾ ਹੈ। ਸਾਡੇ ਦੇਸ਼ ਵਿੱਚ ਬੇਰੁਜ਼ਗਾਰਾਂ ਦੀ ਸੰਖਿਆ ਇੱਕ ਅਨੁਮਾਨ ਦੇ ਅਨੁਸਾਰ 30 ਕਰੋੜ ਦੇ ਕਰੀਬ ਹੈ। ਇਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਆਪਣੀ ਯੋਗਤਾ ਜਾਂ ਡਿਗਰੀ ਦੀ ਬਜਾਏ ਕੋਈ ਛੋਟਾ ਮੋਟਾ ਕੰਮ ਕਰਕੇ ਗੁਜਾਰਾ ਕਰ ਰਹੇ ਹਨ।

ਨੌਜਵਾਨਾਂ ਦੀ ਬਹੁਤ ਵੱਡੀ ਸੰਖਿਆ ਤਾਂ ਮਹਿੰਗੀ ਹੁੰਦੀ ਸਿੱਖਿਆ ਵਜੋਂ ਕੈਂਪਸਾਂ ਤੱਕ ਵੀ ਨਹੀਂ ਪਹੁੰਚ ਪਾ ਰਹੀ। ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਪਿੰਡਾਂ ਵਿੱਚ ਰੁਜ਼ਗਾਰ ਨਾ ਮਿਲ ਸਕਣ ਕਾਰਨ ਨੌਜਵਾਨਾਂ ਦੀ ਇੱਕ ਵੱਡੀ ਅਬਾਦੀ ਸ਼ਹਿਰਾਂ ਵੱਲ ਆ ਰਹੀ ਹੈ। ਬੇਰੁਜ਼ਗਾਰੀ ਦੀ ਵਧਦੀ ਸਮੱਸਿਆ ਨੇ ਸਰਕਾਰ ਨੂੰ ਵੀ ਕੁਝ ਕਰਨ (ਕਵਾਇਦ ਕਰਨ) 'ਤੇ ਮਜਬੂਰ ਕਰ ਦਿੱਤਾ ਹੈ, ਭਾਵੇਂ ਉਸ ਨਾਲ਼ ਵੀ ਕੋਈ ਖਾਸ ਫਰਕ ਨਹੀਂ ਪਿਆ ਹੈ ਬਸ ਕੁਝ ਸਮੇਂ ਲਈ ਭਰਮ ਦਾ ਇੱਕ ਪਰਦਾ ਖੜਾ ਕਰ ਦਿੱਤਾ ਗਿਆ ਹੈ।

ਮਿਸਾਲ ਦੇ ਤੌਰ 'ਤੇ ਰੁਜ਼ਗਾਰ ਗਰੰਟੀ ਯੋਜਨਾ ਦੇ ਨਾਲ਼ ਵੀ ਇਹ ਹੀ ਹੋਇਆ। ਇਸ ਨੂੰ ਆਪਣੀ ਪ੍ਰਾਪਤੀ ਮੰਨਦੇ ਹੋਏ ਵਰਤਮਾਨ ਯੂ.ਪੀ.ਏ. ਸਰਕਾਰ ਨੇ ਲਾਗੂ ਕੀਤਾ ਸੀ। ਪਰ ਇਹ ਯੋਜਨਾ ਤਾਂ ਕੱਝ ਦਿਨਾਂ ਤੱਕ ਵੀ ਭਰਮ ਦਾ ਪਰਦਾ ਖੜਾ ਨਹੀਂ ਕਰ ਸਕਦੀ। ਇਸ ਯੋਜਨਾ ਦੇ ਅਧੀਨ ਬੇਰੁਜ਼ਗਾਰਾਂ ਨੂੰ ਸਾਲ ਦੇ 365 ਦਿਨਾਂ 'ਚੋਂ 100 ਦਿਨ ਰੁਜ਼ਗਾਰ ਦੇਣ ਦੀ ਗੱਲ ਹੈ। ਇਸਦੀ ਕੀ ਤੁਕ ਬਣਦੀ ਹੈ? ਇਹ ਤਾਂ ਮਨਮੋਹਨ ਸਿੰਘ ਅਤੇ ਉਸ ਦੀ ਜੁੰਡਲੀ ਹੀ ਦੱਸ ਸਕਦੀ ਹੈ! ਜੇਕਰ ਮੰਨ ਵੀ ਲਿਆ ਜਾਵੇ ਕਿ 100 ਦਿਨ ਰੁਜ਼ਗਾਰ ਮਿਲ਼ਦਾ ਹੈ, ਜੋ ਆ ਰਹੇ ਅੰਕੜਿਆਂ ਤੋਂ ਅਸੰਭਵ ਸਾਬਤ ਹੋ ਚੁੱਕਿਆ ਹੈ, ਤਾਂ ਵੀ ਬਾਕੀ ਦੇ 265 ਦਿਨ ਆਦਮੀ ਕੀ ਕਰੇਗਾ? ਭਜਨ ਕੀਰਤਨ? ਪਰ ਭੁੱਖਿਆਂ ਤਾਂ ਭਜਨ ਵੀ ਨਹੀਂ ਹੁੰਦਾ। ਕੁੱਲ ਮਿਲ਼ਾਕੇ ਇਹ ਸਰਕਾਰ ਦੁਆਰਾ ਦੇਸ਼ ਦੇ ਬੇਰੁਜ਼ਗਾਰਾਂ ਦੇ ਗੁੱਸੇ ਦੇ ਜਵਾਲਾਮੁਖੀ ਨੂੰ ਫੁੱਟਣ ਤੋਂ ਰੋਕਣ ਲਈ ਦਿੱਤਾ ਜਾਣ ਵਾਲ਼ਾ ਇੱਕ ਛੁਣਛੁਣਾ ਹੈ ਜੋ ਲਗਭਗ ਠੁੱਸ ਹੋ ਚੁੱਕਿਆ ਹੈ।

ਅਸਲ 'ਚ ਇਸ ਤਰ੍ਹਾਂ ਦਾ ਧੂੰਆਂ ਉਡਾ ਪੂੰਜੀਵਾਦੀ ਪ੍ਰਬੰਧ ਦੇ ਕੁਰੂਪ ਚਿਹਰੇ ਨੂੰ ਲੁਕਾਇਆ ਜਾ ਰਿਹਾ ਹੈ। ਇੱਕ ਪਾਸੇ ਆਸਮਾਨ ਛੂੰਹਦੀਆਂ ਇਮਾਰਤਾਂ, ਚਮਚਮਾਉਂਦੇ ਸ਼ਾਪਿੰਗ ਮਾਲ ਅਤੇ ਜਗਮਗਾਉਂਦੀਆਂ ਸੜਕਾਂ ਹਨ ਤਾਂ ਦੂਜੇ ਪਾਸੇ ਦੇਸ਼ ਦੇ ਨੌਜਵਾਨਾਂ ਦਾ ਹਨ੍ਹੇਰੇ ਭਰਿਆ ਭਵਿੱਖ! ਇੱਕ ਪਾਸੇ ਨਵੇਂ-ਨਵੇਂ ਉਦਯੋਗ ਲੱਗਣ, ਰੋਜ਼ਗਾਰ ਦੇ ਨਵੇਂ ਮੌਕਿਆਂ ਦੇ ਦਾਅਵੇ ਹਨ ਤਾਂ ਦੂਜੇ ਪਾਸੇ ਰੁਜ਼ਗਾਰ ਦੇ ਸੀਮਤ ਮੌਕਿਆਂ ਨੂੰ ਹਾਸਲ ਕਰਨ ਲਈ ਦਿਨ ਪ੍ਰਤੀ ਦਿਨ ਉੱਚ ਸਿੱਖਿਆ ਮਹਿੰਗੀ ਹੁੰਦੀ ਜਾ ਰਹੀ ਹੈ। ਜਦ ਕਿ ਜਿਨ੍ਹਾਂ ਨੂੰ ਉੱਚ ਸਿੱਖਿਆ ਨਸੀਬ ਵੀ ਹੁੰਦੀ ਹੈ,

ਉਹਨਾਂ ਸਭਨਾਂ ਨੂੰ ਵੀ ਰੁਜ਼ਗਾਰ ਨਹੀਂ ਮਿਲਦਾ।

ਇਸ ਦੀ ਵਜ੍ਹਾ ਵੀ ਬਹੁਤ ਸਪਸ਼ਟ ਹੈ। ਅਸਲ 'ਚ ਹੁਣ ਸੰਸਾਰ ਪੂੰਜੀਵਾਦ ਸਾਹਮਣੇ ਬੇਰੁਜ਼ਗਾਰਾਂ ਦੀ ਵਧ ਫੌਜ ਨੂੰ ਰੋਕਣ ਦਾ ਕੋਈ ਹੱਲ ਨਹੀਂ ਹੈ। ਪੂੰਜੀਵਾਦ ਅੰਦਰ ਇੱਕ ਅੰਤਕਾਰੀ ਬੀਮਾਰੀ ਦੇ ਤੌਰ 'ਤੇ ਮੰਦੀ ਆਉਂਦੀ ਹੈ। ਮੰਦੀ ਦੀ ਵਜ੍ਹਾ ਹੁੰਦੀ ਹੈ ਗੈਰ ਯੋਜਨਾਬੱਧ ਅਰਥਚਾਰੇ ਕਾਰਣ ਹੋਣ ਵਾਲ਼ੀ ਵਾਧੂ ਪੈਦਾਵਾਰ। ਜਿਸ ਸੈਕਟਰ ਜਾਂ ਉਦਯੋਗ ਤੋਂ ਜ਼ਿਆਦਾ ਮੁਨਾਫ਼ਾ ਹੁੰਦਾ ਹੈ, ਸਾਰੀ ਪੂੰਜੀ ਉਸ ਵੱਲ ਵਹਿ ਤੁਰਦੀ ਹੈ। ਨਤੀਜੇ ਵਜੋਂ ਉਸ ਸੈਕਟਰ ਵਿੱਚ ਮੁਕਾਬਲਾ ਵਧਦਾ ਹੈ ਅਤੇ ਵਾਧੂ ਪੈਦਾਵਾਰ ਹੁੰਦੀ ਹੈ ਬਾਜ਼ਾਰ ਉਸ ਮਾਲ ਨਾਲ਼ ਭਰ ਜਾਂਦੇ ਹਨ, ਤੇ ਦੁਕਾਨਾਂ 'ਚ 'ਸੇਲ' ਦੇ ਬੋਰਡ ਲਟਕ ਜਾਂਦੇ ਹਨ। ਖਰੀਦਣ ਲਈ ਖਰੀਦਾਰ ਨਹੀਂ ਹੁੰਦਾ ਤੇ ਮੁਨਾਫੇ ਦੀ ਦਰ ਗਿਰਣ ਲਗ ਜਾਂਦੀ ਹੈ, ਉਤਪਾਦਨ ਨੂੰ ਰੋਕਣਾ ਪੈਂਦਾ ਹੈ ਜਾਂ ਘੱਟ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਆਪਣੇ ਨਿੱਜੀ ਲਾਭ ਲਈ ਮਰਦਾ ਪੂੰਜੀਪਤੀ ਆਪਣੇ ਮਜ਼ਦੂਰਾਂ ਨੂੰ ਤਨਖਾਹਾਂ ਨਹੀਂ ਦੇਣਾ ਚਾਹੁੰਦਾ ਅਤੇ ਫੇਰ ਹੁੰਦੀ ਹੈ ਛਾਂਟੀ ਤੇ ਵਧਦੀ ਹੈ ਬੇਰੁਜ਼ਗਾਰੀ। ਇਸ ਅਸਿਥਰਤਾ ਨੂੰ ਪੂੰਜੀਵਾਦ ਰੋਕ ਹੀ ਨਹੀਂ ਸਕਦਾ ਕਿਉਂਕਿ ਇਸ ਢਾਂਚੇ ਵਿੱਚ ਨਿੱਜੀ ਮਾਲਕੀ ਅਤੇ ਮੁਨਾਫ਼ਾ ਹਰ ਕੰਮ ਦੀ ਪ੍ਰੇਰਕ ਸ਼ਕਤੀ ਹੁੰਦੇ ਹਨ। ਹਰ ਨਿੱਜੀ ਪੂੰਜੀਪਤੀ ਆਪਣੇ ਮੁਨਾਫੇ ਲਈ ਨਿਵੇਸ਼ ਕਰਦਾ ਹੈ ਅਜਿਹਾ ਤਾਂ ਹੁੰਦਾ ਨਹੀਂ ਕਿ ਸਾਰੇ ਪੂੰਜੀਪਤੀ ਮਿਲ ਕੇ ਬੈਠਣ ਕਿ ਸਮਾਜ ਨੂੰ ਜ਼ਰੂਰਤ ਕਿਨ੍ਹਾਂ-ਕਿਨ੍ਹਾਂ ਚੀਜ਼ਾਂ ਦੀ ਹੈ ਅਤੇ ਫਿਰ ਇਹ ਤੈਅ ਕਰ ਲੈਣ ਕਿ ਕੌਣ ਕੀ ਪੈਦਾ ਕਰੇਗਾ। ਇੱਥੇ ਤਾਂ ਸਾਰੇ ਹੀ ਇੱਕ ਦੂਜੇ ਦੇ ਮਾਸ ਨੂੰ ਹੀ ਉਬਾਲ ਕੇ ਖਾ ਜਾਣ ਦੀ ਫਿਰਾਕ ਵਿੱਚ ਰਹਿੰਦੇ ਹਨ! ਕਿਸੇ ਵੀ ਤਰਾਂ ਇੱਕ ਦੂਜੇ ਤੋਂ ਅੱਗੇ ਨਿਕਲ ਜਾਣ ਦੀ ਦੌੜ ਵਿੱਚ ਲੱਗੇ ਰਹਿੰਦੇ ਹਨ ਅਤੇ ਇਸ ਹਵਸ ਦੇ ਤਹਿਤ ਹੋਣ ਵਾਲ਼ਾ ਉਤਪਾਦਨ ਯੋਜਨਾਬੱਧ ਨਹੀਂ ਹੋ ਸਕਦਾ। ਮੁਨਾਫ਼ੇ ਲਈ ਹੋਣ ਵਾਲ਼ਾ ਉਤਪਾਦਨ, ਵਾਧੂ ਪੈਦਾਵਾਰ ਅਤੇ ਫਿਰ ਮੰਦੀ ਦੇ ਰਾਹ 'ਤੇ ਲੈ ਜਾਂਦਾ ਹੈ, ਜੋ ਪਲਟ ਕੇ ਬੇਰੁਜ਼ਗਾਰੀ, ਛਾਂਟੀ ਅਤੇ ਤਾਲਾਬੰਦੀ ਨੂੰ ਜਨਮ ਦਿੰਦਾ ਹੈ। ਇਸ ਲਈ ਪੂੰਜੀਵਾਦੀ ਥਿੰਕ ਟੈਂਕ ਭਾਵੇਂ ਪੂੰਜੀਵਾਦ ਅਤੇ ਪੂੰਜੀਪਤੀਆਂ ਨੂੰ ਸੰਜਮ ਅਤੇ ਸਮਾਜਕ ਕਲਿਆਣ ਕਰਨ ਦੀਆਂ ਹਿਦਾਇਤਾਂ ਦਿੰਦੇ ਰਹਿਣ, ਇਸ ਨਾਲ਼ ਕੋਈ ਫਰਕ ਨਹੀਂ ਪੈਣ ਵਾਲ਼ਾ ਕਿਉਂਕਿ ਪੂੰਜੀਪਤੀ ਪੂੰਜੀ 'ਤੇ ਨਹੀਂ ਸਗੋਂ ਪੂੰਜੀ ਪੂੰਜੀਪਤੀ 'ਤੇ ਸਵਾਰ ਹੁੰਦੀ ਹੈ। ਜੇਕਰ ਪੂੰਜੀਪਤੀ ਆਪਣੇ ਫੌਰੀ ਮੁਨਾਫ਼ੇ ਲਈ ਕੰਮ ਨਾ ਕਰੇ ਤਾਂ ਬਾਜ਼ਾਰ ਦੇ ਜੰਗਲ਼ ਰਾਜ ਵਿੱਚ ਕੋਈ ਹੋਰ ਕਿਸੇ ਸਵੇਰ ਸ਼ੇਅਰ ਮਾਰਕੀਟ ਦੇ ਖੁੱਲ੍ਹਣ ਦੇ ਨਾਲ਼ ਹੀ ਉਸਦਾ ਨਾਸ਼ਤਾ ਬਣਾ ਕੇ ਖਾ ਜਾਵੇਗਾ! ਇਸ ਲਈ ਇਹ ਪੂੰਜੀਵਾਦ ਦਾ ਨਾ ਹੱਲ ਹੋਣ ਯੋਗ ਸੰਕਟ ਹੈ। ਕੋਈ ਅਮ੍ਰਿਤਯਾ ਸੇਨ, ਜੋਸਫ਼ ਸਿਟਗਿਲਟਜ਼ ਜਾਂ ਮੇਘਨਾਦ ਦੇਸਾਈ ਇਸ ਨੂੰ ਨਹੀਂ ਰੋਕ ਸਕਦੇ। ਅਜੇਹਾ ਕੋਈ ਨੁਸਖਾ ਹੀ ਨਹੀਂ ਹੈ ਜੋ ਇਸ ਬਿਮਾਰੀ ਦਾ ਇਲਾਜ ਕਰ ਸਕੇ।

ਕਿਉਂਕਿ ਪੂੰਜੀਵਾਦ ਅਧੀਨ ਸਾਰਾ ਕੰਮ ਮੁਨਾਫੇ ਲਈ ਕੀਤਾ ਜਾਂਦਾ ਹੈ ਇਸ ਲਈ ਸਮਾਜ ਲਈ ਉਪਯੋਗੀ ਸਾਰੇ ਕੰਮਾਂ ਨੂੰ ਰਾਮ ਭਰੋਸੇ ਛੱਡ ਦਿੱਤਾ ਜਾਂਦਾ ਹੈ। ਦੂਜੇ ਪਾਸੇ, ਪੂੰਜੀਪਤੀ ਇਹ ਕਦੇ ਵੀ ਨਹੀਂ ਚਾਹੁਣਗੇ ਕਿ ਸਾਰਿਆਂ ਨੂੰ ਰੋਜ਼ਗਾਰ ਮਿਲੇ ਕਿਉਂਕਿ ਜੇ ਸਾਰਿਆਂ ਨੂੰ ਰੋਜ਼ਗਾਰ ਮਿਲ ਗਿਆ ਤਾਂ ਪੂੰਜੀਪਤੀ ਦੀ ਸੌਦੇਬਾਜ਼ੀ ਦੀ ਸਮਰੱਥਾ ਜ਼ੀਰੋ ਹੋ ਜਾਏਗੀ ਅਤੇ ਮਜ਼ਦੂਰਾਂ ਦੀ ਸੌਦੇਬਾਜ਼ੀ ਦੀ ਸਮੱਰਥਾ ਬਹੁਤ ਵੱਧ ਜਾਵੇਗੀ। ਪੂੰਜੀਵਾਦ ਨੂੰ ਰੁਜ਼ਗਾਰ ਪ੍ਰਾਪਤ ਮਜ਼ਦੂਰਾਂ ਨੂੰ ਕੱਢ ਦੇਣ ਦਾ ਡਰ ਦਿਖਾਕੇ ਮਜ਼ਦੂਰੀ ਘੱਟ ਕਰਨ ਅਤੇ ਉਸ ਨੂੰ ਨਿਚੋੜਨ ਲਈ ਹਮੇਸ਼ਾ ਬੇਰੁਜ਼ਗਾਰਾਂ ਦੀ ਇੱਕ ਰਿਜ਼ਰਵ ਆਰਮੀ ਚਾਹੀਦੀ ਹੈ। ਹਾਂ ਇਹੀ ਰਿਜ਼ਰਵ ਆਰਮੀ ਜ਼ਰੂਰਤ ਤੋਂ ਜ਼ਿਆਦਾ ਵੱਡੀ ਹੋ ਜਾਂਦੀ ਹੈ ਤਾਂ ਪੂੰਜੀਵਾਦ ਲਈ ਖਤਰਾ ਪੈਦਾ ਹੋ ਜਾਂਦਾ ਹੈ ਅਤੇ ਅਜਿਹਾ ਹੋਣ ਤੋਂ ਪੂੰਜੀਵਾਦ ਰੋਕ ਵੀ ਨਹੀਂ ਸਕਦਾ। ਦੂਜੇ ਪਾਸੇ ਪੂੰਜੀਪਤੀ ਇੱਕ ਦੂਜੇ ਨਾਲ਼ ਮੁਕਾਬਲੇ ਵਿੱਚ ਲਾਗਤ ਘੱਟ ਕਰਨ ਲਈ ਉੱਨਤ ਟੈਕਨਾਲਜੀ ਲਗਾਉਂਦੇ ਹਨ ਅਤੇ ਮਜ਼ਦੂਰਾਂ ਦੀ ਛਾਂਟੀ ਕਰਕੇ ਨਿਯਮਿਤ ਤੌਰ 'ਤੇ ਹੋਣ ਵਾਲ਼ੇ ਖ਼ਰਚੇ ਨੂੰ ਘੱਟ ਕਰਨ ਦੇ ਯਤਨ ਵਿੱਚ ਲੱਗੇ ਰਹਿੰਦੇ ਹਨ ਅਤੇ ਆਪਣੀ ਵਿਸ਼ੇਸ਼ਤਾ ਸਥਾਪਿਤ ਕਰਕੇ ਉਸਨੂੰ ਇੱਕ 'ਟ੍ਰੇਡ ਸੀਕਰੇਟ' ਦੇ ਰੂਪ 'ਚ ਇਸਤੇਮਾਲ ਕਰਕੇ ਦੂਜੇ ਪੂੰਜੀਪਤੀ ਨੂੰ ਨਿਗਲ਼ ਜਾਣ ਦੀ ਫਿਰਾਕ ਵਿੱਚ ਰਹਿੰਦੇ ਹਨ। ਇਸ ਨਾਲ਼ ਵੀ ਬੇਰੁਜ਼ਗਾਰੀ ਲਗਾਤਾਰ ਵਧਦੀ ਹੈ। ਇਸ ਨੂੰ ਵੀ ਪੂੰਜੀਵਾਦੀ ਪ੍ਰਬੰਧ ਦੇ ਦੂਰਦਰਸ਼ੀ ਪਹਿਰੇਦਾਰ ਦੇਖ ਤਾਂ ਸਕਦੇ ਹਨ ਪਰ ਰੋਕ ਨਹੀਂ ਸਕਦੇ।

ਪੂੰਜੀਵਾਦ ਵਿਕਾਸ ਦੇ ਦੀਆਂ ਵਿਰੋਧਤਾਈਆਂ ਨੂੰ ਹੁਣ ਖੁਦ ਪੂੰਜੀਵਾਦੀ ਅਰਥਸ਼ਾਸਤਰੀ ਅਤੇ ਵਿੱਤ ਮੰਤਰੀ ਤੱਕ ਮੰਨਣ ਲੱਗ ਗਏ ਹਨ। ਉਹ ਮੰਨ ਰਹੇ ਹਨ ਕਿ ਇਹ ਹੈ ਤਾਂ ਵਿਕਾਸ ਹੀ ਪਰ 'ਰੁਜ਼ਗਾਰ ਰਹਿਤ ਵਿਕਾਸ'। ਇਸ ਵਿਕਾਸ ਵਿੱਚ ਵਿਕਾਸ ਦੀ ਸਾਰੀ ਮਲ਼ਾਈ ਧਨਪਸ਼ੂ ਚੱਟਦੇ ਹਨ ਅਤੇ ਕਿਰਤੀਆਂ ਅਤੇ ਆਮ ਨੌਜਵਾਨਾਂ ਦੇ ਹੱਥ ਸਿਰਫ਼ ਖਾਕ ਹੀ ਆਉਂਦੀ ਹੈ।

ਪਰ ਨੌਜਵਾਨ ਇਨ੍ਹਾਂ ਸਥਿਤੀਆਂ ਨੂੰ ਚੁਪਚਾਪ ਝੱਲਣ ਲਈ ਤਿਆਰ ਨਹੀਂ ਹਨ। ਇੱਕ ਸਾਲ ਪਹਿਲਾਂ ਫ਼੍ਰਾਂਸ 'ਚ ਕਾਲ਼ਿਆਂ 'ਤੇ ਬੇਰੁਜ਼ਗਾਰ ਨੌਜਵਾਨਾਂ ਨੇ ਨੌਕਰੀ ਸਮੇਤ ਸਾਰੇ ਭੇਦਭਾਵਾਂ ਦੇ ਖਿਲਾਫ਼ ਸੜਕਾਂ 'ਤੇ ਉੱਤਰ ਕੇ ਆਪਣਾ ਗੁੱਸਾ ਜਾਹਰ ਕੀਤਾ ਸੀ। ਉਸ ਤੋਂ ਬਾਅਦ ਫਰਾਂਸ 'ਚ ਹੀ ਸ਼ਿਰਾਕ ਅਤੇ ਵਿਲੇਪਾਂ ਦੁਆਰਾ ਕੀਤੀ ਜਾ ਰਹੀ ਰੁਜ਼ਗਾਰ ਕਨੂੰਨ ਸੋਧ ਨੂੰ ਸੰਘਰਸ਼ ਚਲਾ ਕੇ ਵਿਦਿਆਰਥੀ-ਨੌਜਵਾਨਾਂ ਤੇ ਕਿਰਤੀਆਂ ਨੇ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ। ਸੰਸਾਰ ਦੇ ਵੱਖ-ਵੱਖ ਹਿੱਸਿਆਂ 'ਚ ਨੌਜਵਾਨਾਂ ਅਤੇ ਕਿਰਤੀ ਲੋਕਾਂ ਦੇ ਸੰਘਰਸ਼ ਤੇਜ਼ ਹੁੰਦੇ ਜਾ ਰਹੇ ਹਨ। ਸਾਡੇ ਦੇਸ਼ 'ਚ ਅਜਿਹਾ ਕੋਈ ਜਥੇਬੰਦ ਪ੍ਰਤੀਰੋਧ ਅਜੇ ਤੱਕ ਨਹੀਂ ਹੋਇਆ ਹੈ ਪਰ ਨੌਜਵਾਨਾਂ 'ਚ ਸੁਲਗ ਰਹੇ ਗੁੱਸੇ ਨੂੰ ਸਾਰੇ ਲੱਛਣਾਂ ਰਾਹੀਂ ਸਹਿਜ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

ਬੇਰੁਜ਼ਗਾਰੀ ਦਾ ਸੰਕਟ ਅੱਜ ਆਮ ਘਰਾਂ ਦੇ ਨੌਜਵਾਨਾਂ ਸਾਹਮਣੇ ਮੂੰਹ ਅੱਡੀ ਖੜ੍ਹਾ ਹੈ। ਇਸ ਤੋਂ ਵੀ ਜ਼ਿਆਦਾ ਮਹੱਤਵਪੂਰਣ ਅਤੇ ਸਮਝਣ ਵਾਲ਼ੀ ਗੱਲ ਇਹ ਹੈ ਕਿ ਪੂੰਜੀਵਾਦੀ ਪ੍ਰਬੰਧ ਅਤੇ ਸਰਕਾਰਾਂ ਇਸ ਨੂੰ ਹੱਲ ਨਹੀਂ ਕਰ ਸਕਦੀਆਂ। ਤਦ ਇਹ ਸੋਚਣ ਦੀ ਜ਼ਰੂਰਤ ਹੈ ਕਿ ਆਖਰ ਰਸਤਾ ਕੀ ਹੈ?

ਪੂੰਜੀਵਾਦੀ ਸਮਾਜ ਦਾ ਇੱਕ ਹੋਰ ਘਿਨੌਣਾ ਸੱਚ
ਦੇਸ਼ ਦਾ ਹਰ ਦੂਸਰਾ ਬੱਚਾ ਲੁੱਟ-ਜ਼ਬਰ ਦਾ ਸ਼ਿਕਾਰ

—ਵੇਰਾ

ਨਿਠਾਰੀ ਦੀ ਘਟਨਾ ਨੂੰ ਅਜੇ ਕੁੱਝ ਸਮਾਂ ਹੀ ਬੀਤਿਆ ਹੈ ਕਿ ਸਰਕਾਰ ਦੁਆਰਾ ਜਾਰੀ ਇੱਕ ਰਿਪੋਰਟ ਨੇ ਇਸ ਘਿਨੌਣੇ ਸੱਚ ਦਾ ਖੁਲਾਸਾ ਕੀਤਾ ਹੈ ਕਿ ਦੇਸ਼ ਵਿੱਚ ਹਰ ਦੂਸਰਾ ਬੱਚਾ ਕਿਸੇ ਨਾ ਕਿਸੇ ਕਿਸਮ ਦੇ ਸਰੀਰਿਕ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ। ਔਰਤ ਅਤੇ ਬਾਲ ਵਿਕਾਸ ਮੰਤਰਾਲੇ ਅਤੇ ਯੂਨੀਸੇਫ ਦੀ ਸਾਂਝੀ ਸਰਵੇ ਰਿਪੋਰਟ 'ਸਟੱਡੀ ਆਨ ਚਾਈਲਡ ਅਬਿਊਜ਼–ਇੰਡੀਆ 2007' ਦੇ ਅਨੁਸਾਰ ਇਸ ਮਾਮਲੇ ਵਿੱਚ ਸਭ ਤੋਂ ਵੱਧ ਸ਼ਿਕਾਰ ਬੱਚੇ 5–12 ਸਾਲ ਦੇ ਉਮਰ ਵਰਗ ਵਿੱਚ ਆਉਂਦੇ ਹਨ। ਇੱਕ ਨਜ਼ਰ ਅੰਕੜਿਆਂ 'ਤੇ ਮਾਰੀਏ ਤਾਂ 69 ਪ੍ਰਤੀਸ਼ਤ ਬੱਚੇ ਕੁੱਟ ਅਤੇ ਸਰੀਰਿਕ ਸ਼ੋਸ਼ਣ ਦੇ ਸ਼ਿਕਾਰ ਹਨ, ਜਦੋਂ ਕਿ 53 ਫੀਸਦੀ ਦਾ ਕਿਸੇ ਨਾ ਕਿਸੇ ਰੂਪ ਵਿੱਚ ਯੌਨ ਸ਼ੋਸ਼ਣ ਹੋਇਆ ਹੈ। ਆਂਧਰਾ ਪ੍ਰਦੇਸ਼, ਅਸਾਮ, ਬਿਹਾਰ, ਦਿੱਲੀ ਵਿੱਚ ਯੌਨ ਸ਼ੋਸ਼ਣ ਦਾ ਪ੍ਰਤੀਸ਼ਤ ਸਭ ਤੋਂ ਜ਼ਿਆਦਾ ਹੈ। ਇਹ ਰਿਪੋਰਟ ਦੋ ਭਿਆਨਕ ਤੱਥਾਂ ਨੂੰ ਸਾਹਮਣੇ ਲਿਆਉਂਦੀ ਹੈ। ਇੱਕ ਇਹ ਕਿ ਸ਼ੋਸ਼ਣ ਕਰਨ ਵਾਲ਼ਿਆਂ ਵਿੱਚ ਪਰਿਵਾਰ ਦੇ ਮੈਂਬਰਾਂ ਤੋਂ ਲੈਕੇ ਰਿਸ਼ਤੇਦਾਰ ਤੱਕ ਸ਼ਾਮਿਲ ਹਨ ਅਤੇ ਦੂਸਰਾ ਇਹ ਕਿ ਘਰਾਂ, ਦੁਕਾਨਾਂ ਅਤੇ ਫੈਕਟਰੀਆਂ ਵਿੱਚ ਕੰਮ ਕਰਦੇ ਬਾਲ ਕਿਰਤੀਆਂ ਅਤੇ ਸੰਸਥਾਵਾਂ ਨੂੰ ਦੇਖਭਾਲ ਲਈ ਸੌਂਪੇ ਗਏ ਬੱਚਿਆਂ ਦੇ ਯੌਨ ਸ਼ੋਸ਼ਣ ਅਤੇ ਜ਼ਬਰ ਦੀਆਂ ਘਟਨਾਵਾਂ ਸਭ ਤੋਂ ਵੱਧ ਹਨ। ਰਿਪੋਰਟ ਅਨੁਸਾਰ 62 ਪ੍ਰਤੀਸ਼ਤ ਕੰਮ ਕਰਨ ਵਾਲ਼ੇ ਬੱਚਿਆਂ ਅਤੇ 55 ਪ੍ਰਤੀਸ਼ਤ ਸੜਕਾਂ 'ਤੇ ਰਹਿਣ ਵਾਲ਼ੇ ਬੱਚਿਆਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਯੌਨ ਸ਼ੋਸ਼ਣ ਝਲਿਆ ਹੈ।

ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਰਾਜ ਮੰਤਰੀ ਰੇਣੂਕਾ ਚੌਧਰੀ ਇਸ ਰਿਪੋਰਟ 'ਤੇ ਅਫ਼ਸੋਸ ਜ਼ਾਹਿਰ ਕਰਦੇ ਹੋਏ ਕਹਿੰਦੀ ਹੈ, "ਇਹ ਬਦਕਿਸਮਤੀ ਹੈ ਕਿ ਬੱਚੇ ਆਪਣੇ ਘਰਾਂ ਵਿੱਚ ਹੀ ਅਸੁਰੱਖਿਅਤ ਹਨ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਬੱਚਿਆਂ ਦੀ ਸੁਰੱਖਿਆ ਨੂੰ ਕੌਮੀ ਏਜੰਡੇ 'ਤੇ ਰੱਖੇ ਜਾਣ ਦੀ ਲੋੜ ਹੈ। ਇਸ ਅਧਿਐਨ ਦਾ ਉਦੇਸ਼ ਬੱਚਿਆਂ ਦੇ ਸ਼ੋਸ਼ਣ ਦੀ ਸਮੱਸਿਆ 'ਤੇ ਪ੍ਰਭਾਵੀ ਰੂਪ ਨਾਲ਼ ਕਾਬੂ ਪਾਉਣ ਲਈ ਉਚਿਤ ਨੀਤੀਆਂ ਅਤੇ ਪ੍ਰੋਗਰਾਮ ਬਣਾਉਣਾ ਹੈ।" ਸੱਚ ਦੱਸੋ ਰੇਣੂਕਾ ਜੀ, ਕੀ ਤੁਹਾਨੂੰ ਅਸਲ ਵਿੱਚ ਲੱਗਦਾ ਹੈ ਕਿ ਉਚਿੱਤ ਨੀਤੀਆਂ ਅਤੇ ਪ੍ਰੋਗਰਾਮ ਬਣਾਉਣ ਨਾਲ਼ ਇਸ ਸਮੱਸਿਆ ਦਾ ਹੱਲ ਹੋ ਜਾਵੇਗਾ। ਇਸ ਤਰ੍ਹਾਂ ਦੇ ਕਾਨੂੰਨ ਤਾਂ ਪਹਿਲਾਂ ਤੋਂ ਹੀ ਮੌਜੂਦ ਹਨ ਜੋ ਬੱਚਿਆਂ ਦੇ ਯੌਨ ਸ਼ੋਸ਼ਣ ਖ਼ਿਲਾਫ਼ ਸਖ਼ਤ ਕਾਰਵਾਈ ਦੀ ਗੱਲ ਕਰਦੇ ਹਨ। ਫਿਰ ਬੱਚੇ ਇਸ ਕਿਸਮ ਦੇ ਬਰਬਰ ਅਤੇ ਅਣਮਨੁੱਖੀ ਸ਼ੋਸ਼ਣ ਦਾ ਸ਼ਿਕਾਰ ਕਿਵੇਂ ਹੋ ਰਹੇ ਹਨ ?

ਗੱਲ ਇਕਦਮ ਸਾਫ਼ ਹੈ। ਇਸ ਸਮਾਜ ਅਤੇ ਰਾਜ ਪ੍ਰਬੰਧ ਤੋਂ ਅਸੀਂ ਬੱਚਿਆਂ ਲਈ ਹੋਰ ਕੋਈ ਉਮੀਦ ਵੀ ਕੀ ਕਰ ਸਕਦੇ ਹਾਂ ? ਇਹ ਰਿਪੋਰਟ ਖ਼ੁਦ ਦੱਸਦੀ ਹੈ ਕਿ ਇਸ ਦੇਸ਼ ਦੀਆਂ ਸੜਕਾਂ ਤੋਂ ਹਰ ਸਾਲ ਹਜ਼ਾਰਾਂ ਬੱਚੇ ਕਦੇ ਨਾ ਮਿਲਣ ਲਈ ਗਾਇਬ ਹੋ ਜਾਂਦੇ ਹਨ। ਉਹ ਸੜਕਾਂ 'ਤੇ ਭੀਖ ਮੰਗਦੇ ਹਨ, ਹੋਟਲਾਂ ਵਿੱਚ ਪਲੇਟਾਂ ਧੋਂਦੇ ਹਨ ਅਤੇ ਅਮੀਰ ਸੇਠਾਂ ਦੀਆਂ ਤਿਜੋਰੀਆਂ ਨੂੰ ਆਪਣੇ ਖ਼ੂਨ ਵਿੱਚ ਢਲ਼ੇ ਸਿੱਕਿਆਂ ਨਾਲ਼ ਭਰਦੇ ਹਨ। ਜਿਸ ਸਮਾਜ ਪ੍ਰਬੰਧ ਵਿੱਚ ਹਰ ਕੰਮ ਦੀ ਪ੍ਰੇਰਕ ਸ਼ਕਤੀ ਲਾਭ ਅਤੇ ਮੁਨਾਫ਼ਾ ਹੋਵੇ, ਉਹ ਲਾਜ਼ਮੀ ਤੌਰ 'ਤੇ ਹੌਲ਼ੀ–ਹੌਲ਼ੀ ਸਾਰੀਆਂ ਮਨੁੱਖੀ ਕਦਰਾਂ–ਕੀਮਤਾਂ ਤੋਂ ਸੱਖਣਾ ਹੋ ਜਾਵੇਗਾ। ਇਹੀ ਵਰਤਾਰਾ ਦੁਨੀਆਂ ਭਰ ਵਿੱਚ ਵਾਪਰਦਾ ਦਿਸ ਰਿਹਾ ਹੈ। ਭਾਵੇਂ ਉਹ ਨਿਠਾਰੀ ਕਾਂਡ ਹੋਵੇ, ਵਰਜੀਨੀਆ ਗੋਲੀਕਾਂਡ ਹੋਵੇ, ਬਲਾਤਕਾਰ ਅਤੇ ਬਾਲ ਯੌਨ ਸ਼ੋਸ਼ਣ ਦੀਆਂ ਸਾਰੀਆਂ ਘਟਨਾਵਾਂ ਹੋਣ, ਮਨੁੱਖਾਂ ਵਿੱਚ ਰਾਕਸ਼ਸੀ ਪ੍ਰਵਿਰਤੀ ਦਾ ਪੈਦਾ ਹੋਣਾ ਹੋਵੇ, ਜਾਂ ਇਨਟਰਨੈੱਟ 'ਤੇ ਮਨੋਰੋਗੀਆਂ ਦੁਆਰਾ ਵੈਬਕੈਮ ਦੇ ਸਾਹਮਣੇ ਕੀਤੀਆਂ ਜਾਣ ਵਾਲ਼ੀਆਂ ਆਤਮਹੱਤਿਆਵਾਂ ਹੋਣ, ਜਿਹਨਾਂ ਨੂੰ ਚਸਕਾ ਲੈ–ਲੈ ਕੇ ਮਨੋਰੋਗੀ ਹੀ ਦੇਖਦੇ ਹਨ–ਹਰ ਜਗ੍ਹਾ ਪੂੰਜੀਵਾਦੀ ਸੱਭਿਆਚਾਰ, ਸੱਭਿਅਤਾ ਅਤੇ ਸਮਾਜ ਦੀ ਸੜਾਂਦ ਹੀ ਨਜ਼ਰ ਆਉਂਦੀ ਹੈ। ਬੱਚੇ ਆਪਣੇ ਘਰਾਂ ਵਿੱਚ ਸੁਰੱਖਿਅਤ ਨਹੀਂ ਹਨ। ਜਿਹਨਾਂ ਦਿਮਾਗਾਂ ਨੇ ਉੱਚੀਆਂ ਉਡਾਨਾਂ ਭਰਨੀਆਂ ਹਨ ਉਹਨਾਂ ਨੂੰ ਰੌਂਦਿਆ ਜਾ ਰਿਹਾ ਹੈ। ਮਨੋਰੋਗੀਆਂ ਦੀ ਸਮਾਜ ਵਿੱਚ ਭਰਮਾਰ ਹੁੰਦੀ ਜਾ ਰਹੀ ਹੈ।

ਇਸ ਰਿਪੋਰਟ ਨੇ ਕੋਈ ਹੈਰਾਨੀਜਨਕ ਤੱਥ ਸਾਹਮਣੇ ਨਹੀਂ ਲਿਆਂਦਾ ਹੈ। ਇਸ ਰਿਪੋਰਟ ਦੇ ਆਉਣ ਤੋਂ ਪਹਿਲਾਂ ਵੀ ਅਸੀਂ ਜਾਣਦੇ ਸੀ ਕਿ ਇਸ ਦੇਸ਼ ਦੇ ਆਮ ਲੋਕਾਂ ਦੇ ਬੱਚੇ ਕਿਹਨਾਂ ਹਾਲਾਤਾਂ ਵਿੱਚ ਜਿਉਂਦੇ ਹਨ ਅਤੇ ਉਹਨਾਂ ਨੂੰ ਕਿਸ ਤਰਾਂ ਦੀ ਲੁੱਟ ਜਬਰ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਰਿਪੋਰਟ ਨੇ ਖਾਲੀ ਥਾਂਵਾਂ ਵਿੱਚ ਸੰਖਿਆਵਾਂ ਭਰਨ ਦਾ ਕੰਮ ਕੀਤਾ ਹੈ ਅਤੇ ਜਿਸ ਗੱਲ ਨੂੰ ਲੋਕ ਤਜ਼ਰਬੇ ਰਾਹੀਂ ਜਾਣਦੇ ਸਨ ਉਸਨੂੰ ਅੰਕੜਿਆਂ ਨਾਲ਼ ਸਿੱਧ ਕਰਨ ਦਾ ਕੰਮ ਕੀਤਾ ਹੈ। ਇਹ ਸਮਾਜ ਬੱਚਿਆਂ ਨੂੰ ਇਹੀ ਦੇ ਸਕਦਾ ਹੈ। ਇਸ ਸਮਾਜ ਵਿੱਚ ਬੱਚਿਆਂ ਦਾ ਕੋਈ ਭਵਿੱਖ ਨਹੀਂ ਹੈ। ਜਦੋਂ ਤੱਕ ਸਮਾਜ ਵਿੱਚ ਹਰ ਕੰਮ ਦੇ ਪਿੱਛੇ ਦੀ ਪ੍ਰੇਰਕ ਸ਼ਕਤੀ ਮੁਨਾਫਾ ਬਣਿਆ ਰਹੇਗਾ, ਜਦੋਂ ਤੱਕ ਸਾਰੀਆਂ ਆਰਥਿਕ ਸਮਾਜਿਕ ਸਰਗਰਮੀਆਂ ਦਾ ਕੇਂਦਰੀ ਨੁਕਤਾ ਮੁਨਾਫਾ ਹੋਵੇਗਾ, ਨਾ ਕਿ ਮਨੁੱਖੀ ਜ਼ਰੂਰਤਾਂ, ਉਦੋਂ ਤੱਕ ਅਸੀਂ ਬੱਚਿਆਂ ਨੂੰ ਇਸੇ ਤਰ੍ਹਾਂ ਲੁੱਟੇ ਜਾਂਦੇ ਦੇਖਦੇ ਰਹਾਂਗੇ। ਮੁਨਾਫੇ ਦੀ ਹਵਸ ਨੇ ਇਸ ਸਮਾਜ ਦੇ ਇੱਕ ਹਿੱਸੇ ਨੂੰ ਮਨੁੱਖ ਹੋਣ ਦੀਆਂ ਸ਼ਰਤਾਂ ਤੋਂ ਹੀ ਵਾਂਝੇ ਕਰ ਦਿੱਤਾ ਹੈ। ਇਹਨਾਂ ਕੋਲ਼ ਪੈਸਾ ਹੈ, ਸਿਰਫ਼ ਪੈਸਾ। ਆਤਮਿਕ ਸੰਪਦਾ, ਮਨੁੱਖਤਾ ਅਤੇ ਸੰਵੇਦਨਸ਼ੀਲਤਾ ਦੇ ਮਾਮਲੇ ਵਿੱਚ ਇਹ ਭਿਖਾਰੀ ਹਨ। ਰਸਤਾ ਸਾਡੇ ਸਾਹਮਣੇ ਸਿਰਫ਼ ਇੱਕ ਹੈ—ਇਕ ਮਾਨਵ–ਕੇਂਦਰਿਤ, ਸਮਤਾ ਅਧਾਰਿਤ ਪ੍ਰਬੰਧ ਅਤੇ ਸਮਾਜ ਦੀ ਉਸਾਰੀ।

ਅਗਾਂਹਵਧੂ ਸਾਹਿਤ ਦੇ ਨੌਜਵਾਨ ਪਾਠਕ ਨੂੰ

—ਸੱਤਿਆਵ੍ਰਤ

ਉੱਠ ਪਾਠਕ! ਜਾਗ! ਆਪਣੀ ਨੀਂਦ ਤਿਆਗ। ਜਿਸ ਤੂੰ ਇਸ ਹਨੇਰੇ ਦੌਰ ਵਿੱਚ ਰਾਹ ਦਰਸਾਵੇ ਦੀ ਆਸ ਰੱਖਦਾ ਹੈਂ ਉਸਦੇ ਹੱਥ ਵਿੱਚ ਸਾਹਿਤ ਦੀ ਮਸ਼ਾਲ ਨਹੀਂ, ਇੱਕ ਬੁਝਿਆ ਹੋਇਆ, ਗੋਹਟਾ ਹੈ। ਉਹ ਮਰਿਆ ਹੋਇਆ ਹੈ। ਜਿਸ ਤੋਂ ਤੂੰ ਜਿੰਦਗੀ, ਸੰਘਰਸ਼ ਅਤੇ ਸਿਰਜਣਾ ਦਾ ਸੰਗੀਤ ਸੁਣਨਾ ਚਾਹੁੰਦਾ ਹੈਂ। ਉਹ ਸਿਰਫ ਮਿਆਂਕ ਸਕਦਾ ਹੈ, ਜਿਸ ਤੋਂ ਤੂੰ ਨਵੇਂ ਸੰਘਰਸ਼ ਦੇ ਸੱਦੇ ਦੀ ਆਸ ਕਰ ਰਿਹਾ ਹੈ। ਰੌਸ਼ਨੀ ਦਾ ਮਿਆਰ ਨਹੀਂ ਉਹ ਇੱਕ ਦਖਮਾ (ਦਖਮਾ ਉਸ ਮੀਨਾਰ ਨੂੰ ਕਹਿੰਦੇ ਹਨ ਜਿਸਦੀ ਛੱਤ ਉੱਪਰ ਪਾਰਸੀ ਲੋਕ ਆਪਣੇ ਮੋਇਆਂ ਦੀਆਂ ਲਾਸ਼ਾਂ ਰੱਖ ਦਿੰਦੇ ਹਨ। ਇਹੋ ਉਹਨਾਂ ਦਾ ਅੰਤਿਮ ਸਸਕਾਰ ਹੁੰਦਾ ਹੈ।) ਹੈ, ਜਿਸ ਉੱਪਰ ਹਰਕਤਹੀਣ-ਨਿਠੱਲੇ ਵਿਚਾਰਾਂ ਦੀਆਂ ਲਾਸ਼ਾਂ ਸੜ ਰਹੀਆਂ ਹਨ।

ਉਹ ਪਿਆਰ ਨਹੀਂ ਕਰ ਸਕਦਾ। ਉਹ ਲੜ ਨਹੀਂ ਸਕਦਾ। ਉਹ ਦੂਰ ਭਵਿੱਖ ਦੇ ਸੁਪਨੇ ਨਹੀਂ ਦੇਖ ਸਕਦਾ। ਉਸਦੀ ਲੇਖਣੀ ਰਚਨਾ ਦੀ ਦੁਨੀਆਂ ਵਿੱਚ ਸਿਰਫ ਉਸਦੇ ਬੁਰੇ ਸਪਨਿਆਂ ਦਾ ਹੀ ਪ੍ਰਚਾਰ ਕਰ ਸਕਦਾ ਹੈ। ਉਹ ਧਾਰਾ ਵਿੱਰੁਧ ਤੈਰਨਾ ਤਾਂ ਕੀ ਉਸਦੇ ਕਿਨਾਰੇ ਤੱਕ ਜਾਣ ਤੋਂ ਵੀ ਕੰਬ ਉੱਠਦਾ ਹੈ। ਉਠੋ ਅਤੇ ਜਿੰਦਗੀ ਨੂੰ ਵਰ ਲਵੋ! ਜਿਉਂਦਿਆਂ ਦੇ ਸੰਸਾਰ ਵਿੱਚ ਪ੍ਰਵੇਸ਼ ਕਰੋ। ਜਿਉਂਦੇ, ਨਿੱਘੇ ਦਿਲ ਨੂੰ ਛੂਹੋ। ਸਮਾਜਕ ਸੰਘਰਸ਼ਾਂ ਨਾਲ ਓਤ ਪ੍ਰੋਤ ਸਾਹਿਤ ਦੀ ਦੁਨੀਆਂ ਉਥੇ ਨਹੀਂ ਹੈ ਜਿੱਥੇ ਤੁਸੀਂ ਇਸ ਨੂੰ ਲੱਭ ਰਹੇ ਹੋ।

ਉਹ ਖੁਦ ਨੂੰ ਅਗਾਂਹਵਧੂ ਤੇ ਜਮਹੂਰੀਅਤ ਪਸੰਦ ਕਹਿੰਦਾ ਹੈ ਤਾਂ ਸਿਰਫ ਇਸ ਲਈ ਕਿ ਅੱਜ ਸਾਹਿਤ ਦੇ ਬਜਾਰ ਵਿੱਚ ਇਸੇ "ਪ੍ਰਗਤੀਸ਼ੀਲਤਾ" ਅਤੇ "ਜਮਹੂਰੀਅਤ" ਦੀ ਕੀਮਤ ਹੈ, ਇਸ ਲਈ ਕਿ ਨਪੁੰਸਕ ਬੁਰਜੂਆ ਸਮਾਜ "ਅੰਤ ਦੇ ਦਰਸ਼ਨ" ਤੋਂ ਇਲਾਵਾ ਹੁਣ ਕੋਈ ਵੀ ਨਾਅਰਾ ਨਹੀਂ ਦੇ ਸਕਦੇ ਅਤੇ ਇਸ ਲਈ ਵੀ ਕਿ ਪ੍ਰਬੁੱਧ ਅਤੇ ਚੇਤਨ ਪਾਠਕ ਅੱਜ ਵੀ ਅਗਾਂਹਵਧੂ ਮੰਨੇ ਜਾਣ ਵਾਲੇ ਸਾਹਿਤ ਦੀ ਤਲਾਸ਼ ਕਰਦਾ ਰਹਿੰਦਾ ਹੈ, ਨਾਲ਼ ਹੀ, ਉਹ ਇਹ ਵੀ ਚੰਗੀ ਤਰਾਂ ਸਮਝਦਾ ਹੈ ਕਿ ਅੱਜ ਵੀ ਖੁਦ ਨੂੰ ਖੱਬੇ ਪੱਖੀ ਕਹਿਣਾ ਹੀ ਸਾਹਿਤ ਵਿੱਚ ਥਾਂ ਹਾਸਲ ਕਰਨ ਦਾ ਪਾਸਪੋਰਟ ਹੈ। ਉਹ ਅਗਾਂਹਵਧੂ ਅਤੇ ਜਮਹੂਰੀ ਲੇਖਕਾਂ ਅਤੇ ਲੋਕ ਸਭਿਆਚਾਰਕ ਕਾਮਿਆਂ ਦੀਆਂ ਜਥੇਬੰਦੀਆਂ, ਸੰਘ ਅਤੇ ਮੰਚ ਬਣਾਉਂਦਾ ਹੈ, ਪਰ ਇਹਨਾਂ ਸ਼ਬਦਾਂ ਦੇ ਭਾਵ ਅਰਥ ਤਾਂ ਦੂਰ, ਸ਼ਾਇਦ ਸ਼ਬਦ ਅਰਥ ਤੱਕ ਭੁੱਲ ਚੁੱਕਾ ਹੈ।

ਉਹ ਆਪਣੀ ਜ਼ਿੰਦਗੀ ਨੂੰ ਪ੍ਰਬੰਧ ਦੀ ਹਰ ਮਾਰ ਅਤੇ ਦਬਾਅ ਤੋਂ ਇੰਚ ਇੰਚ ਸੁਰੱਖਿਅਤ ਰੱਖਣ ਦੀ ਗਰੰਟੀ ਉੱਪਰ ਇਨਕਲਾਬੀ ਸਾਹਿਤ ਦਾ ਰਚਣਹਾਰਾ ਬਣਨਾ ਚਾਹੁੰਦਾ ਹੈ। ਉਹ ਲੇਖਣੀ ਨੂੰ ਇਨਕਲਾਬੀ ਸਰਗਰਮੀ 'ਚ ਸੁਰੱਖਿਅਤ ਸ਼ਮੂਲੀਅਤ ਦਾ ਰਾਹ ਸਮਝਦਾ ਹੈ। ਇਹ ਦਿਲੋਂ ਨਹੀਂ ਮੰਨਦਾ ਕਿ ਲੋਕਾਂ ਦਾ ਸੱਭਿਆਚਾਰਕ ਮੋਰਚਾ ਸਿਰਫ ਸਮਾਜਿਕ ਇਨਕਲਾਬ ਦਾ ਇੱਕ ਮੋਰਚਾ ਹੀ ਹੋ ਸਕਦਾ ਹੈ। ਉਹ ਜ਼ਿੰਦਗੀ ਅਤੇ ਸਮਾਜ ਵਿੱਚ ਜਾਰੀ ਲਗਾਤਾਰ ਇਨਕਲਾਬ ਦੀ ਪ੍ਰਕਿਰਿਆ ਨੂੰ ਜਾਣੇ ਬਿਨਾਂ ਉੱਚ ਕਦਰਾਂ ਨਾਲ ਭਰਪੂਰ ਕਲਾਸਕੀ ਸਾਹਿਤ ਦੇ ਰੂਪ ਵਿੱਚ ਜਿੰਦਗੀ ਦੀ ਮੁੜ ਰਚਨਾ ਦੇ ਦਾਅਵੇ ਠੋਕਦਾ ਰਹਿੰਦਾ ਹੈ। ਜਿੰਦਗੀ ਦੇ ਤਾਪ ਤੋਂ ਮੀਲਾਂ ਦੂਰ ਰਹਿ ਕੇ ਉਹ ਸਾਹਿਤ "ਸਿਰਜਣਾ" ਕਰਨਾ ਚਾਹੁੰਦਾ ਹੈ ਅਤੇ ਜਾਂ ਫਿਰ ਇਹ ਕਹਿ ਕੇ ਆਪਣੀ ਹੀਣ ਭਾਵਨਾ ਛੁਪਾਉਣਾ ਚਾਹੁੰਦਾ ਹੈ ਕਿ "ਸਾਹਿਤ ਨਾਲ ਇਨਕਲਾਬ ਨਹੀਂ ਹੁੰਦਾ।" ਕੌਣ ਕਹਿੰਦਾ ਹੈ ਕਿ ਸਿਰਫ ਸਾਹਿਤ ਨਾਲ ਇਨਕਲਾਬ ਹੋ ਸਕਦਾ ਹੈ। ਉਹ ਸਾਹਿਤ ਅਤੇ ਰਾਜਨੀਤੀ ਵਿਚਕਾਰ ਦੰਦੇ ਅਤੇ ਪੇਚ ਦੇ ਸੰਬੰਧ ਨੂੰ ਦਿਲੋਂ ਨਹੀਂ ਮੰਨਦਾ। ਉਹ ਅਸਲ ਵਿੱਚ ਨਹੀਂ ਮੰਨਦਾ ਕਿ ਕਲਾਤਮਕ ਮਾਪਦੰਡ ਤੋਂ ਇਲਾਵਾ ਸਾਹਿਤ ਦੇ ਮਲਾਂਕਣ ਦਾ ਸਿਆਸੀ ਮਾਪਦੰਡ ਵੀ ਹੁੰਦਾ ਹੈ, ਪਰ ਖੁਲ੍ਹੇਆਮ ਇਹ ਕਹਿੰਦਾ ਨਹੀਂ, ਚੁੱਪ ਰਹਿੰਦਾ ਹੈ ਜਾਂ ਘੁਮਾ ਫਿਰਾ ਕੇ ਕਹਿੰਦਾ ਹੈ। ਉਹ ਕਾਇਰ ਹੈ। ਪ੍ਰਤੀਬੱਧਤਾ ਉਸ ਲਈ ਸਿਰਫ ਇੱਕ ਬੁਰਕਾ ਹੈ। ਲੇਖਣੀ ਉਸ ਲਈ ਸਿਰਫ ਕੈਰੀਅਰ ਹੈ, ਇੱਜ਼ਤ ਅਤੇ ਸਥਾਪਤੀ ਦੀ ਪੌੜੀ ਹੈ।

"ਰਚਨਾ ਦਾ ਮੁਲਾਂਕਣ ਰਚਨਾ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਰਚਨਾਕਾਰ ਦੇ ਜੀਵਨ ਦੇ ਅਧਾਰ 'ਤੇ।"—ਇਸ ਸੂਤਰੀਕਰਨ ਦਾ ਅਰਥ ਉਹ ਇਹ ਕੱਢਦਾ ਹੈ ਕਿ ਲੇਖਕ ਦੀ ਜ਼ਿਦਗੀ ਅਤੇ ਉਸਦੀ ਲੇਖਣੀ ਦਾ ਕੋਈ ਸੰਬੰਧ ਨਹੀਂ ਹੰਦਾ। ਇਸ ਸੂਤਰ ਦਾ ਉਹ ਕਵਚ ਦੀ ਤਰਾਂ ਇਸਤੇਮਾਲ ਕਰਦਾ ਹੈ ਅਤੇ ਇਹ ਸਵਾਲ ਉਠਦੇ ਹੀ ਸੁਆਲ ਕਰਨ ਵਾਲੇ ਨੂੰ "ਖੱਬੂ" ਚਿੰਤਨ ਨਾਲ ਗ੍ਰਸਤ, "ਸਾਹਿਤ ਨੂੰ ਰਾਜਨੀਤੀ ਜਾਂ ਹਥਿਆਰ ਦਾ ਸਮਾਨਅਸਥੀ ਸਮਝਣ ਵਾਲਾ" ਐਲਾਨ ਦਿੰਦਾ ਹੈ, ਅਜਿਹਾ ਕਰਦੇ ਸਮੇਂ ਉਸਦਾ ਉਦੇਸ਼ 70 ਵਿਆਂ ਦੇ ਦਹਾਕੇ ਵਿੱਚ ਖੱਬੇ ਪੱਖੀ ਸਾਹਿਤ ਦੇ ਘੇਰੇ ਵਿੱਚ ਪੈਦਾ ਹੋਏ ਮਾਅਰਕੇਬਾਜ ਭਟਕਾਅ ਦਾ ਸੰਤੁਲਤ—ਇਤਿਹਾਸਕ ਮੁਲੰਕਣ ਕਰਨਾ ਨਹੀਂ ਸਗੋਂ ਖੁਦ ਦਾ ਦੋਰੰਗਾਪਣ ਛੁਪਾਉਣਾ ਹੁੰਦਾ ਹੈ। ਅਜਿਹਾ ਕਰਕੇ ਉਹ ਨਕਲੀ ਖੱਬੇਪੱਖੀ ਸਾਹਿਤ ਦੇ ਗਰਭ 'ਚੋਂ ਉਸੇ ਦੀ ਪ੍ਰਤੀਕਿਰਿਆ ਦੇ ਰੂਪ ਵਿੱਚ ਇਕ ਵਾਰ ਫਿਰ ਮਾਅਰਕੇਬਾਜ ਭਟਕਾਵਾਂ ਦੇ ਪੈਦਾ ਹੋਣ ਦੀਆਂ ਸੰਭਾਵਨਾਵਾਂ ਦੀ ਜ਼ਮੀਨ ਤਿਆਰ ਕਰਦਾ ਹੈ।

ਉਹ ਪ੍ਰੰਪਰਾ ਧਰੋਹੀ ਹੈ। ਉਹ ਖੱਬੇ ਪੱਖੀ ਸਾਹਿਤ ਦੇ 70 ਵਿਆਂ ਦੇ ਦਹਾਕੇ ਵਿੱਚ ਉਭਾਰ ਦੇ ਸਮੁੱਚੇ ਇਤਿਹਾਸ ਨੂੰ ਅਤੇ ਏਥੋਂ ਤੱਕ ਕਿ ਅਗਾਂਹਵਧੂ ਸੱਭਿਆਚਾਰਕ ਲਹਿਰ ਦੇ ਪੂਰੇ ਇਤਿਹਾਸ ਨੂੰ ਸਿਰਫ ਵਧੀਕਿਆਂ, ਮਸ਼ੀਨੀਪਣ, ਨਾਅਰੇਬਾਜੀ ਅਤੇ ਸਤ੍ਹਹੀਪਣ ਦਾ ਪੁੰਜ ਸਮਝਦਾ ਹੈ। ਉਹ ਨਿਖੇਧਵਾਦੀ ਹੈ। ਉਹ ਕਠਮੁੱਲਾ, ਪੂਰਨ ਸਵੀਕਾਰਵਾਦੀਆਂ ਤੋਂ ਵੀ ਗਿਆ ਗੁਜਰਿਆ ਹੈ।

ਉਹ ਜ਼ਿੰਦਗੀ ਦੇ ਤੱਤ ਅਤੇ ਇਤਿਹਾਸ ਦੀ ਗਤੀ ਦੀ ਸਮਝ ਦੇ ਮਾਮਲੇ ਵਿੱਚ ਨਿਰਾ ਘੋਗਾ ਹੈ। ਉਹ ਨਹੀਂ ਸਮਝਦਾ ਕਿ ਪਿੱਛਲਮੋੜਿਆਂ ਅਤੇ ਹਾਰਾਂ ਦੇ ਲੱਖ ਹਨੇਰੇ ਦੇ ਬਾਵਜੂਦ ਅੱਜ ਵੀ ਮਜ਼ਦੂਰ ਜਮਾਤ ਦੇ ਸੰਘਰਸ਼ ਹੀ ਸੰਸਾਰ ਇਤਿਹਾਸ ਦੀ ਧੁਰੀ ਹਨ। ਇਤਿਹਾਸ, ਰਾਜਨੀਤਿਕ ਅਰਥਸ਼ਾਸਤਰ ਅਤੇ ਦੇਸ਼ ਦੁਨੀਆਂ ਦੇ ਘਟਨਾ ਪ੍ਰਵਾਹ ਦੇ ਅਧਿਐਨ ਨੂੰ ਉਹ ਅਪਣਾ ਖੇਤਰ ਨਹੀਂ ਮੰਨਦਾ ਅਤੇ ਅਪਣੇ ਸੰਕੀਰਨ ਵਿਅਕਤੀਗਤ ਤਜਰਬਿਆਂ ਦੇ ਖੂਹ ਦੇ ਡੱਡੂਆਂ ਵਾਲੇ ਨੀਮ-ਹਨ੍ਹੇਰੇ ਨੂੰ ਹੀ ਸੱਮੁਚੇ ਸਮਾਜਕ ਯਥਾਰਥ ਦੀ ਰੌਸ਼ਨੀ ਸਮਝਦਾ ਹੈ। ਪ੍ਰੇਸਤਰੋਇਕਾ ਦੇ "ਮਹਾਂ ਨਾਇਕ" ਦੇ ਬੌਣੇ ਜੋਕਰ ਵਿੱਚ ਬਦਲ ਜਾਣ ਦੇ ਹਸ਼ਰ, ਰੂਸ ਅਤੇ ਪੂਰਬੀ ਯੂਰਪ ਵਿੱਚ ਖੁੱਲ੍ਹੇ ਬਜਾਰ ਦੀ ਜਮਹੂਰੀਅਤ ਦੀ ਸਥਾਪਨਾ ਦੇ ਨਤੀਜਿਆਂ ਤੋਂ ਉਹ ਕੁਝ ਵੀ ਨਤੀਜੇ ਨਹੀਂ ਕੱਢਦਾ ਅਤੇ ਸਾਹਿਤ ਦੀ ਦੁਨੀਆਂ ਵਿੱਚ ਤੈਅ ਰਾਹਾਂ ਨੂੰ ਛੱਡ ਕੇ ਚਿੱਕੜ ਭਰੀਆਂ, ਹਨ੍ਹੇਰੀਆਂ, ਬਦਬੂਦਾਰ ਗਲੀਆਂ ਵਿੱਚ "ਮੁਕਤ ਚਿੰਤਨ" ਦਾ ਫੇਰੀਵਾਲਾ ਬਣਿਆ ਘੁੰਮਦਾ ਰਹਿੰਦਾ ਹੈ। ਉਹ ਰੂਪਵਾਦ, ਕਲਾਵਾਦ, ਯੌਨ-ਰਸ-ਭੋਗ ਦੇ ਕੋਰਾਮੀਨ ਦੇ ਇੰਜੈਕਸ਼ਨ ਦੇ ਕੇ, ਉੱਤਰ-ਆਧੁਨਿਕਤਾ ਅਤੇ ਉੱਤਰ ਸੰਰਚਨਾਵਾਦ ਆਦਿ ਦੇ ਕੈਪਸੂਲ ਖਲਾ ਕੇ ਆਪਣੇ ਬਿਮਾਰ, ਨਕਲੀ, "ਲੋਕਪੱਖੀ" ਸਾਹਿਤ ਨੂੰ ਜਿਉਂਦਾ ਰੱਖਣਾ ਚਾਹੁੰਦਾ ਹੈ ਅਤੇ ਬੀਤੇ ਦੀਆਂ "ਗਲਤੀਆਂ" ਉੱਪਰ ਜਾਂ ਤਾਂ ਪਿੱਟ ਸਿਆਪਾ ਕਰਦਾ ਹੈ, ਦੂਸਰਿਆਂ ਨੂੰ ਕੋਸਦਾ ਰਹਿੰਦਾ ਹੈ ਜਾਂ ਗੋਸ਼ਟੀਆਂ ਵਿੱਚ ਅਤੇ ਦੂਰਦਰਸ਼ਨ ਉੱਪਰ ਚਿੰਤਕ ਦੀ ਮੁਦਰਾ ਧਾਰ ਕੇ ਕੁਝ ਦਾਰਸ਼ਨਿਕ ਬਚਨ ਉਚਾਰਦਾ ਰਹਿੰਦਾ ਹੈ।

ਸਾਡੇ ਯੁੱਗ ਦਾ ਇਹ "ਜਮਹੂਰੀ" ਲੇਖਕ ਹੱਦ ਦਰਜੇ ਦਾ ਬੇਸ਼ਰਮ, ਪਾਖੰਡੀ ਹੈ। ਕਿਸੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੇ ਚਮਚਿਆਂ ਦੀ ਸਭਾ, ਯੂ.ਜੀ.ਸੀ. ਦੀ ਕਿਸੇ ਕਮੇਟੀ ਦੀ ਮੀਟਿੰਗ ਜਾਂ ਕਿਸੇ ਅਖਬਾਰ ਦੇ ਮਾਲਕ ਦੀ ਦਾਰੂ ਪਾਰਟੀ ਤੋਂ ਉੱਠ ਕੇ ਉਹ ਸਿੱਧਾ ਇਨਕਲਾਬ ਅਤੇ ਸਾਹਿਤ ਦੇ ਅੰਤਰ ਸਬੰਧਾਂ ਉੱਪਰ ਇੱਕ "ਸਾਰ ਭਰਪੂਰ" ਲੈਕਚਰ ਦੇ ਆਂਦਾ ਹੈ। ਉਹ ਨਾਜ਼ਮ ਹਿਕਮਤ ਉੱਪਰ ਆਲੋਚਨਾ ਲਿਖਦੇ ਹੋਏ ਉਸਦੀ ਵਿਦਰੋਹੀ ਜ਼ਿਦਗੀ ਅਤੇ ਚਿੰਤਨ ਨੂੰ ਉਸਦੇ ਸਾਹਿਤ ਦੀ ਊਰਜਾ ਦਾ ਸ੍ਰੋਤ ਦੱਸਦਾ ਹੈ। ਪਰ ਜ਼ਿਦਗੀ ਵਿੱਚ ਅਜਿਹਾ ਕੋਈ ਵੀ ਸਮਝੌਤਾ ਨਹੀਂ ਜਿਸ ਨੂੰ ਕਰਨ ਲਈ ਉਹ ਤਿਆਰ ਨਾ ਹੋਵੇ। ਉਹ ਨਾਰੀ ਮੁਕਤੀ ਉਪਰ ਕਵਿਤਾਵਾਂ ਲਿਖਦਾ ਹੈ ਪਰ ਜ਼ਿੰਦਗੀ ਵਿੱਚ ਉਸ ਪ੍ਰਤੀ ਇਕਦਮ ਲੰਪਟ, ਕਾਮੁਕ, ਯੌਨਉਤਪੀੜਕ ਅਤੇ ਮਰਦ ਪ੍ਰਧਾਨ ਨਜ਼ਰੀਆ ਰੱਖਦਾ ਹੈ। ਉਹ ਆਪਣੀ ਪਤਨੀ ਨੂੰ ਚੁੱਲ੍ਹੇ ਚੌਕੇ ਨਾਲ ਨਾਲ ਬੰਨ੍ਹ ਕੇ ਰੱਖਦਾ ਹੈ ਅਤੇ ਡਰਦਾ ਰਹਿੰਦਾ ਹੈ ਕਿ ਉਸਦੀ ਜਵਾਨ ਹੋ ਰਹੀ ਕੁੜੀ ਕਿਸੇ "ਐਸੇ ਵੈਸੇ" ਨਾਲ਼ ਪਿਆਰ ਨਾ ਕਰ ਬੈਠੇ। ਉਹ ਉਸ ਲਈ ਸਜਾਤੀ ਵਰ ਲੱਭਦਾ ਹੈ, ਦਹੇਜ ਦਿੰਦਾ ਹੈ ਅਤੇ ਉਸਦੇ ਵਿਆਹ ਵਿੱਚ ਗੁਲਾਬੀ ਪੱਗ ਬੰਨ੍ਹਕੇ ਘੁੰਮਦਾ ਹੈ ਤੇ ਸਲਾਮੀਆਂ ਵਸੂਲਦਾ ਹੈ ਅਤੇ ਕੰਨਿਆਦਾਨ ਕਰਦਾ ਹੈ। ਉਹ ਆਪਣੇ ਮੁੰਡੇ ਨੂੰ ਜੀਅ ਜਾਨ ਨਾਲ ਕੋਸ਼ਿਸ਼ ਕਰਕੇ ਅਫਸਰ, ਇੰਜਨੀਅਰ, ਡਾਕਟਰ ਜਾਂ ਪ੍ਰੋਫੇਸਰ ਬਣਾਉਂਦਾ ਹੈ ਅਤੇ ਆਮ ਤੌਰ 'ਤੇ ਉਸਦੇ ਵਿਆਹ ਵਿੱਚ ਸ਼ਾਈਲਾਕ ਦੀ ਤਰਾਂ ਵਸੂਲੀ ਕਰਦਾ ਹੈ। ਉਹ ਜਾਤੀ ਦਾਬੇ ਉੱਪਰ ਅਣਗਿਣਤ ਕਹਾਣੀਆਂ ਲਿਖਦਾ ਹੈ ਪਰ ਹਰ ਕੀਮਤ ਉੱਪਰ ਆਪਣੀ ਜਾਂ ਆਪਣੀਆਂ ਸੰਤਾਨਾਂ ਦੇ ਵਿਆਹ ਆਪਣੀ ਜਾਤ ਦੇ ਅੰਦਰ ਹੀ ਤੈਅ ਕਰਦਾ ਹੈ। ਉਹ ਪਾਖੰਡੀ ਹੈ, ਬੇ ਹਯਾ ਹੈ। ਉਸਨੂੰ ਨਫਰਤ ਕਰਨਾ ਇੱਕ ਜਰੂਰੀ ਮਨੁੱਖੀ ਕਰਮ ਅਤੇ ਸਮਾਜਕ ਜਿੰਮੇਵਾਰੀ ਹੈ।

ਉਹ ਸਾਹਿਤ ਦਾ "ਸੱਚਾ" ਪੁਜਾਰੀ ਹੈ। ਸਮਾਜਿਕ ਉਥਲ ਪੁਥਲ ਤੋਂ ਬਿਲਕੁਲ ਅਣਭਿੱਜ ਆਪਣੀ ਇਕਾਂਤ ਸਾਧਨਾ ਵਿੱਚ ਲੱਗਿਆ ਰਹਿੰਦਾ ਹੈ। ਉਹ ਪਰਮ ਹੰਸ ਹੋ ਚੁੱਕਿਆ ਹੈ। ਆਈ.ਐਮ.ਐਫ ਅਤੇ ਸੰਸਾਰ ਬੈਂਕ ਦੀਆਂ ਨੀਤੀਆਂ ਦੇਸ਼ ਨੂੰ ਕਰਜ਼ੇ ਵਿੱਚ ਫੰਦੇ ਵਿੱਚ ਫਸਾ ਰਹੀਆਂ ਹਨ, ਜ਼ਿੰਦਗੀ ਦਾ ਪੇਟੈਂਟੀਕਰਨ ਹੋ ਰਿਹਾ ਹੈ, ਲੱਖਾਂ ਲੋਕ ਬੇਰੁਜਗਾਰ ਹੋ ਰਹੇ ਹਨ, ਸਿੱਖਿਆ ਅਤੇ ਸਿਹਤ ਸਹੂਲਤਾਂ ਉੱਪਰ ਸਿਰਫ ਧਨੀ ਲੋਕਾਂ ਦਾ ਵਿਸ਼ੇਸ਼ ਅਧਿਕਾਰ ਕਾਇਮ ਕੀਤਾ ਜਾ ਰਿਹਾ ਹੈ, ਮਹਿੰਗਾਈ ਨੇ ਜੀਣਾ ਦੁਭਰ ਕਰ ਰੱਖਿਆ ਹੈ, ਫਾਸਿਸਟ ਤਾਕਤਾਂ ਤੇਜ਼ੀ ਨਾਲ ਪੈਰ ਪਸਾਰ ਰਹੀਆਂ ਹਨ। ਹੋਣ ਦਿਓ ਇਹ ਸਭ ਕੁਝ, ਸਾਡਾ ਅਗਾਂਹਵਧੂ ਲੇਖਕ ਇਸ ਸਭ ਤੋਂ ਅਣਭਿੱਜ ਬੀਤੇ ਦੀਆਂ ਰੋਹੀਆਂ ਵਿਚ ਘੁੰਮਦਾ ਹੋਇਆ "ਰੋਚਕ", "ਕਲਮ ਤੋੜ" ਯਾਦਾਂ ਲਿਖ ਰਿਹਾ ਹੈ। ਕਹਾਣੀਆਂ ਵਿੱਚ ਲੋਕ ਰਸ ਦੇ ਚਟਖਾਰੇ ਲੈ ਰਿਹਾ ਹੈ। ਨਵੀਆਂ-ਨਵੀਆਂ ਸੰਸਥਾਵਾਂ ਅਤੇ ਅਕਾਦਮੀਆਂ ਸਥਾਪਿਤ ਕਰਨ ਲਈ ਅਤੇ ਨਵੇਂ-ਨਵੇਲੇ ਸਾਹਿਤਕ ਮੈਗਜ਼ੀਨ ਕੱਢਣ ਦੀਆਂ ਯੋਜਨਾਵਾਂ ਬਣਾ ਰਿਹਾ ਹੈ। ਨਵੀਆਂ ਸਾਹਿਤਕ ਹੱਦਬੰਦੀਆਂ-ਚੱਕਬੰਦੀਆਂ ਕਰ ਰਿਹਾ ਹੈ।

ਉਹ ਸਮਾਜ ਦੀ ਜ਼ਿੰਦਗੀ, ਲੋਕਾਂ ਦੀ ਲੜਾਈ, ਉਹਨਾਂ ਸੁਪਨਿਆਂ ਅਤੇ ਸਹੀ, ਵਿਗਿਆਨਕ ਸੁੰਦਰਤਾਬੋਧ ਨੂੰ ਰਚਨਾ ਵਿੱਚ ਬਿਲਕੁਲ ਨਹੀਂ ਲਿਆ ਸਕਦਾ। ਉਹ ਨਾ ਸਮਾਜ ਨੂੰ ਦਿਸ਼ਾ ਦੇ ਸਕਦਾ ਹੈ ਨਾ ਹੀ ਸਾਹਿਤ ਨੂੰ। ਉਹ ਮੌਕਾਪ੍ਰਸਤ ਹੈ।

ਇਹ ਸਾਰੇ ਲੇਖਕ, ਪ੍ਰਬੰਧ ਦੇ ਦਿਖਾਉਣ ਦੇ ਦੰਦਾਂ ਦਾ ਕੰਮ ਕਰ ਰਹੇ ਹਨ। ਇਹ ਸੱਭਿਆਚਾਰਕ ਬੁੱਕਲ਼ ਦੇ ਸੱਪ ਹਨ। ਇਹ ਸਾਡੇ ਦੁਸ਼ਮਣ ਦੇ ਟਰੋਜਨ ਹਾਰਸ ਹਨ। ਇਹ ਪੁਰਸਕਾਰਾਂ ਦੀ ਦੌੜ ਵਿੱਚ ਅੰਨ੍ਹੇਵਾਹ ਭੱਜ ਰਹੀਆਂ ਭੇਡਾਂ ਹਨ। ਉਹ ਪ੍ਰੇਮ ਚੰਦ, ਮੁਕਤੀਬੋਧ ਅਤੇ ਪਾਸ਼ ਦੀਆਂ ਪਿੱਠਾਂ ਉੱਪਰ ਲੱਦੇ ਹੋਏ ਰੇਤ ਦੇ ਬੋਰੇ ਹਨ। ਪੁੱਛੋ ਜਰਾ ਇਨ੍ਹਾਂ "ਪ੍ਰਗਤੀਸ਼ੀਲਤਾ" ਦੇ ਠੇਕੇਦਾਰਾਂ ਨੂੰ, ਕੀ ਸਿੱਖਿਆ ਹੈ ਉਨਾਂ ਨੇ-ਕਬੀਰ, ਪ੍ਰੇਮ ਚੰਦ, ਮੁਕਤੀਬੋਧ, ਲੂਸ਼ੁਨ, ਗੋਰਕੀ ਦੀ ਜ਼ਿੰਦਗੀ ਅਤੇ ਰਚਨਾ ਕਰਮ—ਦੋਨਾਂ ਹੀ ਖੇਤਰਾਂ ਵਿੱਚ ਸਮਾਨ ਢੰਗ ਨਾਲ ਚਲਾਏ ਜਾਣ ਵਾਲੇ ਉਨ੍ਹਾਂ ਦੇ ਸੰਘਰਸ਼ ਤੋਂ ? ਕੀ ਗ੍ਰਹਿਣ ਕੀਤਾ ਹੈ ਉਨਾਂ ਨੇ ਯੂਜੀਨ ਪੋਤੀਏ, ਬ੍ਰੈਖਤ, ਨਾਜ਼ਿਮ ਹਿਕਮਤ, ਰਾਲਫ ਫਾਕਸ ਆਦਿ ਦੀ ਜ਼ਿਦਗੀ ਅਤੇ ਰਚਨਾ ਦੀ ਇਕਰੂਪਤਾ ਤੋਂ ? ਪੁਛੋਂ ਇਹਨਾ ਨੂੰ—ਪਾਰਟਨਰ ਤੇਰੀ ਪਾਲੀਟਿਕਸ ਕੀ ਹੈ ? ਪੁੱਛੋਂ ਕੀ ਇਹ ਪ੍ਰਗਟਾਵੇ ਦੇ ਸਾਰੇ ਖਤਰੇ ਉਠਾਣ ਲਈ ਤਿਆਰ ਹਨ ? ਅੱਜ ਜਦੋਂ ਨਕਲੀ ਸਮਾਜਵਾਦ ਦੇ

ਪਤਣ ਤੋਂ ਬਾਅਦ, ਇਕ ਵਾਰ ਫਿਰ ਰਾਹ ਦੇ ਸਾਰੇ ਰੋੜੇ ਹੱਟ ਗਏ ਹਨ ਅਤੇ ਕਿਰਤੀਆਂ ਤੇ ਮੁਨਾਫਾਖੋਰਾਂ ਦੀਆਂ ਜਮਾਤਾਂ, ਕਤਲ ਹੋਣ ਵਾਲੀਆਂ ਅਤੇ ਕਾਤਲਾਂ ਦੀਆਂ ਜਮਾਤਾਂ ਬਿਲਕੁਲ ਇੱਕ ਦੁਸਰੇ ਦੇ ਆਹਮੋ-ਸਾਹਮਣੇ ਖੜ੍ਹੀਆਂ ਹਨ ਤਾਂ ਅਜਿਹੇ ਲੇਖਕਾਂ ਨੇ ਕੀ ਸਾਫ-ਸਾਫ ਤੈਅ ਕਰ ਲਿਆ ਹੈ ਕਿ ਉਹ ਕਿਸ ਵੱਲ ਖੜ੍ਹੇ ਹਨ। ਕੀ ਭਾਵੀ ਸਮਾਜਕ ਵਿਸਫੋਟਾਂ ਵਿੱਚ ਉਨਾਂ ਨੇ ਅਪਣੀ ਭੂਮਿਕਾ ਤੈਅ ਕਰ ਲਈ ਹੈ।

ਪੁਨਰ ਜਾਗਰਣ ਕਾਲ ਦੇ ਸਮਾਜਕ-ਸੱਭਿਆਚਾਰਕ-ਵਿਚਾਰਕ ਨਾਇਕਾਂ, ਸਿਪਾਹੀਆਂ—ਬਾਰੇ ਫਰੈਡਰਿਕ ਏਂਗਲਜ਼ ਨੇ ਲਿਖਿਆ ਸੀ, "ਉਨਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਆਮ ਤੌਰ 'ਤੇ ਉਹ ਸਾਰੇ ਸਮਕਾਲੀ ਲਹਿਰਾਂ ਵਿੱਚ, ਅਮਲੀ ਸੰਘਰਸ਼ ਵਿੱਚ ਹੀ ਜ਼ਿੰਦਗੀ ਜ਼ਿਊਦੇ ਅਤੇ ਰਚਨਾ ਕਰਦੇ ਸਨ। ਉਹ ਕਿਸੇ ਨਾ ਕਿਸੇ ਪੱਖ ਤੋਂ ਲੜਾਈ ਵਿੱਚ ਸ਼ਾਮਲ ਹੁੰਦੇ ਕੁੱਝ ਬੋਲ ਕੇ ਅਤੇ ਲਿਖਕੇ ਲੜਦੇ ਸਨ ਤੇ ਕੁਝ ਤਲਵਾਰ ਲੈ ਕੇ ਅਤੇ ਕੁਝ ਦੋਵਾਂ ਤਰੀਕਿਆਂ ਨਾਲ਼ ਇਸੇ ਨਾਲ ਉਹਨਾਂ ਵਿੱਚ ਚਰਿੱਤਰ ਦੀ ਉਹ ਪੂਰਨਤਾ ਅਤੇ ਤੇਜੀ ਸੀ ਜਿਨ੍ਹਾ ਨੇ ਉਨ੍ਹਾਂ ਨੂੰ ਪੂਰਨ ਮਨੁੱਖ ਬਣਾਇਆ। ਕਿਤਾਬੀ ਕੀੜੇ ਉਦੋਂ ਬਹੁਤ ਘੱਟ ਪਾਏ ਜਾਂਦੇ ਸਨ। ਉਹ ਦੂਸਰੇ ਜਾਂ ਤੀਸਰੇ ਦਰਜੇ ਦੇ ਲੋਕ ਹੁੰਦੇ ਸਨ ਜੋ ਫੂਕ-ਫੂਕ ਕੇ ਪੈਰ ਰੱਖਣ ਵਾਲੇ ਖੂਹ ਦੇ ਡੱਡੂ ਜੋ ਅਪਣੇ ਉੱਪਰ ਖਤਰਾ ਆਣ ਦੇ ਡਰ ਤੋਂ ਸੰਘਰਸ਼ ਤੋਂ ਅਲੱਗ ਰਹਿੰਦੇ ਸਨ।" ਅੱਜ ਦਾ ਅਗਾਂਹਵਧੂ ਹੋਣ ਦਾ ਦਮ ਭਰਨ ਵਾਲ਼ਾ ਲੇਖਕ ਕੀ ਅਜਿਹਾ ਹੈ ? ਮਜ਼ਦੂਰ ਜਮਾਤ ਨੂੰ ਸ਼ੁਰੂ ਤੋਂ ਹੀ ਸੱਭਿਆਚਾਰਕ ਫਰੰਟ ਉੱਪਰ ਅਜਿਹੇ ਸਿਪਾਹੀਆਂ ਦੀ ਜ਼ਰੂਰਤ ਰਹੀ ਹੈ ਅਤੇ ਇਤਿਹਾਸ ਨੇ ਉਹਨਾਂ ਲੋਕਾਂ ਨੂੰ ਕਿਰਤੀ ਲੋਕਾਂ ਦੇ ਸੱਚੇ ਲੇਖਕ ਅਤੇ ਕਲਾਕਾਰ ਦਾ ਦਰਜਾ ਦਿੱਤਾ ਹੈ, ਜੋ ਅਸਲ ਵਿੱਚ ਅਜਿਹੇ ਹੀ ਰਹੇ ਹਨ। ਪੁਨਰ ਜਾਗਰਣ ਦੌਰ ਬਾਰੇ ਏਂਗਲਜ਼ ਦਾ ਹੀ ਕਹਿਣਾ ਸੀ, ਕਿ ਮਨੁੱਖ ਜਾਤੀ ਨੇ ਉੱਨਾ ਵੱਡਾ ਅਗਾਂਹਵਧੂ ਇਨਕਲਾਬ ਉਸ ਸਮੇਂ ਤੱਕ ਨਹੀਂ ਦੇਖਿਆ ਸੀ। ਜਿਸਨੇ ਆਪਣੀ ਲੋੜ 'ਚੋਂ ਅਜੇਹੇ ਮਹਾਂ ਮਨੁੱਖਾਂ ਨੂੰ ਜਨਮ ਦਿੱਤਾ ਜੋ, "ਜੋ ਚਿੰਤਨ ਸ਼ਕਤੀ ਵਿੱਚ, ਆਵੇਗ ਅਤੇ ਚਰਿੱਤਰ ਵਿੱਚ, ਸਰਬਵਿਆਪਕਤਾ ਅਤੇ ਵਿੱਦਿਆ ਵਿੱਚ ਮਹਾਂ ਮਨੁੱਖ ਸਨ।" ਮਜ਼ਦੂਰ ਇਨਕਲਾਬ ਦੇ ਜਿਸ ਯੁੱਗ ਵਿੱਚ ਅਸੀਂ ਜੀਅ ਰਹੇ ਹਾਂ ਇਹ ਪੂਰੇ ਮਨੁੱਖੀ ਇਤਿਹਾਸ ਦਾ ਸਭ ਤੋਂ ਅਗਾਂਹਵਧੂ ਇਨਕਲਾਬ ਹੈ। ਇਸ ਸੰਸਾਰ ਇਤਿਹਾਸਕ ਮਹਾਂਜੰਗ ਨੇ ਆਪਣੇ ਬਚਪਨ ਵਿੱਚ ਹੀ ਪੁਨਰ-ਜਾਗਰਣ ਕਾਲ ਜਿਹੇ ਮਹਾਂਮਨੁੱਖਾਂ ਨੂੰ ਜਨਮ ਦਿੱਤਾ। ਅੱਜ ਜਦੋਂ ਜਿੱਤ-ਹਾਰ ਦੇ ਇੱਕ ਗੇੜ ਦੇ ਤਜਰਬਿਆਂ ਨੇ ਇਸਨੂੰ ਨਵੀਂ ਵਿਚਾਰਕ ਅਮੀਰੀ ਪ੍ਰਦਾਨ ਕੀਤੀ ਹੈ ਅਤੇ ਵਿਚਾਰਧਾਰਕ-ਸੱਭਿਆਚਾਰਕ ਖੇਤਰ ਵਿੱਚ ਵੀ ਇਸ ਦੀ ਅਜਿੱਤਤਾ ਅਛੋਹ ਬਣੀ ਹੋਈ ਹੈ ਤਾਂ ਅਜਿਹੇ ਸਮੇਂ ਵਿੱਚ ਮਜ਼ਦੂਰ ਇਨਕਲਾਬਾਂ ਦੇ ਨਵੇਂ ਐਡੀਸ਼ਨਾਂ ਦੀ ਸਿਰਜਣਾ ਲਈ ਇੱਕ ਨਵੇਂ ਪ੍ਰੋਲੇਤਾਰੀ ਨਵਜਾਗਰਣ ਅਤੇ ਨਵੇਂ ਪ੍ਰੋਲੇਤਾਰੀ ਪ੍ਰਬੋਧਨ ਦਾ ਸੰਖ ਵਜਾਉਣ ਦੀ ਜ਼ਰੂਰਤ ਹੈ। ਇਹ ਕੰਮ ਬੌਣੇ, ਖੂਹ ਦੇ ਡੱਡੂਆਂ ਦਾ ਨਹੀਂ, ਸਾਹਸੀ ਵੀਰਾਂ, ਊਰਜਾਵਾਨ ਪਰਬਤ ਆਰੋਹੀਆਂ ਦਾ ਹੈ।

ਇਸ ਲਈ ਅਸੀਂ ਖਾਸ ਤੌਰ 'ਤੇ ਨੌਜਵਾਨਾਂ ਨੂੰ, ਸਾਹਤਿ ਦੇ ਨੌਜਵਾਨ ਪਾਠਕਾਂ ਨੂੰ, ਨੌਜਵਾਨ ਸੱਭਿਆਚਾਰਕ ਕਾਮਿਆਂ ਨੂੰ ਇਹ ਕਹਿਣਾ ਚਾਹੁੰਦੇ ਹਾਂ ਕਿ ਉਹ ਬਿਲਕੁਲ ਵੀ ਇਹ ਉਮੀਦ ਨਾ ਕਰਨ ਕਿ ਬੁੱਢੇ, ਅਧਰੰਗ ਮਾਰੇ ਹੱਥ ਪਿਛਾਖੜੀ ਸੱਭਿਆਚਾਰ ਦੇ ਭੇੜੀਏ ਦੇ ਜੁਬਾੜੇ ਬੰਦ ਕਰ ਸਕਦੇ ਹਨ। ਉਨ੍ਹਾਂ ਨੂੰ ਚਿਰਾਗ ਲੈ ਕੇ ਲੱਭਣਾ ਪੈ ਸਕਦਾ ਹੈ ਜਿਨ੍ਹਾਂ ਦੀ ਇਮਾਨਦਾਰੀ ਸੁਰੱਖਿਅਤ ਹੋਵੇ। ਪਰ ਅਣਕਿਆਸੇ ਸੱਭਿਆਚਾਰਕ ਸੰਕਟ ਦਾ ਇਹ ਸਮਾਂ ਨਿਰਾਸ਼ਾ ਦਾ ਨਹੀਂ, ਚੁਣੌਤੀਆਂ ਦਾ ਹੈ। ਇਤਿਹਾਸ ਨਾਇਕਾਂ ਅਤੇ ਮਹਾਂ ਮਨੁੱਖਾਂ ਦਾ ਇੰਤਜ਼ਾਰ ਨਹੀਂ ਕਰਦਾ। ਉਹ ਇਸ ਜ਼ਰੂਰਤ ਦੀ ਪੂਰਤੀ ਦੀ ਦਿਸ਼ਾ ਵਿੱਚ ਵਿਸ਼ਾਲ ਲੋਕਾਈ ਵਿੱਚੋਂ ਭਰਤੀ ਪੂਰੀ ਫੌਜ ਨੂੰ ਨਿਰਦੇਸ਼ਤ ਕਰਦਾ ਹੈ ਅਤੇ ਇਸੇ ਪ੍ਰਕਿਰਿਆ ਵਿੱਚ ਮਹਾਂਮਨੁੱਖ ਅਤੇ ਨਾਇਕ ਵੀ ਪੈਦਾ ਹੋ ਜਾਂਦੇ ਹਨ।

ਨੌਜਵਾਨ ਪਾਠਕ ਸਾਥੀਓ ਅਤੇ ਸਾਹਿਤ ਦੀ ਦੁਨੀਆਂ ਵਿੱਚ ਪੈਰ ਰੱਖ ਰਹੇ ਨੌਜਵਾਨ ਲੇਖਕੋ, ਤੁਹਾਨੂੰ ਆਪਣੇ ਵਿੱਚੋਂ ਹੀ ਅਜਿਹੇ ਲੇਖਕ, ਕਲਾਕਾਰ ਅਤੇ ਸੱਭਿਆਚਾਰਕ ਕਾਮੇ ਪੈਦਾ ਕਰਨੇ ਹੋਣਗੇ ਜੋ ਪ੍ਰੋਲੇਤਾਰੀ ਨਵ-ਜਾਗਰਣ ਅਤੇ ਪ੍ਰਬੋਧਨ ਦਾ ਅਹਿਮ ਕਾਰਜ ਆਪਣੇ ਹੱਥ ਲੈਣ। ਲੇਖਕ ਸਮਾਜ ਨੂੰ ਦਿਸ਼ਾ ਦਿੰਦਾ ਹੈ ਪਰ ਉਸ ਤੋਂ ਵੀ ਪਹਿਲਾਂ ਸਮਾਜ ਲੇਖਕ ਦੀ ਉਸਾਰੀ ਕਰਦਾ ਹੈ।

ਹਨ੍ਹੇਰੇ ਅਤੇ ਪਿੱਛਲ ਮੋੜੇ ਦੇ ਇਸ ਦੌਰ ਵਿੱਚ ਇਕ ਨਵੀਂ ਸੱਭਿਆਚਾਰਕ ਮੁਹਿੰਮ ਦੀ ਤਿਆਰੀ ਅਤੇ ਜਥੇਬੰਦੀ ਦਾ ਕੰਮ ਸਾਡੇ ਸਾਹਮਣੇ ਹੈ। ਇਸ ਲਈ ਉਠੋ, ਆਪਣੀ ਸਕਾਰਤਮਕ ਪ੍ਰੰਪਰਾ ਦੀ ਅਮੀਰ ਵਿਰਾਸਤ ਤੋਂ ਤਾਕਤ ਲਓ। ਮੁਰਦਿਆਂ ਦੇ ਇਸ ਪਿੰਡ ਵਿੱਚ ਸਾਹਸੀ ਕਬੀਰਾਂ ਦੀ ਤਲਾਸ਼ ਕਰੋ।

ਜੋ ਖੁੰਝ ਗਏ ਜਾਂ ਵਿੱਕ ਗਏ ਉਨ੍ਹਾਂ ਨੂੰ ਕੁੱਝ ਨਾ ਪੁੱਛਣਾ, ਪਰ ਜਿਨ੍ਹਾਂ ਵਿੱਚ ਇਮਾਨਦਾਰੀ ਬਚੀ ਹੋਈ ਹੈ ਜਿਨ੍ਹਾਂ 'ਚ ਊਰਜਾ ਵੀ ਬਾਕੀ ਹੈ ਉਨ੍ਹਾਂ ਨੂੰ ਪੁੱਛੋ, "ਆਖਰ ਤੁਸੀਂ ਇਨਕਲਾਬੀ ਆਤਮਾ ਦੀ ਗੱਲ ਕਦੋਂ ਕਰੋਗੇ, ਆਤਮਾ ਦੇ ਮੁੜ-ਜਨਮ ਦੀ ਜ਼ਰੂਰਤ ਬਾਰੇ ਕਦੋਂ ਲਿਖੋਗੇ ? ਕਿੱਥੇ ਹੈ ਨਵੀਂ ਜ਼ਿੰਦਗੀ ਦੀ ਉਸਾਰੀ ਦਾ ਸੱਦਾ ? ਕਿੱਥੇ ਹੈ ਨਿਡਰਤਾ ਦਾ ਪਾਠ ? ਕਿੱਥੇ ਹਨ ਉਹ ਸ਼ਬਦ ਜੋ ਆਤਮਾ ਨੂੰ ਖੰਭ ਲਗਾ ਸਕਦੇ ਹਨ ?" (ਗੋਰਕੀ ਦੀ ਕਹਾਣੀ – 'ਪਾਠਕ')।

ਸਰਗਰਮੀਆਂ

23 ਮਾਰਚ ਦੇ ਸ਼ਹੀਦਾਂ ਦੀ ਯਾਦ ਵਿੱਚ ਸਭਿਆਚਾਰਕ ਪ੍ਰੋਗਰਾਮ

ਮਹਾਨ ਇਨਕਲਾਬੀ ਸ਼ਹੀਦਾਂ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇ 78 ਵੇਂ ਸ਼ਹਾਦਤ ਦਿਨ ਦੇ ਸੰਬੰਧ ਵਿੱਚ ਨੌਜਵਾਨ ਭਾਰਤ ਸਭਾ ਅਤੇ ਬਿਗੁਲ ਮਜ਼ਦੂਰ ਦਸਤਾ ਵਲੋਂ ਲੁਧਿਆਣਾ ਵਿੱਚ ਦੋ ਥਾਂਵਾਂ ’ਤੇ ਇਨਕਲਾਬੀ ਨਾਟਕਾਂ ਅਤੇ ਗੀਤਾਂ ਦੇ ਪ੍ਰੋਗਰਾਮ ਕੀਤੇ ਗਏ। ਪਹਿਲਾ ਪ੍ਰੋਗਰਾਮ 16 ਮਾਰਚ ਨੂੰ ਈ. ਡਬਲਿਊ.ਐਸ ਕਲੋਨੀ ਵਿੱਚ ਅੰਬੇਦਕਰ ਚੌਂਕ ਵਿੱਚ ਸ਼ਾਮ 5 ਵਜੇ ਸ਼ੁਰੂ ਕੀਤਾ ਗਿਆ। ਦੂਜਾ ਪ੍ਰੋਗਰਾਮ 23 ਮਾਰਚ ਨੂੰ ਗਿਆਸਪੁਰਾ ਦੇ ਲਕਸ਼ਮਣ ਨਗਰ ਵਿੱਚ ਏਨੇ ਹੀ ਸਮੇਂ ’ਤੇ ਸ਼ੁਰੂ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮਾਂ ਲਈ ਨੌਜਵਾਨ ਭਾਰਤ ਸਭਾ ਅਤੇ ਬਿਗੁਲ ਮਜ਼ਦੂਰ ਦਸਤਾ ਦੇ ਕਾਰਕੁੰਨਾਂ ਦੁਆਰਾ ਦੋ ਨਾਟਕ ਤਿਆਰ ਕੀਤੇ ਗਏ ਸਨ। ਪਹਿਲਾ ਨਾਟਕ ਸੀ ਸ਼੍ਰੀ ਕ੍ਰਿਸ਼ਨ ਚੰਦਰ ਦੁਆਰਾ ਲਿਖੀ ਹਿੰਦੀ ਕਹਾਣੀ ‘ਗੱਢਾ’ ’ਤੇ ਅਧਾਰਿਤ ਨਾਟਕ ‘ਟੋਆ’। ਦੂਜਾ ਨਾਟਕ ਜੋ ਪੇਸ਼ ਕੀਤਾ ਗਿਆ ਉਹ ਸੀ ਸ਼ਹੀਦ ਭਗਤ ਦੇ ਅੰਤਿਮ ਜੇਲ੍ਹ ਸਮੇਂ ’ਤੇ ਅਧਾਰਿਤ ਨਾਟਕ ‘ਛਿਪਣ ਤੋਂ ਪਹਿਲਾਂ’। ਬਿਗੁਲ ਮਜ਼ਦੂਰ ਦਸਤਾ ਦੀ ਸੰਗੀਤ ਮੰਡਲੀ ਦੁਆਰਾ ‘ਧਰਤੀ ਕੋ ਸੋਨਾ ਬਨਾਨੇ ਵਾਲੇ ਭਾਈ ਜੀ’, ‘ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤੱਕ ਰਾਤ ਬਾਕੀ ਹੈ’, ‘ਜ਼ਾਰੀ ਹੈ ਜ਼ਾਰੀ ਹੈ ਅਭੀ ਲੜਾਈ ਜ਼ਾਰੀ ਹੈ’ ਆਦਿ ਇਨਕਲਾਬੀ ਗੀਤ ਪੇਸ਼ ਕੀਤੇ ਗਏ। 23 ਮਾਰਚ ਨੂੰ ਗਿਆਸਪੁਰਾ ਦੇ ਲਕਸ਼ਮਣ ਨਗਰ ਵਿੱਚ ਕੀਤੇ ਗਏ ਪ੍ਰੋਗਰਾਮ ਵਿੱਚ ਬੱਚਿਆਂ ਦੀ ਕਾਫ਼ੀ ਵਧੀਆ ਭੂਮਿਕਾ ਰਹੀ। ਬੱਚਿਆਂ ਨੇ ਵੀ ਨਾਟਕ ‘ਟੋਆ’ ਆਪਣੇ ਹੀ ਅੰਦਾਜ ਵਿੱਚ ਪੇਸ਼ ਕੀਤਾ। ਬੱਚਿਆਂ ਦੇ ਪੇਸ਼ ਕੀਤੇ ਗੀਤ ਅਤੇ ਕਵਿਤਾਵਾਂ ਨੂੰ ਲੋਕਾਂ ਨੇ ਕਾਫ਼ੀ ਸਰਾਹਿਆ। ਦੋਵਾਂ ਹੀ ਥਾਂਵਾਂ ’ਤੇ ਨੌਭਾਸ ਦੇ ਪੰਜਾਬ ਸੂਬਾ ਕਨਵੀਨਰ ਰਾਜਵਿੰਦਰ ਨੇ ਲੋਕਾਂ ਨੂੰ ਸੰਬੋਧਿਤ ਕੀਤਾ। ਉਹਨਾਂ ਨੌਜਵਾਨਾਂ ਨੂੰ ਇਨਕਲਾਬੀ ਸ਼ਹੀਦਾਂ ਦੇ ਸੁਪਨੇ ਪੂਰੇ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਮੈਡੀਕਲ ਕੈਂਪ ਦਾ ਆਯੋਜਨ

ਸ਼ਹੀਦ ਭਗਤ ਸਿੰਘ, ਸ਼ਹੀਦ ਸੁਖਦੇਵ ਅਤੇ ਸ਼ਹੀਦ ਰਾਜਗੁਰੂ ਦੀ ਯਾਦ ਵਿੱਚ ਉਹਨਾਂ ਦੇ 77ਵੇਂ ਸ਼ਹਾਦਤ ਵਰ੍ਹੇ ਦੀ ਸ਼ੁਰੂਆਤ ਦੇ ਮੌਕੇ ’ਤੇ 30 ਮਾਰਚ 2008 ਨੂੰ ਲੁਧਿਆਣਾ ਦੇ ਗਿਆਸਪੁਰਾ ਇਲਾਕੇ ਵਿੱਚ ਇੱਕ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੈਡੀਕਲ ਵਿੱਚ ਕੁੱਲ 405 ਮਰੀਜਾਂ ਦਾ ਚੈੱਕਅਪ ਕੀਤਾ ਗਿਆ ਅਤੇ ਉਹਨਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਮਹੱਤਵਪੂਰਣ ਗੱਲ ਇਹ ਸੀ ਕਿ ਇਹ ਮੈਡੀਕਲ ਕੈਂਪ ਅਮੀਰਾਂ ਦੁਆਰਾ ਗਰੀਬਾਂ ਦੀ ‘ਸੇਵਾ’ ਲਈ ਕੀਤਾ ਗਿਆ ਕੋਈ ਦਿਖਾਵਾ ਨਹੀਂ ਸੀ ਸਗੋਂ ਨੌਜਵਾਨ ਭਾਰਤ ਸਭਾ ਅਤੇ ਬਿਗੁਲ ਮਜ਼ਦੂਰ ਦਸਤਾ ਦੁਆਰਾ ਗਿਆਸਪੁਰਾ ਦੇ ਲਕਸ਼ਮਣ ਨਗਰ, ਗਗਨ ਨਗਰ, ਨਿਊ ਗਗਨ ਨਗਰ, ਪੱਖਰ ਕਲੋਨੀ ਆਦਿ ਵਿੱਚੋਂ ਫੈਕਟਰੀ ਮਜ਼ਦੂਰਾਂ ਅਤੇ ਹੋਰ ਸਧਾਰਨ ਜਿਹੇ ਕੰਮ-ਧੰਦੇ ਕਰਦੇ ਆਮ ਗਰੀਬ ਲੋਕਾਂ ਤੋਂ ਹੀ ਇੱਕਠੇ ਕੀਤੇ ਆਰਥਿਕ ਸਹਿਯੋਗ ਰਾਹੀਂ ਲਗਾਇਆ ਗਿਆ ਮੈਡੀਕਲ ਕੈਂਪ ਸੀ। ਦਿਖਾਵੇ ਲਈ ਕੀਤੇ ਜਾਂਦੇ ਮੈਡੀਕਲ ਕੈਂਪਾਂ ਦੀ ਤਰ੍ਹਾਂ ਇਸ ਕੈਂਪ ਦੇ ਉਦਘਾਟਨ ਲਈ ਕਿਸੇ ਚੁਣਾਵੀ ਲੀਡਰ, ਮੌਜੂਦਾ ਜਾਂ ਸਾਬਕਾ ਕੌਂਸਲਰ ਜਾਂ ਇਸੇ ਤਰ੍ਹਾਂ ਦੇ ਕਿਸੇ ਹੋਰ ਵਿਅਕਤੀ ਨੂੰ ਨਹੀਂ ਬੁਲਾਇਆ ਗਿਆ ਅਤੇ ਨਾ ਹੀ ਇਹਨਾਂ ਤੋਂ ਮੈਡੀਕਲ ਕੈਂਪ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਮਦਦ ਲਈ ਗਈ। ਕਿਹਾ ਜਾ ਸਕਦਾ ਹੈ ਕਿ ਇਹ ਮੈਡੀਕਲ ਕੈਂਪ ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ ਲੋਕਾਂ ਦਾ ਆਪਣੇ ਦੁਆਰਾ ਆਪਣੇ ਲਈ ਮੈਡੀਕਲ ਕੈਂਪ ਸੀ।

ਮੈਡੀਕਲ ਕੈਂਪ ਨੇ ਇਹ ਸਚਾਈ ਉਜਾਗਰ ਕੀਤੀ ਕਿ ਮਜ਼ਦੂਰ ਕੁਪੋਸ਼ਣ ਦਾ ਸ਼ਿਕਾਰ ਹਨ। ਜ਼ਿਆਦਾਤਰ ਮਜ਼ਦੂਰਾਂ ਵਿੱਚ ਖ਼ੂਨ ਦੀ ਘਾਟ ਰਹਿੰਦੀ ਹੈ। ਕਾਰਨ ਬਹੁਤ ਸਪੱਸ਼ਟ ਹੈ ਕਿ ਮਜ਼ਦੂਰਾਂ ਨੂੰ ਹੱਡ-ਤੋੜ ਮਿਹਨਤ ਤੋਂ ਬਾਅਦ ਵੀ ਏਨੀ ਆਮਦਨ ਨਹੀਂ ਹੁੰਦੀ ਕਿ ਉਹ ਆਪਣੀਆਂ ਖਾਣ-ਪੀਣ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕਣ। ਜੋ ਕੁੱਝ ਭੋਜਨ ਵੀ ਉਹ ਪੇਟ ਭਰਨ ਲਈ ਜੁਟਾ ਪਾਉਂਦੇ ਹਨ ਉਹ ਭੋਜਨ ਲੋੜੀਂਦੇ ਤੱਤਾਂ ਦੇ ਨਜ਼ਰੀਏ ਤੋਂ ਘੱਟੋ ਘੱਟ ਮਾਪਦੰਡ ਵੀ ਪੂਰੇ ਨਹੀਂ ਕਰਦਾ। ਇਹ ਗੱਲ ਵੀ ਸਾਹਮਣੇ ਆਈ ਕਿ ਗਰੀਬਾਂ ਵਿੱਚ ਚਮੜੀ ਰੋਗਾਂ ਦੀ ਭਰਮਾਰ ਹੈ। ਜਦੋਂ ਛੋਟੇ-ਛੋਟੇ ਜਿਹੇ ਕਮਰਿਆਂ ਵਿੱਚ ਇਕੱਠੇ ਹੀ ਕਈ-ਕਈ ਜਾਣਿਆ ਨੂੰ ਰਹਿਣਾ ਪੈਂਦਾ ਹੋਵੇ, ਸੋਣ-ਪਹਿਨਣ ਲਈ ਸਾਂਝੇ ਕੱਪੜਿਆਂ ਦਾ ਇਸਤੇਮਾਲ ਇੱਕ ਹੱਦ ਤੱਕ ਮਜਬੂਰੀ ਜਿਹੀ ਬਣ ਜਾਂਦਾ ਹੈ। ਅਜਿਹੇ ਵਿੱਚ ਚਮੜੀ ਰੋਗਾਂ ਦਾ ਇਹ ਅਬਾਦੀ ਅਸਾਨੀ ਨਾਲ਼ ਸ਼ਿਕਾਰ ਹੋ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਸਨਅਤੀ ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ ਗਰੀਬ ਲੋਕਾਂ ਦੀ ਭਾਰੀ ਅਬਾਦੀ ਵਾਲ਼ੇ ਗਿਆਸਪੁਰਾ ਇਲਾਕੇ ਵਿੱਚ ਸਾਫ਼-ਸਫ਼ਾਈ, ਪੀਣ ਲਈ ਸ਼ੁੱਧ ਪਾਣੀ, ਇਲਾਜ ਲਈ ਹਸਪਤਾਲ ਅਤੇ ਡਿਸਪੈਂਸਰੀਆਂ ਦਾ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਕੋਈ ਲੋੜੀਂਦਾ ਪ੍ਰਬੰਧ ਨਹੀਂ ਹੈ। ਇਸ ਇਲਾਕੇ ਵਿੱਚ ਹਰ ਸਾਲ ਗਰਮੀਆਂ ਵਿੱਚ ਹੈਜ਼ਾ ਫੈਲਣ ਕਾਰਨ ਅਨੇਕਾਂ ਲੋਕਾਂ ਨੂੰ ਮੌਤ ਨਸੀਬ ਹੁੰਦੀ ਹੈ।

ਨੌਭਾਸ ਪੰਜਾਬ ਦੇ ਕਨਵੀਨਰ ਰਾਜਵਿੰਦਰ ਨੇ ਦੱਸਿਆ ਕਿ ਨੌਭਾਸ ਅਤੇ ਬਿਗੁਲ ਮਜ਼ਦੂਰ ਦਸਤਾ ਵੱਲੋਂ ਇਸ ਇਲਾਕੇ ਵਿੱਚ ਲਗਾਇਆ ਗਿਆ ਇਹ ਦੂਜਾ ਮੈਡੀਕਲ ਕੈਂਪ ਸੀ। ਪਹਿਲਾ ਮੈਡੀਕਲ ਕੈਂਪ 25 ਮਾਰਚ 2007 ਨੂੰ ਆਯੋਜਿਤ ਕੀਤਾ ਗਿਆ ਸੀ। ਉਹਨਾਂ ਕਿਹਾ ਕਿ ਨੌਭਾਸ ਹੋਰ ਵੀ ਵੱਧ ਗਿਣਤੀ ਵਿੱਚ ਨਿਯਮਤ ਤੌਰ ’ਤੇ ਮੈਡੀਕਲ ਕੈਂਪ ਆਯੋਜਿਤ ਕਰੇਗੀ। ਜ਼ਿਆਦਾ ਮੈਡੀਕਲ ਕੈਂਪਾਂ ਵਾਸਤੇ ਮੁਫ਼ਤ ਦਵਾਈਆਂ ਲਈ ਆਰਥਿਕ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਰ ਮੁਫ਼ਤ ਮੈਡੀਕਲ ਚੈਕਅੱਪ ਦਾ ਆਯੋਜਨ ਕਰਨਾ ਮੁਕਾਬਲਤਨ ਕਾਫ਼ੀ ਆਸਾਨ ਹੋਵੇਗਾ। ਉਹਨਾਂ ਕਿਹਾ ਕਿ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਆਯੋਜਿਤ ਕਰਨ ਦੀ ਯੋਜਨਾ ਉੱਤੇ ਬਹੁਤ ਹੀ ਜਲਦ ਅਮਲ ਕੀਤਾ ਜਾਵੇਗਾ। ਸ਼੍ਰੀ ਰਾਜਵਿੰਦਰ ਨੇ ਕਿਹਾ ਕਿ ਅੱਜ ਜਦੋਂ ਇਸ ਮੁਨਾਫ਼ਾਖੋਰ ਪੂੰਜੀਵਾਦੀ ਢਾਂਚੇ ਨੇ ਆਮ ਲੋਕਾਂ ਤੋਂ ਸਭ ਸਿਹਤ ਸੁਵਿਧਾਵਾਂ ਖੋਹ ਲਈਆਂ ਹਨ ਅਜਿਹੇ ਵਿੱਚ ਜਿੱਥੇ ਲੋਕਾਂ ਨੂੰ ਸਿਹਤ ਸੁਵਿਧਾਵਾਂ ਦੀ ਪੂਰਤੀ ਲਈ ਇਸ ਢਾਂਚੇ ਦੀ ਤਬਾਹੀ ਲਈ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ ਉੱਥੇ ਨਾਲ਼-ਨਾਲ਼ ਆਪਣੀ ਸਮੂਹਿਕ ਪਹਿਲਕਦਮੀ ਨਾਲ਼ ਜਿਸ ਹੱਦ ਤੱਕ ਹੋ ਸਕਦਾ ਹੈ ਸਿਹਤ ਸਹੂਲਤਾਂ ਦਾ ਪ੍ਰਬੰਧ ਆਪ ਕਰਨ ਵੱਲ਼ ਵੀ ਵੱਧਣਾ ਚਾਹੀਦਾ ਹੈ।

ਨਵੀਂ ਪੀੜ੍ਹੀ ਨੂੰ ਫ਼ਾਸੀਵਾਦੀ ਵਿਚਾਰਧਾਰਾ ਦੀ ਗੁੜ੍ਹਤੀ

—ਨਮਿਤਾ

ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਨਵੀਂ ਪੀੜ੍ਹੀ ਨੂੰ ਫ਼ਾਸੀਵਾਦੀ ਵਿਚਾਰਧਾਰਾ ਦੀ ਗੁੜਤੀ ਪਿਲ਼ਾਈ ਜਾ ਰਹੀ ਹੈ। ਸੰਘ ਪਰਿਵਾਰ ਦੁਆਰਾ ਚਲਾਏ ਜਾਂਦੇ ਸਕੂਲਾਂ ਵਿੱਚ ਤਾਂ ਇਹ ਪਹਿਲਾਂ ਤੋਂ ਹੀ ਚਲਿਆ ਆ ਰਿਹਾ ਹੈ। ਪਰ ਇਹਨਾਂ ਭਾਜਪਾ ਦੀਆਂ ਸਰਕਾਰਾਂ ਵਾਲ਼ੇ ਰਾਜਾਂ ਵਿੱਚ ਹੁਣ ਬਕਾਇਦਾ ਸਰਕਾਰੀ ਸਕੂਲਾਂ ਵਿੱਚ ਸਿਲ਼ੇਬਸ ਰਾਹੀਂ ਹੁਣ ਵਿਦਿਆਰਥੀਆਂ ਨੂੰ ਹਿਟਲਰ-ਮੁਸੋਲਿਨੀ ਦੇ ਆਦਰਸ਼ਾਂ ਦੇ ਸਬਕ ਪੜਾਏ ਜਾ ਰਹੇ ਹਨ।

ਰਾਜਸਥਾਨ ਸਰਕਾਰ ਨੇ 8ਵੀਂ ਅਤੇ 12ਵੀਂ ਜਮਾਤ ਦੇ ਸਿਲੇਬਸ ਵਿੱਚ ਜੋ ਬਦਲਾਅ ਕੀਤੇ ਹਨ ਉਸ ਵਿੱਚ ਫ਼ਾਸੀਵਾਦ ਦੀ ਤਾਰੀਫ਼ ਦੇ ਕਸੀਦੇ ਪੜ੍ਹੇ ਗਏ ਹਨ। ਆਓ ਇਹਨਾਂ ਸਬਕਾਂ ਦੇ ਕੁਝ ਨਮੂਨੇ ਦੇਖਦੇ ਹਾਂ। 'ਰਾਜਨੀਤੀ ਵਿਗਿਆਨ ਦੀਆਂ ਪ੍ਰਮੁੱਖ ਧਾਰਨਾਵਾਂ ਅਤੇ ਵਿਚਾਰਧਾਰਾਵਾਂ' ਨਾਮਕ 12ਵੀਂ ਜਮਾਤ ਦੀ ਪੁਸਤਕ ਵਿੱਚ ਕਿਹਾ ਗਿਆ ਹੈ—

'ਫ਼ਾਸੀਵਾਦ ਦੀ ਦੇਣ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ- (1) ਫ਼ਾਸੀਵਾਦ ਲੋਕਤੰਤਰ ਦੀਆਂ ਕਮੀਆਂ ਨੂੰ ਦੂਰ ਕਰਦਾ ਹੈ।(2) ਸੰਕਟ ਦੀ ਸਥਿਤੀ ਵਿੱਚ ਫੌਰੀ ਨਿਰਣੇ ਦੀ ਜ਼ਰੂਰਤ ਹੁੰਦੀ ਹੈ ਅਤੇ ਇਸਦੇ ਲਈ ਫ਼ਾਸੀਵਾਦ ਚੰਗਾ ਸਾਧਨ ਹੈ। (3) ਫ਼ਾਸੀਵਾਦ ਵਿੱਚ ਕੌਮੀਅਤ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। (4) ਫ਼ਾਸੀਵਾਦ ਵਿੱਚ ਸੱਤਾ ਯੋਗ ਵਿਅਕਤੀ ਦੇ ਹੱਥ ਹੋਣ ਕਾਰਨ ਦੇਸ਼ ਸੁਰੱਖਿਅਤ ਰਹਿੰਦਾ ਹੈ। (5) ਮੁਸੋਲਿਨੀ ਦੇ ਯੁੱਗ ਵਿੱਚ ਇਟਲੀ ਵਿੱਚ ਆਰਥਿਕ ਅਤੇ ਉਦਯੋਗਿਕ ਵਿਕਾਸ ਹੋਇਆ।'

ਸੰਘ ਪਰਿਵਾਰ ਦੇ ਸਾਰੇ ਮੂੰਹ ਅਤੇ ਮਖੌਟੇ ਹਿੰਦੂ ਕੌਮ ਦੇ ਸੰਕਲਪ ਨੂੰ ਹੀ ਇੱਕੋ-ਇੱਕ ਭਾਰਤੀ ਸੰਕਲਪ ਮੰਨਦੇ ਹਨ ਅਤੇ ਧਰਮ ਤਾਂ ਉਹਨਾਂ ਮੁਤਾਬਿਕ ਕੌਮ ਦਾ ਕੇਂਦਰੀ ਅੰਗ ਹੈ। ਬਾਕੀ ਸਾਰੇ ਧਰਮਾਂ ਨੂੰ ਮੰਨਣ ਵਾਲ਼ੇ ਭਾਰਤ ਲਈ ਵਿਦੇਸ਼ੀ ਹਨ, ਬੇਗਾਨੇ ਹਨ ਅਤੇ ਉਹਨਾਂ ਨੇ ਭਾਰਤੀ ਸੱਭਿਅਤਾ ਅਤੇ ਸਭਿਆਚਾਰ ਨੂੰ ਭ੍ਰਿਸ਼ਟ ਕੀਤਾ ਹੈ। ਸੰਘ ਦੇ ਵੱਡੇ ਸਿਧਾਂਤਕਾਰ ਗੋਲਵਰਕਰ ਨੇ ਤਾਂ ਆਪਣੀ ਕਿਤਾਬ 'ਵੀ ਆਵਰ ਨੇਸ਼ਨਹੁਡ ਡਿਫ਼ਾਇੰਡ' ਵਿੱਚ ਕਿਹਾ ਹੈ ਕਿ "ਮੁਸਲਮਾਨ ਇਸ ਦੇਸ਼ ਵਿੱਚ ਰਹਿ ਸਕਦੇ ਹਨ, ਪਰ ਪੂਰੀ ਤਰ੍ਹਾਂ ਹਿੰਦੂ ਕੌਮ ਦੀ ਅਧੀਨਤਾ ਵਿੱਚ, ਕਿਸੇ ਚੀਜ਼ ਉੱਤੇ ਦਾਅਵਾ ਨਾ ਕਰਦੇ ਹੋਏ, ਸਹੂਲਤਾਂ ਤੋਂ ਸੱਖਣੇ ਹੋ ਕੇ। ਵਿਸ਼ੇਸ਼ ਅਧਿਕਾਰ ਤਾਂ ਦੂਰ, ਉਹ ਇੱਕ ਨਾਗਰਿਕ ਦੇ ਅਧਿਕਾਰਾਂ ਤੋ ਵੀ ਵਾਂਝੇ ਹੋਣਗੇ। ਸੰਘ ਪਰਿਵਾਰ ਦੇ ਉੱਚੇ ਸਿਧਾਂਤਕਾਰਾਂ ਦੇ ਇਹ 'ਮਹਾਨ' ਵਿਚਾਰ ਹੁਣ ਸਰਕਾਰੀ ਪਾਠ-ਪੁਸਤਕਾਂ ਵਿੱਚ ਚਮਕ ਰਹੇ ਹਨ। 11ਵੀਂ ਦੀ ਸਮਾਜਿਕ ਸਿੱਖਿਆ ਦੀ ਪਾਠ-ਪੁਸਤਕ ਵਿੱਚ ਹੋਰ ਧਰਮਾਂ ਉੱਤੇ ਹਿੰਦੂ ਧਰਮ ਦੀ ਸ੍ਰੇਸ਼ਠਤਾ ਸਥਾਪਿਤ ਕੀਤੀ ਗਈ ਹੈ ਅਤੇ ਹਿੰਦੂ ਧਰਮ ਨੂੰ ਭਾਰਤੀ ਸਮਾਜ, ਸਭਿਆਚਾਰ ਦਾ ਰਾਹ ਦਿਖਾਉਣ ਵਾਲ਼ਾ ਕਿਹਾ ਗਿਆ ਹੈ। ਮੱਧ ਕਾਲ਼ ਨੂੰ ਭਾਰਤ ਦਾ ਹਨ੍ਹੇਰਮਈ ਪੱਖ ਦੱਸਣ ਵਾਲ਼ੀਆਂ ਇਹ ਪੁਸਤਕਾਂ ਲਿਖਦੀਆਂ ਹਨ ਕਿ " ਮੁਗਲ਼ਾਂ ਨੇ ਹਿੰਦੂਆਂ ਨੂੰ ਦੋਮ ਦਰਜ਼ੇ ਦਾ ਨਾਗਰਿਕ ਬਣਾ ਕੇ ਅਤਿਆਚਾਰ ਦਾ ਜੋ ਦੌਰ ਸ਼ੁਰੂ ਕੀਤਾ ਉਹ ਅੰਗ੍ਰੇਜ਼ਾਂ ਦੇ ਸਮੇਂ ਤੱਕ ਜ਼ਾਰੀ ਰਿਹਾ, ਅਜਿਹੇ ਵਿੱਚ ਡਾ. ਹੇਡਗੇਵਾਰ ਨੇ ਆਰ.ਐਸ.ਐਸ. ਦੀ ਸਥਾਪਨਾ ਕੀਤੀ ਜਿਸਨੇ ਹਿੰਦੂਆਂ ਵਿੱਚ ਫ਼ਿਰ ਤੋਂ ਜਾਗ੍ਰਿਤੀ ਅਤੇ ਸਮਾਜ ਵਿੱਚ ਸਮਰਸਤਾ ਦਾ ਸੰਚਾਰ ਕੀਤਾ "

ਹਿੰਦੂਆਂ ਵਿੱਚ ਦੁਬਾਰਾ ਜਾਗ੍ਰਿਤੀ ਦੇ ਨਾਂ 'ਤੇ ਪਿਛਲੇ ਦਿਨਾਂ ਵਿੱਚ ਮੱਧ ਪ੍ਰਦੇਸ਼ ਸਰਕਾਰ ਨੇ ਵੀ ਸਕੂਲਾਂ ਵਿੱਚ ਵੰਦੇ ਮਾਤਰਮ ਗਾਉਣਾ ਅਤੇ 'ਸੂਰਯ-ਨਮਸਕਾਰ' ਦੇ ਪ੍ਰੋਗਰਾਮ ਨੂੰ ਲਾਜ਼ਮੀ ਬਣਾਉਣ ਦੀ ਪ੍ਰਕਿਰਿਆ ਚਲਾਈ ਸੀ। ਭਾਂਵੇਂ ਵਿਰੋਧ ਦੇ ਕਾਰਣ ਸਰਕਾਰ ਨੂੰ ਇਹ ਐਲਾਨ ਕਰਨਾ ਪਿਆ ਕਿ ਇਹ ਲਾਜ਼ਮੀ ਨਹੀਂ ਸਵੈ ਇੱਛਾ ਅਨੁਸਾਰ ਹੈ।

ਵੋਟ ਵਟੋਰੂ ਰਾਜਨੀਤੀ ਦੀਆਂ ਮਜ਼ਬੂਰੀਆਂ ਕਾਰਨ ਭਾਂਵੇਂ ਸੰਘ ਪਰਿਵਾਰ ਦੀ ਰਾਜਨੀਤਕ ਸ਼ਾਖਾ ਭਾਜਪਾ ਦਲਿਤਾਂ ਨੂੰ ਰਿਜ਼ਰਵੇਸ਼ਨ ਦੇਣ ਦਾ ਸਮਰਥਨ ਕਰਦੀ ਹੋਵੇ, ਪਰ ਅਸਲ਼ ਵਿੱਚ ਅੱਜ ਵੀ ਅੰਦਰੋਂ ਇਹ ਜਾਤ-ਪਾਤ ਦੀ ਹਿਮਾਇਤੀ ਹੈ। ਇਸ ਲਈ ਉਹ ਜਾਤ-ਪਾਤ ਦੇ ਖਾਤਮੇ ਦੀ ਗੱਲ ਨਾ ਕਰਕੇ ਸਮਾਜਿਕ ਸਮਰਸਤਾ ਦੀ ਗੱਲ ਕਰਦਾ ਹੈ। ਉਹ ਅਣਮਨੁੱਖੀ ਜਾਤ-ਪਾਤੀ ਢਾਂਚੇ ਦਾ ਪੈਰੋਕਾਰ ਹੈ।

ਲਗਭਗ ਸਾਰੀਆਂ ਪੁਸਤਕਾਂ ਵਿੱਚ ਇਤਿਹਾਸ ਦੇ ਨਾਂ ਉੱਤੇ ਪੁਰਾਣ-ਕਥਾਵਾਂ, ਝੂਠ-ਫ਼ਰੇਬ ਅਤੇ ਅੰਧਵਿਸ਼ਵਾਸ਼ਾਂ ਦਾ ਭੰਡਾਰ ਹੈ। ਇਹ ਦਰਸਾਉਂਦਾ ਹੈ ਕਿ ਇਹ ਕੇਸਰੀ ਬ੍ਰਿਗੇਡ ਇਤਿਹਾਸ ਤੋਂ ਕਿਸ ਕਦਰ ਡਰੀ ਹੋਈ ਹੈ। ਉਹਨਾਂ ਨੂੰ ਪਤਾ ਹੈ ਕਿ ਜੇ ਅਗਲੀ ਪੀੜ੍ਹੀ ਵਿਗਿਆਨਕ ਇਤਿਹਾਸ ਦ੍ਰਿਸ਼ਟੀਕੋਣ ਤੋਂ ਅਤੇ ਫ਼ਾਸ਼ੀਵਾਦੀਆਂ ਦੇ ਕਾਲ਼ੇ ਇਤਿਹਾਸ ਤੋਂ ਜਾਣੂ ਹੋ ਜਾਵੇਗੀ ਤਾਂ ਉਹਨਾਂ ਦੀ ਸੱਤਾ ਦੀ ਕੋਈ ਹੋਂਦ ਨਹੀਂ ਰਹੇਗੀ। ਇਸ ਲਈ ਉਹ ਬੁਖਲਾਏ ਹੋਏ ਹਨ ਅਤੇ ਜਿਥੇ ਵੀ ਉਹਨਾਂ ਦੀਆਂ ਸਰਕਾਰਾਂ ਹਨ ਉੱਥੇ ਸਾਰੀਆਂ ਸਿੱਖਿਆ ਸੰਸਥਾਵਾਂ, ਅਕਾਦਮਿਕ ਸੰਸਥਾਵਾਂ ਵਿੱਚ ਕੇਸਰੀ ਬ੍ਰਿਗੇਡ ਦੇ ਫ਼ਸਿਸਟ ਟੱਟੂਆਂ ਨੂੰ ਭਰਿਆ ਜਾ ਰਿਹਾ ਹੈ, ਪਾਠ-ਪੁਸਤਕਾਂ ਨਾਲ਼ ਉਹ ਇਤਿਹਾਸ ਵਿਰੋਧੀ ਮਨਮਾਨੀ ਤੋੜ-ਫੋੜ ਉਹਨਾਂ ਦੇ ਇਸੇ ਡਰ ਦਾ ਨਤੀਜਾ ਹੈ।

ਦਰਅਸਲ ਇਹ ਸਾਰੀਆਂ ਕਾਰਗੁਜਾਰੀਆਂ ਨੌਜਵਾਨ ਪੀੜ੍ਹੀ ਦੀ ਸਮਝ ਨੂੰ ਖ਼ੁੰਢਾ ਕਰਨ, ਉਹਨਾਂ ਦੀ ਤਰਕ ਸ਼ਕਤੀ ਨੂੰ ਕਮਜ਼ੋਰ ਕਰਨ ਅਤੇ ਉਹਨਾਂ ਦੇ ਦਿਮਾਗ ਨੂੰ ਫ਼ਿਰਕੂ ਨਫ਼ਰਤ ਨਾਲ਼ ਭਰਨ ਦੀਆਂ ਭੈੜੀਆਂ ਸਾਜਿਸ਼ਾਂ ਦੇ ਤਹਿਤ ਕੀਤਾ ਜਾ ਰਿਹਾ ਹੈ। ਇਹ ਨੌਜਵਾਨਾਂ ਦੀ ਤਬਦੀਲ਼ੀ-ਪਸੰਦ ਊਰਜਾ ਅਤੇ ਸਿਰਜਣਾਤਮਕਤਾ ਨੂੰ ਖ਼ੁੰਢਾ ਕਰਨ ਦੀ ਤਿਆਰੀ ਹੈ। ਇਸ ਲਈ ਸਾਨੂੰ ਚੌਕੰਨਾਂ ਰਹਿਣਾ ਚਾਹੀਦਾ ਹੈ। ਗੁਜਰਾਤ ਤੋਂ ਬਾਅਦ ਹਿੰਦੂਤਵ ਦੀਆਂ ਨਵੀਂਆਂ ਪ੍ਰਯੋਗਸ਼ਲ਼ਾਵਾਂ ਤਿਆਰ ਹੋ ਰਹੀਆਂ ਹਨ।

ਪੂੰਜੀਪਤੀਆਂ ਦੀ ਗਿਰਝ-ਅੱਖ ਹੁਣ ਪਾਣੀ 'ਤੇ

—ਲਖਵਿੰਦਰ

ਸਵਰਗ-ਨਰਕ ਵਿੱਚ ਵਿਸ਼ਵਾਸ਼ ਰੱਖਣ ਵਾਲ਼ੇ ਲੋਕ ਕਹਿੰਦੇ ਹਨ ਕਿ ਪਿਆਸੇ ਨੂੰ ਪਾਣੀ ਪਿਲਾਉਣਾ ਪੁੰਨ ਦਾ ਕੰਮ ਹੁੰਦਾ ਹੈ। ਇਸ ਮਾਮਲੇ ਵਿੱਚ ਗਰੀਬਾਂ ਲਈ ਇੱਕ ਬੁਰੀ ਖ਼ਬਰ ਹੈ। ਉਹਨਾਂ ਤੋਂ ਇਹ ਪੁੰਨ ਦਾ ਕੰਮ ਕਰਨ ਦਾ ਅਧਿਕਾਰ ਵੀ ਖੋਹਿਆ ਜਾ ਰਿਹਾ ਹੈ। ਇਹ ਨੇਕ ਕਰਮ ਹੁਣ ਦੇਸ਼ ਵਿਦੇਸ਼ ਦੀਆਂ ਪ੍ਰਾਈਵੇਟ ਕੰਪਨੀਆਂ ਕਰਨਗੀਆਂ ਅਤੇ ਸਵਰਗ ਵਿੱਚ ਆਪਣੀ ਸੀਟ ਪੱਕੀ ਕਰਨ ਲਈ ਉਹ ਜੀ-ਤੋੜ ਮਿਹਨਤ ਰਾਹੀਂ ਇਸ ਧਰਤੀ ਦੇ ਸਾਰੇ ਪਾਣੀ ਉੱਤੇ ਕਬਜ਼ਾ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀਆਂ ਹਨ। ਲੋਕਾਂ ਦੁਆਰਾ ਚੁਣੇ ਗਏ ਉਹਨਾਂ ਦੇ 'ਸੇਵਕ', ਸੰਸਦ-ਵਿਧਾਨ ਸਭਾਵਾਂ ਵਿੱਚ ਬੈਠੇ ਚੋਰ-ਗੁੰਡੇ ਬਦਮਾਸ਼ ਵੀ ਆਪਣੇ ਸਾਰੇ ਪਾਪ ਧੋਣ ਲਈ ਸਰਕਾਰ ਵਲੋਂ ਇਹਨਾਂ ਪ੍ਰਾਈਵੇਟ ਕੰਪਨੀਆਂ ਦੇ ਇਸ ਪਵਿੱਤਰ ਕੰਮ ਵਿੱਚ ਪੂਰਾ ਸਹਿਯੋਗ ਦੇ ਰਹੇ ਹਨ।

ਤੁਹਾਨੂੰ ਸਾਡੀਆਂ ਗੱਲ੍ਹਾਂ ਸ਼ਾਇਦ ਅਜੀਬ ਲੱਗਣ ਪਰ ਤੁਸੀਂ ਕਿਸੇ ਭਰਮ-ਭੁਲੇਖੇ ਵਿੱਚ ਨਾ ਰਹਿਣਾ। ਜੇ ਤੁਸੀਂ ਸਮਝਦੇ ਹੋ ਕਿ ਇਹ ਨਦੀਆਂ, ਝਰਨੇ, ਨਹਿਰਾਂ, ਭੂਮੀਗਤ ਪਾਣੀ ਆਦਿ ਸਭ ਦੇ ਸਾਂਝੇ ਹਨ ਅਤੇ ਰਹਿਣਗੇ ਤਾਂ ਤੁਸੀਂ ਇੱਕ ਬੇਹੱਦ ਭੋਲੇ ਮੂਰਖ ਹੋ। ਅਸੀਂ ਜਿਸ ਯੁੱਗ ਵਿੱਚ ਜੀਓ ਰਹੇ ਹਾਂ ਉੱਥੇ ਪੂੰਜੀ ਦਾ ਜ਼ੋਰ ਚੱਲਦਾ ਹੈ। ਪੂੰਜੀਵਾਦ ਵਿੱਚ ਤਾਂ ਪੂੰਜੀ ਤੋਂ ਕੋਈ ਰਿਸ਼ਤਾ ਤੱਕ ਸੁਰੱਖਿਅਤ ਨਹੀਂ ਰਹਿੰਦਾ, ਪਾਣੀ ਤਾਂ ਹੈ ਹੀ ਕੀ ਚੀਜ਼ ?

ਨੇੜ ਭਵਿੱਖ ਵਿੱਚ ਪਾਣੀ ਦਾ ਨਿੱਜੀ ਵਪਾਰ ਸੰਸਾਰ ਪੱਧਰ 'ਤੇ ਅਰਬਾਂ ਡਾਲਰ ਦਾ ਹੋਣ ਜਾ ਰਿਹਾ ਹੈ। ਕੁਝ ਲੋਕ ਤਾਂ ਇਥੋਂ ਤੱਕ ਅੰਦਾਜ਼ਾ ਲਾ ਰਹੇ ਹਨ ਕਿ ਜਿਸ ਰਫ਼ਤਾਰ ਨਾਲ਼ ਪਾਣੀ ਦੇ ਨਿਜੀਕਰਨ ਦੀ ਇਹ ਪ੍ਰਕਿਰਿਆ ਅੱਗੇ ਵੱਧ ਰਹੀ ਹੈ ਉਸ ਹਿਸਾਬ ਨਾਲ਼ ਤਾਂ ਹੋ ਸਕਦਾ ਹੈ ਕਿ ਭਵਿੱਖ ਵਿੱਚ ਓ.ਪੀ.ਈ.ਸੀ. (ਪੈਟਰੋਲਿਅਮ ਨਿਰਯਾਤ ਕਰਨ ਵਾਲ਼ੇ ਦੇਸ਼ਾਂ ਦਾ ਸੰਗਠਨ) ਦੀ ਤਰ੍ਹਾਂ ਹੀ ਕਨਾਡਾ ਜਿਹੇ ਸਾਫ਼ ਪਾਣੀ ਦੇ ਭੰਡਾਰ ਦੇਸ਼ਾਂ ਦਾ ਕੋਈ ਕਾਰਟਲ ਸਾਹਮਣੇ ਆ ਜਾਵੇ। ਅਜਿਹਾ ਕਹਿਣ ਵਾਲ਼ੇ ਤਾਂ ਇਥੋਂ ਤੱਕ ਅੰਦਾਜ਼ਾ ਲਾਉਂਦੇ ਹਨ ਕਿ ਪੀਣ ਵਾਲ਼ਾ ਪਾਣੀ ਤੇਲ ਤੋਂ ਵੀ ਮਹਿੰਗਾ ਹੋ ਜਾਵੇਗਾ।

ਇਹ ਦਾਅਵੇ ਕਿੱਥੋਂ ਤੱਕ ਸੱਚ ਸਾਬਿਤ ਹੋ ਸਕਣਗੇ ਇਹ ਤਾਂ ਭਵਿੱਖ ਹੀ ਦੱਸੇਗਾ ਪਰ ਦੇਸ਼ ਭਰ ਵਿੱਚ ਜੋ ਕੁਝ ਹੋ ਰਿਹਾ ਹੈ। ਉਸਨੂੰ ਦੇਖ ਕੇ ਇਹ ਸਪੱਸ਼ਟ ਕਿਹਾ ਜਾ ਸਕਦਾ ਹੈ ਕਿ ਆਮ ਆਦਮੀ ਆਮ ਇਸਤੇਮਾਲ ਦੇ ਪਾਣੀ ਤੋਂ ਲਗਾਤਾਰ ਦੂਰ ਹੁੰਦਾ ਜਾ ਰਿਹਾ ਹੈ।

ਪੂੰਜੀਵਾਦ ਇੱਕ ਪਾਸੇ ਤਾਂ ਵਾਤਾਵਰਨ ਨੂੰ ਲਗਾਤਾਰ ਤਬਾਹ ਕਰਦਾ ਜਾ ਰਿਹਾ ਹੈ। ਮੁਨਾਫ਼ਾ ਹਾਸਿਲ ਕਰਨ ਦੀ ਅੰਨੀ ਦੌੜ ਕਾਰਨ, ਬੇਹਿਸਾਬ ਉਤਪਾਤਨ ਦੀਆਂ ਕੋਸ਼ਿਸ਼ਾਂ ਕਾਰਨ ਸਾਫ਼ ਪਾਣੀ ਦੇ ਸਰੋਤਾਂ ਨਦੀਆਂ-ਨਹਿਰਾਂ-ਭੂਮੀਗਤ ਪਾਣੀ ਦਾ ਕੋਈ ਧਿਆਨ ਨਹੀਂ। ਦੇਸ਼ ਭਰ ਵਿੱਚ ਨਦੀਆਂ ਦੀ ਫ਼ੈਕਟਰੀਆਂ ਦੇ ਪਾਣੀ ਨਾਲ਼ ਹੋਈ ਦੁਰਗਤੀ ਇਸ ਦੀ ਗਵਾਹ ਹੈ। ਦੂਜੇ ਪਾਸੇ ਵਾਤਾਵਰਨ ਦੀ ਤਬਾਹੀ ਦਾ ਵੀ ਪੂੰਜੀਪਤੀ ਪੂਰਾ ਫਾਇਦਾ ਲੈਂਦੇ ਹਨ। ਆਖ਼ਰ ਜਿੰਨਾਂ ਉਹ ਪਾਣੀ ਨੂੰ ਪ੍ਰਦੂਸ਼ਿਤ ਕਰਨਗੇ ਉਨੀਆਂ ਵੱਧ ਹੀ ਤਾਂ ਉਹ ਪਾਣੀ ਦੀਆਂ ਬੋਤਲਾਂ ਵੇਚ ਸਕਣਗੇ !

ਭਾਰਤ ਬੋਤਲ-ਪਾਣੀ ਦਾ ਇਸਤੇਮਾਲ ਕਰਨ ਵਾਲ਼ਾ ਦੁਨੀਆਂ ਦਾ 10ਵਾਂ ਸਭ ਤੋਂ ਵੱਡਾ ਦੇਸ਼ ਹੈ। 2004 ਦਾ ਅੰਕੜਾ ਵੇਖਿਆ ਜਾਵੇ ਤਾਂ ਭਾਰਤ ਵਿੱਚ ਇਹ ਵਪਾਰ 25 ਪ੍ਰਤਿਸ਼ਤ ਦੀ ਰਫ਼ਤਾਰ ਨਾਲ਼ ਵੱਧ ਰਿਹਾ ਹੈ ਜੋ ਦੁਨੀਆਂ ਦੇ ਬਾਕੀ ਸਭ ਦੇਸ਼ਾਂ ਤੋਂ ਤੇਜ਼ ਹੈ। ਇਸ ਉਦਯੋਗ ਦਾ ਵਧਣਾ 1991 ਵਿੱਚ ਉਦਾਰੀਕਰਨ ਦੀ ਪ੍ਰਕਿਰਿਆ ਨਾਲ਼ ਸ਼ੁਰੂ ਹੋਇਆ ਅਤੇ ਵਧਦਾ ਹੀ ਗਿਆ। ਭਾਰਤ ਵਿੱਚ ਬੋਤਲ-ਪਾਣੀ ਵੇਚਣ ਵਾਲ਼ੇ 200 ਦੇ ਕਰੀਬ ਬਰਾਂਡ ਹਨ। ਇਹਨਾਂ ਵਿੱਚੋਂ 80 ਪ੍ਰਤਿਸ਼ਤ ਲੋਕਲ਼ ਹਨ। ਬਹੁਤ ਵੱਡੀ ਗਿਣਤੀ ਵਿੱਚ ਛੋਟੇ-ਛੋਟੇ ਉਤਪਾਤਕ ਇਸ ਮੰਡੀ ਵਿੱਚ ਹਨ। ਪਰ ਮੁੱਖ ਜ਼ੋਰ ਤਾਂ ਪਾਰਲੇ ਬਿਸਲੇਰੀ, ਕੋਕਾ ਕੋਲਾ, ਪੇਪਸੀ ਕੰਪਨੀ, ਪਾਰਲੇ ਐਗਰੋ, ਮੋਹਨ ਮਿਕੀਨਜ਼, ਐਸ.ਕੇ.ਐਨ. ਬ੍ਰੀਵੇਰੀਜ਼ ਜਿਹੇ ਵੱਡੇ ਖਿਡਾਰੀਆਂ ਦਾ ਹੀ ਚਲਦਾ ਹੈ। ਜ਼ਿਆਦਾਤਰ ਬੋਟਲਿੰਗ ਪਲਾਂਟ ਭਾਵੇਂ ਉਹ ਪਾਣੀ ਦੇ ਹੋਣ ਜਾਂ ਸੋਫ਼ਟ ਡਰਿੰਕਜ਼ ਦੇ, ਮੁੱਖ ਤੌਰ 'ਤੇ ਭੂਮੀਗਤ ਪਾਣੀ ਉੱਤੇ ਹੀ ਨਿਰਭਰ ਹਨ। ਭਰਪੂਰ ਮਾਤਰਾ ਵਿੱਚ ਪਾਣੀ ਕੱਢਣ ਦੇ ਨਤੀਜੇ ਵਜੋਂ ਇਹਨਾਂ ਪਲਾਟਾਂ ਦੇ ਇਲਾਕਿਆਂ ਵਿੱਚ ਲੋਕਾਂ ਨੂੰ ਪਾਣੀ ਦੀ ਭਾਰੀ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹ ਕੰਪਨੀਆਂ ਲਗਭਗ ਮੁਫ਼ਤ ਵਿੱਚ ਪਾਣੀ ਹਾਸਲ ਕਰਦੀਆਂ ਹਨ। ਇੱਕ ਉਦਾਹਰਨ ਵਜੋਂ, ਰਾਜਸਥਾਨ ਦੇ ਜੈਪੁਰ ਦੇ ਨੇੜੇ ਕਾਲਗ੍ਰਸਤ ਇਲਾਕੇ ਕਾਲਾ ਡੇਰਾ ਦੀ ਹੀ ਗੱਲ ਕਰ ਲਈ ਜਾਵੇ। ਇੱਥੇ ਕੋਕਾ ਕੋਲਾ ਦਾ ਬੋਟਲਿੰਗ ਪਲਾਂਟ ਹੈ। ਇਹ ਹਰ ਰੋਜ਼ 5 ਲੱਖ ਲੀਟਰ ਪਾਣੀ ਧਰਤੀ ਹੇਠੋਂ ਕੱਢਦਾ ਹੈ। ਇਸ ਉੱਤੇ ਕੰਪਨੀ ਦਾ ਖ਼ਰਚ 14 ਪੈਸੇ ਪ੍ਰਤੀ ਲੀਟਰ ਆਉਂਦਾ ਹੈ। ਇੱਕ ਲੀਟਰ ਬੋਤਲ-ਪਾਣੀ ਲਈ ਦੋ ਜਾਂ ਤਿੰਨ ਲੀਟਰ ਆਮ ਪਾਣੀ ਦੀ ਜ਼ਰੂਰਤ ਹੁੰਦੀ ਹੈ। ਇਸ ਤਰ੍ਹਾਂ 50 ਪੈਸੇ ਤੱਕ ਦੇ ਪਾਣੀ ਨੂੰ ਇਹ ਕੰਪਨੀਆਂ ਬੋਤਲਾਂ ਵਿੱਚ ਭਰ ਕੇ 10-12 ਰੁਪਏ 'ਚ ਵੇਚ ਕੇ ਬੇਹਿਸਾਬ ਮੁਨਾਫ਼ਾ ਕਮਾ ਰਹੀਆਂ ਹਨ।

ਕੇਰਲਾ ਦੇ ਪਾਲਾਕਡ ਜਿਲ੍ਹੇ ਦੇ ਪਲੇਚਿਮਾਡਾ ਇਲਾਕੇ ਵਿੱਚ ਕੋਕਾ ਕੋਲਾ ਵਿਰੁੱਧ ਚੱਲੇ ਅਦੋਲ਼ਨ ਨੇ ਕਾਫ਼ੀ ਧਿਆਨ ਖਿੱਚਿਆ ਸੀ। ਅਪ੍ਰੈਲ 2002 ਵਿੱਚ ਇਸ ਇਲਾਕੇ ਦੇ ਲੋਕਾਂ ਨੇ ਇਸ ਫ਼ੈਕਟਰੀ ਕਾਰਨ ਪੈਦਾ ਹੋਈ ਪਾਣੀ ਦੀ ਭਾਰੀ ਕਮੀ ਅਤੇ ਪ੍ਰਦੂਸ਼ਣ ਖ਼ਿਲਾਫ਼ ਧਰਨਾ ਦਿੱਤਾ ਸੀ। ਉਦੋਂ ਤੋਂ ਹੀ ਇਸ ਇਲਾਕੇ ਦੇ ਲੋਕ ਸੰਘਰਸ਼ ਕਰ ਰਹੇ ਹਨ। ਸਰਕਾਰ ਪੂਰੀ ਤਰ੍ਹਾਂ ਕੰਪਨੀ ਦੀ ਹਿਮਾਇਤ ਵਿੱਚ ਖੜੀ ਹੈ। ਕੇਰਲਾ ਸਰਕਾਰ ਹੋਰ ਵੀ ਲੋਕ-ਵਿਰੋਧੀ

ਯੋਜਨਾਵਾਂ ਜ਼ਰੀਏ ਨਦੀਆਂ, ਬੰਨਾਂ, ਭੂਮੀਗਤ ਪਾਣੀ ਤੋਂ ਭਰਪੂਰ ਮੁਨਾਫ਼ਾ ਕਮਾਉਣ ਦਾ ਪੂੰਜ਼ੀਪਤੀਆਂ ਨੂੰ ਪੂਰਾ ਮੌਕਾ ਦੇ ਰਹੀ ਹੈ।

ਮੱਧ ਪ੍ਰਦੇਸ਼ ਸਰਕਾਰ ਨੇ ਸੰਨ 2000 ਵਿੱਚ ਰੇਡੀਅਸ ਵਾਟਰ ਲਿਮੀਟਡ (RWL) ਨੂੰ ਸ਼ਿਓਨਾਥ ਨਦੀ ਦਾ 23.6 ਕਿਲੋਮੀਟਰ ਦਾ ਹਿੱਸਾ 22 ਸਾਲਾਂ ਲਈ ਦੇ ਦਿੱਤਾ। ਕੰਪਨੀ ਨੂੰ ਪਾਣੀ ਸਪਲਾਈ ਦੀ ਇਜ਼ਾਰੇਦਾਰੀ ਦੀ ਗਰੰਟੀ ਕੀਤੀ ਗਈ। ਸਰਕਾਰ ਦੁਆਰਾ ਇਸ ਕੰਪਨੀ ਨੂੰ ਇਸਤੇਮਾਲ ਲਈ ਜ਼ਮੀਨ ਬਿਨਾਂ ਕਿਸੇ ਕੀਮਤ ਤੋਂ ਸੌਂਪੀ ਗਈ। ਸਰਕਾਰ ਨੇ ਇਸ ਕੰਪਨੀ ਨਾਲ਼ ਸਮਝੌਤੇ ਅਨੁਸਾਰ ਹਰ ਰੋਜ਼ 40 ਲੱਖ ਲੀਟਰ ਪਾਣੀ ਖਰੀਦਣਾ ਹੀ ਹੈ। ਘੱਟ ਪਾਣੀ ਖਰੀਦਣ ਦੀ ਹਾਲਤ ਵਿੱਚ ਵੀ 40 ਲੱਖ ਲੀਟਰ ਦੇ ਹੀ ਪੈਸੇ ਦੇਣੇ ਹੋਣਗੇ। ਜੇ ਸਰਕਾਰ ਸਮਝੌਤੇ ਤੋਂ ਪਿੱਛੇ ਹੱਟਦੀ ਹੈ ਤਾਂ ਬਾਕੀ ਵਰ੍ਹਿਆਂ ਦਾ ਸੰਭਾਵਿਤ ਮੁਨਾਫ਼ਾ ਸਰਕਾਰ ਕੰਪਨੀ ਨੂੰ ਹਰਜ਼ਾਨੇ ਵਜੋਂ ਦੇਵੇਗੀ। ਉਦੋਂ ਤੋਂ ਹੀ ਮੱਧ ਪ੍ਰਦੇਸ਼ (ਹੁਣ ਛੱਤੀਸ਼ਗੜ੍ਹ) ਸਰਕਾਰ ਰੇਡਿਅਸ ਵਾਟਰ ਲਿਮੀਟੇਡ ਨੂੰ ਭਾਰੀ ਘਾਟੇ ਉੱਤੇ (ਲੋਕਾਂ ਦੇ ਧਨ ਨਾਲ਼) ਮੁਨਾਫ਼ਾ ਪਹੁੰਚਾਉਂਦੀ ਆ ਰਹੀ ਹੈ। ਛੱਤੀਸ਼ਗੜ੍ਹ ਵਿੱਚ ਹੋਰ ਵੀ ਕਈ ਪ੍ਰੋਜੈਕਟ ਗਿਣਾਏ ਜਾ ਸਕਦੇ ਹਨ- ਰਾਜਗੜ੍ਹ ਵਿੱਚ ਕੀਲੋ ਅਤੇ ਖਰਿਕਰ ਨਦੀਆਂ ਉੱਤੇ, ਜਗਜ਼ੀਰ ਵਿੱਚ ਮੰਡ ਉੱਤੇ, ਰਾਏਪੁਰ ਵਿਖੇ ਖੈਰੋਂ ਨਦੀ ਉੱਤੇ, ਦਾਂਤੇਵਾੜਾ ਵਿਖੇ ਸਾਵਰੀ ਨਦੀ ਉੱਤੇ।

ਜਿੱਥੇ ਵੀ ਪਾਣੀ ਦੇ ਇਸਤੇਮਾਲ ਦੇ ਅਧਿਕਾਰ ਨਿਜੀ ਹੱਥਾਂ ਵਿੱਚ ਦਿੱਤੇ ਜਾ ਰਹੇ ਹਨ, ਰਾਜ ਵਿੱਚ ਉਦਯੋਗ ਖਿੱਚਣ ਦਾ ਬਹਾਨਾ ਬਣਾਇਆ ਜਾ ਰਿਹਾ ਹੈ। ਇਸ ਪ੍ਰਕਾਰ ਸਰਕਾਰਾਂ ਇਸ ਧੰਦੇ ਦੇ ਪੂੰਜ਼ੀਪਤੀਆਂ ਨੂੰ ਇਜ਼ਾਰੇਦਾਰੀ ਦੀ ਪੂਰੀ ਗਰੰਟੀ, ਘੱਟ ਤੋਂ ਘੱਟ ਖਰੀਦ ਦੀ ਗਰੰਟੀ, ਭੱਜਣ ਉੱਤੇ ਵੀ ਚੰਗਾ ਲਾਭ ਅਤੇ ਲੋਕ ਸੰਘਰਸ਼ਾਂ ਤੋਂ ਪੂਰੀ ਸੁਰੱਖਿਆ ਦਿੰਦੇ ਹੋਏ ਖ਼ੂਬ 'ਪੁੰਨ' ਕਮਾ ਰਹੀਆਂ ਹਨ।

ਸਰਕਾਰਾਂ ਹੁਣ 'ਕਲਿਆਣਕਾਰੀ ਰਾਜ' ਦਾ ਮਖੌਟਾ ਉਤਾਰ ਚੁੱਕੀਆਂ ਹਨ। ਪੀਣ ਵਾਲ਼ੇ ਪਾਣੀ ਦੀ ਸਪਲਾਈ ਦੀ ਜ਼ਿੰਮੇਵਾਰੀ ਸਰਕਾਰ ਦੀ ਸਮਝੀ ਜਾਂਦੀ ਸੀ। ਜਿਸ ਤਰ੍ਹਾਂ ਕੇਂਦਰ ਅਤੇ ਰਾਜ ਸਰਕਾਰਾਂ ਪਬਲਿਕ ਸੈਕਟਰ ਦੇ ਲੋਕਾਂ ਦੀ ਖ਼ੂਨ-ਪਸੀਨੇ ਦੀ ਕਮਾਈ ਨਾਲ਼ ਬਣੇ ਉਦਯੋਗ, ਹਸਪਤਾਲ, ਸਕੂਲ ਆਦਿ ਕੌਡੀਆਂ ਦੇ ਭਾਅ ਦੇਸ਼ੀ-ਵਿਦੇਸ਼ੀ ਪੂੰਜ਼ੀਪਤੀਆਂ ਨੂੰ ਵੇਚ ਰਹੀ ਹੈ ਉਵੇਂ ਹੀ ਪਾਣੀ ਦੀ ਪਬਲਿਕ ਸਪਲਾਈ ਦਾ ਢਾਂਚਾ ਵੀ ਇਹਨਾਂ ਦੈਂਤਾਂ ਅੱਗੇ ਪਰੋਸਿਆ ਜਾ ਰਿਹਾ ਹੈ।

ਮਹਾਂਰਾਸ਼ਟਰ ਦਾ ਚੰਦਰਪੁਰ ਸ਼ਹਿਰ, ਜਿੱਥੇ ਸਭ ਤੋਂ ਪਹਿਲਾਂ ਕਾਰਪੋਰੇਸ਼ਨ ਦੁਆਰਾ ਸਪਲਾਈ ਕੀਤੇ ਜਾ ਰਹੇ ਪਾਣੀ ਦਾ ਨਿੱਜੀਕਰਨ ਕੀਤਾ ਗਿਆ, ਵਿੱਚ ਪਾਣੀ ਦੀ ਸਪਲਾਈ ਪੰਜ ਘੰਟੇ ਦੀ ਜਗ੍ਹਾ ਸਿਰਫ਼ ਦੋ ਘੰਟੇ ਹੀ ਰਹਿ ਗਈ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਵੀ ਜਦੋਂ ਅਜਿਹੀਆਂ ਕੋਸ਼ਿਸ਼ਾਂ ਹੋਈਆਂ ਤਾਂ ਲੋਕਾਂ ਨੂੰ ਭਿਅੰਕਰ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਇੱਥੇ ਇਹਨਾਂ ਉਦਾਹਰਨਾਂ ਦਾ ਅਰਥ ਸਰਕਾਰੀ ਢਾਂਚੇ ਦਾ ਅੰਨ੍ਹਾ ਸਮਰਥਨ ਕਰਨਾ ਨਹੀਂ ਹੈ। ਅਸਲਿਅਤ ਵਿੱਚ ਤਾਂ ਇਹ ਸਰਕਾਰੀ ਢਾਂਚਾ ਪੂੰਜੀਵਾਦੀ ਸਰਕਾਰੀ ਢਾਂਚਾ ਹੀ ਹੈ ਜੋ ਸਹੀ ਮਾਅਨੇ ਵਿੱਚ ਲੋਕਾਂ ਦੀਆਂ ਜ਼ਰੂਰਤਾਂ ਦਾ ਕੋਈ ਧਿਆਨ ਨਹੀਂ ਰੱਖਦਾ। ਫਿਰ ਵੀ ਇਹਨਾਂ ਉਦਾਹਰਨਾਂ ਨਾਲ ਸਰਕਾਰਾਂ ਦਾ ਪੂੰਜੀਵਾਦੀ ਕਰੂਰ ਚਹਿਰਾ ਨੰਗਾ ਹੁੰਦਾ ਹੈ। ਇਹਨਾਂ ਘਟਨਾਵਾਂ ਤੋਂ ਏਨੀ ਤਾਂ ਸਮਝ ਆ ਹੀ ਜਾਂਦੀ ਹੈ ਕਿ ਜਿਹੜੇ ਥੋੜ੍ਹੇ-ਬਹੁਤ ਹੱਕ-ਅਧਿਕਾਰ ਸਾਡੇ ਕੋਲ਼ ਅੱਜ ਹਨ ਵੀ (ਤੇ ਇਹ ਵੀ ਕਿਸੇ ਨੇ ਤੋਹਫ਼ੇ ਦੇ ਰੂਪ 'ਚ ਨਹੀਂ ਦਿੱਤੇ ਸਨ) ਜੇ ਲੋਕ ਐਵੇਂ ਹੀ ਸੋਏ ਰਹੇ ਤਾਂ ਉਹ ਵੀ ਖੋਹ ਲਏ ਜਾਣਗੇ।

ਛੱਤੀਸ਼ਗੜ੍ਹ ਵਿੱਚ ਕਿਸਾਨਾਂ ਨੂੰ ਪਾਣੀ ਦੀ ਘਾਟ ਨੂੰ ਪੂਰਾ ਕਰਨ ਅਤੇ ਇਸ ਵਿੱਚ ਉਹਨਾਂ ਦੀ ਸ਼ਮੂਲਿਅਤ ਦੇ ਨਾਂ 'ਤੇ ਇਹ ਕੰਮ 'ਪਾਣੀ ਪੰਚਾਇਤਾਂ' (ਵਾਟਰ ਯੂਜਰਜ਼ ਐਸੋਸਿਏਸ਼ਨ) ਨੂੰ ਸੌਂਪਿਆ ਜਾ ਰਿਹਾ ਹੈ। ਗਰੀਬ ਕਿਸਾਨ ਤਾਂ ਅਸਲ ਵਿੱਚ ਕੋਈ ਫ਼ਾਇਦਾ ਲੈ ਹੀ ਨਹੀਂ ਪਾਉਂਦੇ ਕਿਉਂ ਕਿ ਇਹਨਾਂ ਪਾਣੀ ਪੰਚਾਇਤਾਂ ਵਿੱਚ ਅਸਲ 'ਚ ਧਨੀ ਕਿਸਾਨਾਂ ਦਾ ਹੀ ਦਬਦਬਾ ਹੁੰਦਾ ਹੈ। ਆਮ ਇਸਤੇਮਾਲ ਦਾ ਪਾਣੀ ਆਮ ਕਿਰਤੀ ਲੋਕਾਂ ਤੋਂ ਕਿਸ ਪ੍ਰਕਾਰ ਦੂਰ ਹੁੰਦਾ ਜਾ ਰਿਹਾ ਹੈ ਇਸ ਦਾ ਅੰਦਾਜ਼ਾ ਇੱਕ-ਦੋ ਹੋਰ ਉਦਾਹਰਨਾਂ ਨਾਲ਼ ਲਾਇਆ ਜਾ ਸਕਦਾ ਹੈ- ਮੁਬੰਈ ਵਿੱਚ ਨਿੱਜੀ ਥੀਮ ਅਤੇ ਵਾਟਰ ਪਾਰਕ ਰੋਜ਼ਾਨਾ 50 ਬਿਲੀਅਨ ਲੀਟਰ ਪਾਣੀ ਬਰਬਾਦ ਕਰਦੇ ਹਨ ਪਰ ਗੰਦੀਆਂ ਬਸਤੀਆਂ ਵਿੱਚ ਅਣਗਿਣਤ ਮਰਦ-ਔਰਤਾਂ ਨੂੰ 20 ਲੀਟਰ ਪਾਣੀ ਲਈ ਵੀ ਘੰਟਿਆਂ ਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ! ਆਂਧਰਾ ਪ੍ਰਦੇਸ਼ ਦੇ ਇੱਕ ਪਿੰਡ ਬਾਜਾਰਗਾਂਵ ਦੇ ਨੇੜੇ ਇੱਕ ਕੁਲੀਨ ਪਾਰਕ 'ਫ਼ਨ ਐਂਡ ਫ਼ੂਡ ਵਿਲੇਜ਼' ਰੋਜ਼ਾਨਾਂ ਲੱਖਾਂ ਲੀਟਰ ਪਾਣੀ ਬਰਬਾਦ ਕਰਦਾ ਹੈ ਪਰ ਪਿੰਡ ਦੇ ਲੋਕਾਂ ਨੂੰ ਦਸ ਦਿਨ ਵਿੱਚ ਸਿਰਫ਼ ਇੱਕ ਟੈਂਕਰ ਪਾਣੀ ਹੀ ਮਿਲਦਾ ਹੈ। ਕਿਹਾ ਜਾਵੇ ਤਾਂ ਇਸ ਪਿੰਡ ਦੇ ਲੋਕਾਂ ਦਾ ਸਾਰਾ ਪਾਣੀ ਕੁਲੀਨਾਂ ਦੇ 'ਵਿਲੇਜ਼' ਨੇ ਖੋਹ ਲਿਆ।

ਸਾਰੇ ਦੇਸ਼ ਵਿੱਚ ਹੀ ਇਹੋ ਕਹਾਣੀ ਪਲ਼-ਪਲ਼ ਸੁਣਾਈ ਦੇ ਰਹੀ ਹੈ। ਜੇ ਘਟਨਾਵਾਂ ਬਿਨਾਂ ਕਿਸੇ ਰੋਕ ਟੋਕ ਦੇ ਇਸੇ ਤਰਾਂ ਵੱਧਦੀਆਂ ਗਈਆਂ ਤਾਂ ਆਉਣ ਵਾਲ਼ੇ ਸਮੇਂ ਵਿੱਚ ਗਰੀਬੀ-ਲਾਚਾਰੀ ਦੇ ਮਹਾਂਸਾਗਰ ਵਿੱਚ ਜਿਉਣ ਵਾਲ਼ੇ ਲੋਕਾਂ ਨੂੰ ਪਾਣੀ ਦੀ ਇੱਕ-ਇੱਕ ਬੂੰਦ ਲਈ ਤਰਸਨਾ ਪਵੇਗਾ। ਸਾਰੀ ਧਰਤੀ ਨੂੰ ਹੀ ਇਸ ਤ੍ਰਾਸਦੀ ਤੋ ਬਚਾਉਣ ਲਈ ਗਰੀਬ ਮਹਿਨਤਕਸ਼ ਲੋਕਾਂ ਨੂੰ ਹੁਣ ਨੀਂਦ ਤੋਂ ਜਾਗਣਾ ਪਵੇਗਾ-ਸੈਲਾਬ ਬਣ ਕੇ ਉੱਠਣਾ ਪਵੇਗਾ।

ਅਧਿਆਪਕ, ਅਕਸਰ ਨਾ ਕਹਿ ਤੂੰ ਸਹੀ ਏਂ
ਵਿਦਿਆਰਥੀਆਂ ਨੂੰ ਮਹਿਸੂਸ ਕਰ ਲੈਣ ਦੇ
ਖ਼ੁਦ-ਬ-ਖ਼ੁਦ
ਸੱਚ ਨੂੰ ਥੋਪੋ ਨਾ
ਇਹ ਠੀਕ ਨਹੀਂ ਹੈ ਸੱਚ ਦੇ ਹੱਕ ਵਿੱਚ
ਬੋਲਦੇ ਹੋ ਜੋ ਉਹ ਸੁਣੋ ਵੀ।

—ਬ੍ਰੈਖ਼ਤ

ਸੜਕ ਤੋਂ ਬੇਦਖ਼ਲ ਹੁੰਦਾ ਆਮ ਆਦਮੀ

—ਸੁਨਯਨਾ

ਪਿਛਲੇ ਮਹੀਨਿਆਂ ਵਿੱਚ ਸਯੁੰਕਤ ਰਾਸ਼ਟਰ ਸੰਘ ਦੁਆਰਾ ਸੜਕ ਸੁਰੱਖਿਆ ਹਫ਼ਤਾ ਮਨਾਇਆ ਗਿਆ ਸੀ। ਸੰਸਾਰ ਸਿਹਤ ਸੰਗਠਨ ਵੀ ਪਿੱਛੇ ਨਹੀਂ ਰਿਹਾ। ਸੰਸਾਰ ਸਿਹਤ ਦਿਵਸ ਵੀ ਸੜਕ ਸੁਰੱਖਿਆ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਐਲਾਨ ਕੀਤਾ ਗਿਆ। ਇਸ ਦੇ ਨਾਲ਼ ਹੀ ਸਾਰੇ ਦੇਸ਼ਾਂ ਵਿੱਚ ਬਹਿਸਾਂ ਅਤੇ ਕੰਨਫਰੰਸਾਂ ਦਾ ਹੜ੍ਹ ਜਿਹਾ ਹੀ ਆ ਗਿਆ। ਆਪਣੇ ਦੇਸ਼ ਵਿੱਚ ਵੀ ਕੁਝ ਰਸਮੀਂ ਕਾਰਵਾਈਆਂ ਕੀਤੀਆਂ ਗਈਆਂ। ਸੜਕ ਹਾਦਸੇ ਰੋਕਣ ਦੇ ਨਾਮ 'ਤੇ ਟਰਾਂਸਪੋਰਟ ਦੇ ਨਿਯਮਾਂ ਦਾ ਸਖਤੀ ਨਾਲ਼ ਪਾਲ਼ਣ ਕਰਨ ਅਤੇ ਸੰਯੁਕਤ ਰਾਸ਼ਟਰ ਤੇ ਸੰਸਾਰ ਸਿਹਤ ਸੰਗਠਨ ਦੁਆਰਾ ਪੇਸ਼ ਸੁਝਾਵਾਂ ਉੱਤੇ ਅਮਲ ਕਰਨ ਦੀਆਂ ਕੁਝ ਵੱਡੀਆਂ-ਵੱਡੀਆਂ ਗੱਲਾਂ ਅਤੇ ਕੁਝ ਵਿਹਲੀਆਂ ਕਵਾਇਦਾਂ ਹੋਈਆਂ, ਜਿਨ੍ਹਾਂ ਦਾ ਇਸ ਤਰ੍ਹਾਂ ਦੇ ਫਿਰ ਆਉਣ ਵਾਲ਼ੇ ਕਿਸੇ ਮੌਕੇ ਲਈ ਮੁਲਤਵੀ ਕਰ ਦਿੱਤਾ ਜਾਣਾ ਤੈਅ ਸੀ। ਵੈਸੇ ਵੀ ਸਿਰਫ਼ ਨਿਯਮ ਕਾਨੂੰਨ ਬਣਾ ਕੇ, ਸਖਤੀ ਨਾਲ਼ ਲਾਗੂ ਕਰਾਉਣ ਦੀਆਂ ਸਲਾਹਾਂ ਦੇ ਕੇ ਸੜਕ ਹਾਦਸਿਆਂ ਵਿੱਚ ਹੋਣ ਵਾਲ਼ੀਆਂ ਮੌਤਾਂ ਨੂੰ ਨਹੀਂ ਰੋਕਿਆ ਜਾ ਸਕਦਾ।

ਇਹ ਵਰਣਨਯੋਗ ਹੈ ਕਿ ਦੁਨੀਆ ਭਰ ਵਿੱਚ ਹਰ ਸਾਲ ਸੜਕ ਹਾਦਸਿਆਂ ਵਿੱਚ ਮਰਨ ਵਾਲ਼ੇ 12 ਲੱਖ ਲੋਕਾਂ ਵਿੱਚੋਂ 58 ਪ੍ਰਤੀਸ਼ਤ ਗਰੀਬ ਦੇਸ਼ਾਂ ਵਿੱਚੋਂ ਹੁੰਦੇ ਹਨ। ਇਹ ਸੰਖਿਆ ਟੀ.ਬੀ. ਅਤੇ ਕੈਂਸਰ ਨਾਲ਼ ਹੋਣ ਵਾਲ਼ੀਆਂ ਮੌਤਾਂ ਦੇ ਬਰਾਬਰ ਹੈ। ਜਖ਼ਮੀ ਅਤੇ ਅਪੰਗ ਹੋਣ ਦੀ ਗਿਣਤੀ ਤਾਂ ਇਸਤੋਂ ਕਈ ਗੁਣਾ ਜਿਆਦਾ ਹੈ, ਲਗਭਗ 2 ਤੋਂ 5 ਕਰੋੜ ਦੇ ਵਿਚਕਾਰ। ਜਾਹਿਰ ਹੈ ਕਿ ਗਰੀਬ ਅਮੀਰਾਂ ਦੇ ਮੁਕਾਬਲੇ ਜਿਆਦਾ ਜਖ਼ਮੀ ਹੁੰਦੇ ਹਨ ਅਤੇ ਉਮਰ ਤੋਂ ਪਹਿਲਾਂ ਮਰਦੇ ਹਨ, ਕਿਉਂਕਿ ਕਾਰਾਂ ਅਤੇ ਇੰਜਨ ਵਹੀਕਲਾਂ ਦੇ ਮੁਕਾਬਲੇ ਆਉਣ-ਜਾਣ ਲਈ ਉਹਨਾਂ ਕੋਲ਼ ਹੁੰਦੀਆਂ ਹਨ ਸਾਈਕਲਾਂ ਜਾਂ ਖੁਦ ਦੇ ਆਪਣੇ ਪੈਰ ਜਾਂ ਫਿਰ ਭੀੜ ਨਾਲ਼ ਤੁੰਨੀ ਹੋਈਆਂ ਤੇਜ਼ ਰਫ਼ਤਾਰ ਪਰ ਅਸੁਰੱਖਿਅਤ ਖੜਕਦੀਆਂ ਬੱਸਾਂ, ਜੋ ਥੋੜੇ ਜਿਹੇ ਅਸੰਤੁਲਨ ਨਾਲ਼ ਇਕਦਮ ਹੀ ਉਲਟ ਜਾਂਦੀਆਂ ਹਨ। ਸੰਸਾਰ ਬੈਂਕ ਦਾ ਕਹਿਣਾ ਹੈ ਕਿ ਆਉਣ ਵਾਲ਼ੇ ਵਰ੍ਹਿਆਂ ਵਿੱਚ 2020 ਤੱਕ, ਵਿਕਾਸਸ਼ੀਲ ਦੇਸ਼ਾਂ ਵਿੱਚ ਮੌਤਾਂ ਦਾ ਇਹ ਅੰਕੜਾ 83 ਪ੍ਰਤਿਸ਼ਤ ਹੋਰ ਵੱਧ ਜਾਵੇਗਾ।

ਪੂੰਜੀ ਅਤੇ ਮੰਡੀ ਦੀ ਸਾਰੀ ਖੇਡ ਸਿਰਫ਼ ਮੁਨਾਫ਼ੇ ਲਈ ਹੁੰਦੀ ਹੈ। ਆਮ ਆਦਮੀ ਦੀ ਜਾਨ ਦੀ ਇਸ ਵਿੱਚ ਕੋਈ ਕੀਮਤ ਨਹੀਂ ਹੁੰਦੀ, ਇਸ ਲਈ ਸੜਕ ਹਾਦਸਿਆਂ ਵਿੱਚ ਹੋਣ ਵਾਲ਼ੀਆਂ ਮੌਤਾਂ ਕਦੇ ਮੁੱਦਾ ਨਹੀਂ ਬਣਦੀਆਂ। ਆਮ ਲੋਕ ਵੀ ਇਸ ਤਰ੍ਹਾਂ ਦੇ ਹਾਦਸਿਆਂ ਨੂੰ ਕਿਸਮਤ ਵਿੱਚ ਲਿਖਿਆ ਮੰਨ ਲੈਂਦੇ ਹਨ। ਦਰਅਸਲ਼, ਪੂੰਜੀਵਾਦੀ ਢਾਂਚੇ ਦੀਆਂ ਅੰਨ੍ਹੀਆਂ ਸਮਾਜਿਕ ਤਾਕਤਾਂ ਦੀ ਆਪਣੇ ਜੀਵਨ ਵਿੱਚ ਘੁਸਪੈਠ ਨੂੰ ਉਹ ਦੇਖ ਹੀ ਨਹੀਂ ਪਾਉਂਦੇ। ਅਕਸਰ ਹੀ ਇਹਨਾਂ ਹਾਦਸਿਆਂ ਲਈ ਸੜਕ ਨਿਯਮਾਂ ਨੂੰ ਦੀ ਉਲੰਘਣਾ ਜਾਂ ਸ਼ਾਸ਼ਨ-ਪ੍ਰਸ਼ਾਸ਼ਨ ਵਿੱਚ ਫ਼ੈਲੀ ਸੰਵੇਦਨਹੀਣਤਾ ਜਾਂ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਨੂੰ ਜਿੰਮੇਵਾਰ ਠਹਿਰਾਇਆ ਜਾਂਦਾ ਹੈ ਅਤੇ ਸਾਰੀਆਂ ਕੌਮੀ ਤੇ ਕੌਮਾਂਤਰੀ ਸੰਸਥਾਵਾਂ ਤਰ੍ਹਾਂ-ਤਰ੍ਹਾਂ ਦੇ ਸੁਝਾਅ ਦੇ ਕੇ ਅਤੇ ਸੰਮੇਲ਼ਨ-ਸੇਮੀਨਾਰਾਂ ਦਾ ਆਯੋਜਨ ਕਰ ਸੁਰੱਖਿਆ ਹਫ਼ਤਾ ਮਨਾ ਕੇ ਆਮ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰ ਕੇ ਇਹਨਾਂ ਉੱਤੇ ਕਾਬੂ ਪਾਉਣਾ ਚਾਹੁੰਦੀਆਂ ਹਨ। ਕੀ 'ਨੌਜਵਾਨ ਅਤੇ ਸੁਰੱਖਿਆ ਹਫ਼ਤਾ' ਜਿਹੇ ਆਯੋਜਨਾਂ ਜ਼ਰੀਏ ਅਮੀਰਜ਼ਾਦਿਆਂ ਨੂੰ ਫੁਟਪਾਥ 'ਤੇ ਗੱਡੀ ਚੜ੍ਹਾ ਲੋਕਾਂ ਨੂੰ ਕੁਚਲਣ ਤੋਂ ਰੋਕਿਆ ਜਾ ਸਕਦਾ ਹੈ? ਯਾਦਦਿਹਾਨੀ ਲਈ ਇਹ ਦੱਸ ਦਈਏ ਕਿ ਸੰਜੀਵ ਨੰਦਾ ਦੀ ਬੀ.ਐਮ.ਡਬਲਿਯੂ. ਨੇ ਦਿੱਲੀ ਵਿੱਚ ਫੁਟਪਾਥ 'ਤੇ ਸੌਂ ਰਹੇ 6 ਲੋਕਾਂ ਨੂੰ ਕੁਚਲ ਦਿੱਤਾ ਸੀ ਅਤੇ ਮੁਬੰਈ ਵਿੱਚ ਅਜਿਹੀ ਹੀ ਘਟਨਾ ਵਿੱਚ 7 ਲੋਕਾਂ ਨੂੰ ਕੁਚਲ ਦਿੱਤਾ ਗਿਆ ਸੀ। ਉੱਚਿਆਂ ਘਰਾਂ ਦੇ ਇਹਨਾਂ ਕਾਕਿਆਂ ਲਈ ਆਮ ਆਦਮੀ ਦੀ ਜਿੰਦਗੀ ਕੀੜੇ-ਮਕੌੜਿਆਂ ਤੋਂ ਵੱਧ ਕੁਝ ਵੀ ਨਹੀਂ ਹੈ। ਦੂਸਰਿਆਂ ਦੀ ਕੀਮਤ 'ਤੇ ਸਿਰਫ਼ ਆਪਣੇ ਲਈ ਜਿਉਣ ਦੀਆਂ ਇਹ ਕਦਰਾਂ ਕੀਮਤਾਂ ਪੂੰਜੀਵਾਦੀ ਉਤਪਾਦਨ ਪ੍ਰਬੰਧ ਦੀ ਹੀ ਦੇਣ ਹੁੰਦੀ ਹੈ। ਇਹ ਇਨਸਾਨੀ ਰਿਸ਼ਤਿਆਂ ਨੂੰ ਆਨੇ-ਪਾਈ ਦੇ ਠੰਡੇ ਬਰਫ਼ੀਲੇ ਪਾਣੀ ਵਿੱਚ ਡੁਬੋ ਦਿੰਦੀ ਹੈ ਅਤੇ ਸਮਾਜਿਕ ਸੰਪਦਾ ਦਾ ਨਿਜੀਕਰਨ ਕਰ ਦਿੰਦੀ ਹੈ। ਜ਼ਾਹਿਰ ਹੈ, ਉਦੋਂ ਸਵਾਰਥ ਸਮੂਹਿਕਤਾ 'ਤੇ ਹਾਵੀ ਹੋ ਜ਼ਾਂਦਾ ਹੈ। ਅਜਿਹੀ ਸਥਿਤੀ ਵਿੱਚ ਸੰਵੇਦਨਸ਼ੀਲਤਾ ਅਤੇ ਅਨੁਸ਼ਾਸਨ ਜਿਹੀਆਂ ਗੱਲਾਂ ਮਹਿਜ਼ ਨਹੀਸਤਬਾਜ਼ੀ ਬਣ ਜਾਂਦੀਆਂ ਹਨ।

ਸੱਚਾਈ ਤਾਂ ਇਹ ਹੈ ਕਿ ਸੜਕਾਂ ਹੁਣ ਆਮ ਆਦਮੀ ਲਈ ਰਹਿ ਹੀ ਨਹੀਂ ਗਈਆਂ। ਇਹ ਉਹਨਾਂ ਦੀ ਜਾਇਦਾਦ ਬਣ ਚੁੱਕਿਆਂ ਹਨ ਜੋ ਮਹਿੰਗੀਆਂ ਗੱਡੀਆਂ ਰੱਖਣ ਦੀ ਹੈਸੀਅਤ ਰੱਖਦੇ ਹਨ। ਮੰਡੀ ਅਤੇ ਮੁਨਾਫ਼ਾ ਅਧਾਰਤ ਪ੍ਰਬੰਧ ਵਿੱਚ ਹਰ ਜਗ੍ਹਾ ਹਾਸ਼ੀਏ ਤੇ ਧੱਕ ਦਿੱਤਾ ਗਿਆ ਆਮ ਆਦਮੀ ਹੁਣ ਸੜਕ ਤੋਂ ਵੀ ਬੇਦਖ਼ਲ ਕੀਤਾ ਜਾ ਰਿਹਾ ਹੈ। ਸੜਕ ਦੀ ਦੋ ਗਜ਼ ਤੋਂ ਵੀ ਘੱਟ ਥਾਂ ਘੇਰਨ ਵਾਲ਼ੇ ਪੈਦਲ ਜਾਂ ਸਾਈਕਲ ਸਵਾਰ ਦੀ ਦਾਅਵੇਦਾਰੀ ਅੱਜ ਮੋਟਰ ਉਦਯੋਗ ਅਤੇ ਤੇਲ ਕੰਪਨੀਆਂ ਦੇ ਹਿਤਾਂ ਨਾਲ਼ ਟਕਰਾ ਰਹੀ ਹੈ। ਇਸ ਲਈ ਸੜਕਾਂ ਭਾਵੇਂ ਚੌੜੀਆਂ ਕੀਤੀਆਂ ਜਾ ਰਹੀਆਂ ਹੋਣ, ਫੁਟਪਾਥ ਅਤੇ ਸਾਈਕਲ ਲੇਨਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਜ਼ਾਹਿਰ ਹੈ ਪੂੰਜੀ ਦਾ ਨਿਜੀਕਰਨ ਤੇਜ਼ ਰਫ਼ਤਾਰ ਮੋਟਰਾਂ ਲਈ ਫ਼ਲਾਈਓਵਰ ਦੀ ਮੰਗ ਕਰਦਾ ਹੈ, ਸਾਈਕਲਾਂ ਅਤੇ ਫੁਟਪਾਥ ਵਾਲ਼ਿਆ ਲਈ ਪਟੜੀਆਂ ਜਾਂ ਫੁਟਪਾਥਾਂ ਦੀ ਨਹੀਂ।

ਪੂੰਜੀਵਾਦੀ ਉਤਪਾਦਨ ਪ੍ਰਣਾਲੀ ਦੀ ਨੁਮਾਇੰਦਗੀ ਕਰਦੀਆਂ ਸਰਕਾਰਾਂ ਅਤੇ ਸਰਕਾਰੀ ਸੰਸਥਾਵਾਂ ਮਤੇ ਅਤੇ ਸੁਝਾਅ ਦੇਣ, ਕਮੇਟੀ-ਕਮਿਸ਼ਨ ਨਿਯੁਕਤ ਕਰਨ ਅਤੇ ਰੈਲੀ-ਕਾਨਫਰੰਸ

ਦੇ ਆਯੋਜਨ ਕਰਨ ਤੋਂ ਅੱਗੇ ਨਹੀਂ ਜਾ ਸਕਦੀਆਂ, ਖਾਸ ਕਰ ਉਦੋਂ ਜਦੋਂ ਅਮਲ ਵਿੱਚ ਲਿਆਉਣ ਤੋਂ ਉਹ ਖ਼ੁਦ ਭੱਜਦੀਆਂ ਹੋਣ। ਉਦਾਹਰਨ ਲਈ ਬਹੁਤ ਦੂਰ ਜਾਣ ਦੀ ਜ਼ਰੂਰਤ ਨਹੀਂ। ਪੂਰਵੀ ਉੱਤਰ ਪ੍ਰਦੇਸ਼ ਦੇ ਗੋਰਖ਼ਪੁਰ ਅਤੇ ਕੁਸ਼ੀਨਗਰ ਖੇਤਰ ਵਿੱਚ ਹਰ ਸਾਲ਼ ਸੈਂਕੜੇ ਹੀ ਜ਼ਿੰਦਗੀਆਂ ਲੈਣ ਵਾਲ਼ੀ ਇਨਫੇਲਾਇਟਸ ਦੀ ਰੋਕਥਾਮ ਲਈ ਅੱਜ ਤੱਕ ਸ਼ਾਸ਼ਨ-ਪ੍ਰਸ਼ਾਸ਼ਨ ਦੁਆਰਾ ਕੋਈ ਕਾਰਗਰ ਉਪਾਅ ਨਹੀਂ ਕੀਤਾ ਜਾ ਸਕਿਆ। ਭਾਂਵੇ ਸੁਝਾਵਾਂ ਅਤੇ ਪ੍ਰਸਤਾਵਾਂ ਦੀ ਹਮੇਸ਼ਾਂ ਹੀ ਭਰਮਾਰ ਰਹੀ ਹੈ।

ਪੂੰਜੀਵਾਦੀ ਪ੍ਰਬੰਧ ਦੇ ਇਹਨਾਂ ਅਲੰਬਰਦਾਰਾਂ ਤੋਂ ਆਮ ਆਦਮੀ ਦੇ ਨੂੰ ਜਾਨ-ਮਾਲ਼ ਦੀ ਸੁਰੱਖਿਆ ਦੀ ਕੋਈ ਵੀ ਉਮੀਦ ਨਹੀਂ ਕੀਤੀ ਜਾ ਸਕਦੀ। ਇਹ ਸਿਰਫ਼ ਸਮਾਜਵਾਦੀ ਸਰੰਚਨਾ ਵਿੱਚ ਹੀ ਸੰਭਵ ਹੋ ਸਕਦਾ ਹੈ, ਜਿਸਦੇ ਕੇਂਦਰ ਵਿੱਚ ਆਮ ਇਨਸਾਨ ਹੁੰਦਾ ਹੈ। ਮਾਓ ਦੇ ਸਮੇਂ ਦੇ ਚੀਨ ਵਿੱਚ ਸੁਰੱਖਿਆ ਦੇ ਅਜਿਹੇ ਕਈ ਕਾਰਗਰ ਉਪਾਅ ਕੀਤੇ ਗਏ ਸਨ ਕਿ ਬੇਹੱਦ ਖ਼ਤਰਨਾਕ ਕੰਮਾਂ ਵਿੱਚ ਵੀ ਮੌਤ ਨਹੀਂ ਹੁੰਦੀ ਸੀ। ਜਦੋਂ ਕਿ ਅੱਜ ਪੂੰਜੀਵਾਦੀ ਮੁੜਬਹਾਲੀ ਤੋਂ ਬਾਅਦ ਉੱਥੇ ਹਰ ਦਿਨ ਖਾਣਾਂ ਵਿੱਚ, ਇਮਾਰਤੀ ਮਲ਼ਬੇ ਦੇ ਢੇਰ ਥੱਲੇ ਦਬ ਕੇ ਅਤੇ ਸੜਕ ਹਾਦਸਿਆਂ ਵਿੱਚ ਹੋਈਆਂ ਮੌਤਾਂ ਦੀ ਗਿਣਤੀ ਤੱਕ ਨਹੀਂ ਕੀਤੀ ਜਾ ਸਕਦੀ। ਸੜਕ ਉੱਤੇ ਮੌਤ ਦੇ ਲਿਹਾਜ ਵਿੱਚ ਚੀਨ ਅੱਜ ਪਹਿਲੇ ਸਥਾਨ 'ਤੇ ਹੈ ਅਤੇ ਇਤਫ਼ਾਕ ਨਹੀਂ ਕਿ ਭਾਰਤ ਦੂਜੇ ਸਥਾਨ 'ਤੇ।

ਉਦਾਰੀਕਰਨ ਅਤੇ ਨਿਜੀਕਰਨ ਦੀ ਪ੍ਰਕਿਰਿਆ ਨੇ ਜਿਵੇਂ ਉੱਥੇ ਮੋਟਰਾਂ ਅਤੇ ਇੰਜਣ ਵਾਹਨਾਂ ਦੁਆਰਾ ਸਾਈਕਲਾਂ ਦੇ ਨਿਕਾਲ਼ੇ ਨੂੰ ਸੰਭਵ ਬਣਾਇਆ ਹੈ, ਭਾਰਤ ਵਿੱਚ ਵੀ ਮੋਟਰਾਂ ਨੇ ਸੜਕਾਂ ਦੇ ਜਿਆਦਾ ਤੋਂ ਜਿਆਦਾ ਹਿੱਸੇ ਨੂੰ ਘੇਰ ਲਿਆ ਹੈ ਅਤੇ ਸਾਈਕਲ ਅਤੇ ਪੈਦਲ ਚੱਲਣ ਵਾਲ਼ਿਆਂ ਨੂੰ ਕਿਨਾਰੇ ਧੱਕ ਦਿੱਤਾ ਹੈ। ਇੱਕ ਕਰੋੜ 60 ਲੱਖ ਅਬਾਦੀ ਵਾਲ਼ੇ ਇਕੱਲੇ ਦਿੱਲੀ ਸ਼ਹਿਰ ਵਿੱਚ ਸੜਕਾਂ 'ਤੇ ਲਗਭਗ 35-40 ਲੱਖ ਮੋਟਰ ਗੱਡੀਆਂ ਦੌੜ ਰਹੀਆਂ ਹਨ। ਪੂੰਜੀਵਾਦੀ ਉਤਪਾਦਨ ਪ੍ਰਣਾਲ਼ੀ ਦੀ ਅਰਾਜਕਤਾ ਅਤੇ ਮੰਡੀ ਤੇ ਮੁਨਾਫ਼ੇ ਦਾ ਗਲ਼ਾ ਵੱਢ ਮੁਕਾਬਲਾ ਗੈਰ-ਜ਼ਰੂਰੀ ਉਤਪਾਦਾਂ ਦੀ ਅਵਿਵਸਥਾ ਉੱਤੇ ਕਿਸੇ ਤਰ੍ਹਾਂ ਦਾ ਕੰਟਰੋਲ਼ ਲਾਗੂ ਕਰਨ ਵਿੱਚ ਅਸਮਰਥ ਹੈ, ਇਹੋ ਹੈ ਸਚਾਈ।

ਸੜਕ ਉੱਤੇ ਆਮ ਆਦਮੀ ਦੀ ਮੌਜੂਦਗੀ ਅਤੇ ਸੁਰੱਖਿਆ ਉਦੋਂ ਹੀ ਸੰਭਵ ਹੈ ਜਦੋਂ ਜਨਤਕ ਆਵਾਜਾਈ ਪ੍ਰਬੰਧ ਹੋਵੇ, ਛੋਟੀ ਦੂਰੀ ਲਈ ਸਾਈਕਲ ਆਵਾਜਾਈ ਦਾ ਸਾਧਨ ਹੋਵੇ ਅਤੇ ਰਿਹਾਇਸ਼ ਦੀ ਥਾਂ ਕੰਮ ਦੀ ਥਾਂ ਦੇ ਨੇੜੇ ਹੋਵੇ। ਪਰ ਸਮਾਜਵਾਦੀ ਰਾਜਨੀਤਕ ਢਾਂਚੇ ਦੇ ਅੰਦਰ ਹੀ ਅਜਿਹਾ ਹੋ ਸਕਦਾ ਹੈ, ਜਿੱਥੇ ਉਤਪਾਦਨ, ਰਾਜਕਾਜ਼ ਅਤੇ ਸਮਾਜ ਦੇ ਪੂਰੇ ਢਾਂਚੇ ਉੱਤੇ ਕਿਰਤੀ ਲੋਕਾਂ ਦਾ ਕੰਟਰੋਲ਼ ਹੋਵੇਗਾ। ਇੱਕ ਬਦਲਵੀਂ ਉਤਪਾਦਨ ਪ੍ਰਣਾਲ਼ੀ ਉੱਤੇ ਅਧਾਰਿਤ ਇੱਕ ਬਦਲਵੀਂ ਜੀਵਨ ਪ੍ਰਣਾਲ਼ੀ ਵਿਕਸਿਤ ਕਰਕੇ ਹੀ, ਜਿਸਦੇ ਕੇਂਦਰ ਵਿੱਚ ਮੁਨਾਫ਼ਾ ਨਹੀਂ ਸਗੋਂ ਇਨਸਾਨ ਅਤੇ ਇਨਸਾਨੀ ਜ਼ਰੂਰਤਾਂ ਹੋਣ, ਸੜਕਾਂ ਉੱਤੇ ਆਮ ਆਦਮੀ ਦੀ ਜ਼ਿੰਦਗੀ ਨੂੰ ਸੁਰੱਖਿਅਤ ਬਣਾਇਆ ਜਾ ਸਕਦਾ ਹੈ।

✡ ✡ ✡ ✡ ✡ ✡ ✡ ✡ ✡

ਸਵਜੀਤ ਦੀਆਂ ਗ਼ਜ਼ਲਾਂ

ਜਦੋਂ ਤੱਕ ਵੀ ਮੇਰੇ ਕਦਮਾਂ ਦੇ ਹੇਠ ਮੁਕਾਮ ਨਾ ਆਵੇ,
ਮੈਂ ਚਾਹੁੰਦਾ ਹਾਂ ਮੇਰੀ ਇਸ ਤੜਪ ਨੂੰ ਆਰਾਮ ਨਾ ਆਵੇ।

ਬੜਾ ਬੇਚੈਨ ਹੋ ਉੱਠਦਾ ਕੋਈ ਸੁਕਰਾਤ ਮਨ ਵਿਚਲਾ,
ਮੇਰੇ ਹਰ ਬੋਲ 'ਤੇ ਭਰਿਆ ਜੇ ਵਿਸ਼ ਦਾ ਜਾਮ ਨਾ ਆਵੇ।

ਜੁਦਾ ਕਾਤਿਲ ਤੇਰੇ ਤੋਂ ਦੱਸ ਕਿਵੇਂ ਮੈਂ ਕਹਿ ਦਿਆਂ ਖ਼ੁਦ ਨੂੰ,
ਉਸੇ ਦੀ ਮੌਤ ਦਾ ਜੇ ਸਿਰ ਮੇਰੇ ਇਲਜ਼ਾਮ ਨਾ ਆਵੇ।

ਹੋ ਜਾਵੇ ਰਾਤ ਜਦ ਵੀ ਚੰਨ ਰਾਹੀਂ ਚਮਕ ਸੁੱਟਦਾ,
ਕਿ ਸੂਰਜ ਮਰ ਨਹੀਂ ਜਾਂਦਾ ਜੇ ਉਹ ਸ਼ਰੇਆਮ ਨਾ ਆਵੇ।

ਲੜਾਈ ਤਾਂ ਰਹੂ ਸਾਥੀ ਸੁਬ੍ਹਾ ਦੇ ਆਉਣ ਤੱਕ ਜਾਰੀ,
ਤੂੰ ਰੱਖੀਂ ਚੇਤਿਆਂ ਵਿੱਚ ਲੋ ਕਦੇ ਵੀ ਸ਼ਾਮ ਨਾ ਆਵੇ।

✡ ✡ ✡ ✡ ✡

ਆਉਂਦੇ ਨੇ ਵਿੱਚ ਰਾਹਾਂ ਜੇ ਤੂਫ਼ਾਨ ਆਉਣ ਦੇ।
ਦੇਵਾਂਗੇ ਜ਼ਿੰਦਗੀ ਦੇ ਇਮਤਿਹਾਨ ਆਉਣ ਦੇ।

ਖ਼ੁਦ ਨੂੰ ਟੁੱਟਣ ਦੇਵੀਂ ਨਾ ਪਰ ਤੂੰ ਜ਼ਮੀਨ ਤੋਂ,
ਆਉਂਦਾ ਏ ਹੇਠ ਪੈਰਾਂ ਦੇ ਅਸਮਾਨ ਆਉਣ ਦੇ।

ਹੱਸਦੀ ਹੈ ਤਾਂ ਹੱਸ ਲੈਣ ਦੇ ਹੱਥਾਂ ਵਿੱਚ ਹੱਥਕੜੀ,
ਬੁੱਲਾਂ 'ਤੇ ਤਾਂ ਜ਼ਰਾ ਕੁ ਤੂੰ ਮੁਸਕਾਨ ਆਉਣ ਦੇ।

ਸੀਨਾ ਹੈ ਤੇਰੀ ਤਾਕ ਵਿੱਚ ਖੰਜਰ ਟਟੋਲ ਤੂੰ,
ਸਾਨੂੰ ਵੀ ਜੀਣ ਦਾ ਕੋਈ ਸਨਮਾਨ ਪਾਉਣ ਦੇ।

ਤੈਨੂੰ ਵੀ ਹੈ ਗਰੂਰ ਕਤਲਗਾਹ ਦੀ ਨੁਹਾਰ 'ਤੇ,
ਦੇਖੀਂ ਤੂੰ 'ਸੁੱਖ' ਦਾ ਵੀ ਜਲੌਅ ਸ਼ਮਸ਼ਾਨ ਆਉਣ ਦੇ।



ਪਾਠਕਾਂ ਦੇ ਖ਼ਤ

ਲਲਕਾਰ-ਜੀਉਂਦੀ ਜ਼ਮੀਰ ਲਈ ਇੱਕ ਲਲਕਾਰ ਹੈ

ਲਲਕਾਰ ਦਾ ਜਨਵਰੀ-ਮਾਰਚ ਅੰਕ ਪੜ੍ਹਿਆ। ਇਹ ਚਲੰਤ ਸਮਾਚਾਰਾਂ ਦੀ ਜਾਣਕਾਰੀ ਤੋਂ ਛੁੱਟ, ਭਖਦੇ ਮਸਲਿਆਂ ਉੱਤੇ ਸਹੀ ਦ੍ਰਿਸ਼ਟੀਕੋਣ ਪੈਦਾ ਕਰਨ ਅਤੇ ਅਜੋਕੀ ਦਿਖਾਵਟੀ ਅਤੇ ਨਕਲੀ ਜ਼ਿੰਦਗੀ ਦੇ ਪਰਦੇ ਹੇਠ ਲੁਕੇ ਹੋਏ ਸੱਚ ਨੂੰ ਉਜਾਗਰ ਕਰਕੇ ਗਿਆਨ ਨਾਲ ਲੈਸ ਵੀ ਕਰਦਾ ਹੈ। ਪਹਿਲਾ ਹੀ ਲੇਖ 'ਸ਼ਹੀਦ ਭਗਤ ਸਿੰਘ ਨੂੰ ਯਾਦ ਕਰਨ ਦੇ ਅਰਥ' ਮਾਨਸਿਕ ਤੌਰ ਤੇ ਲਕਵਾਗ੍ਰਸਤ ਉਹਨਾਂ ਨੌਜਵਾਨਾਂ ਲਈ ਰਾਮਬਾਣ ਹੈ ਜੋ ਕਿ ਆਪਣੇ ਅੱਤ ਦੇ ਬੋਰੀਅਤ ਭਰੇ ਦਿਨਾਂ ਦਾ ਕੋਈ ਢੁੱਕਵਾਂ ਬਦਲ ਨਾ ਪਾ ਕੇ ਸ਼ਹੀਦ ਭਗਤ ਸਿੰਘ ਨੂੰ ਫੰਤਾਸੀ ਦਾ ਹੀਰੋ ਸਮਝ ਕੇ ਆਪਣੇ ਹੀ ਬਣਾਏ ਕਾਲਪਨਿਕ ਸੰਸਾਰ ਵਾਂਗ ਵਿਚਰਣ ਲੱਗ ਪਏ ਹਨ ਅਤੇ ਉਹਨਾਂ ਚਲਾਕ ਪਿਛਾਖੜੀਆਂ ਲਈ ਇੱਕ ਕਾਟ ਹੈ ਜੋ ਸ਼ਹੀਦ ਭਗਤ ਸਿੰਘ ਨੂੰ ਪੁਰਾਣੇ ਜਗੀਰੂ ਸਮਾਜ ਦਾ ਝੰਡਾਬਰਦਾਰ ਐਲਾਨਣੋਂ ਨਹੀਂ ਖੁੰਝਦੇ।

'ਤਹਿਲਕਾ ਸਟਿੰਗ ਅਪਰੇਸ਼ਨ' ਅਜੋਕੇ ਪੁਲਸ ਤੰਤਰ, ਅਖੌਤੀ ਲੋਕਤੰਤਰੀ ਪ੍ਰਣਾਲੀ ਅਤੇ ਨਿਆਂ ਤੰਤਰ ਦੀ ਪੋਲ ਖੋਲਦੀ ਰੌਂਗਟੇ ਖੜੇ ਕਰ ਦੇਣ ਵਾਲਾ ਲੇਖ ਰਿਪੋਰਟ ਹੈ।

'ਕਣਕ ਦੀ ਕੀਮਤ ਵਿੱਚ ਵਾਧਾ'.....' ਨਾਮੀ ਲੇਖ ਦੋਸਤਾਂ ਦੇ ਛੱਦਮ ਭੇਸ ਵਿੱਚੋਂ ਦੁਸ਼ਮਣਾਂ ਨੂੰ ਬੇਨਕਾਬ ਕਰਦਾ ਹੈ।

ਤਲਾਕ ਦੀ ਸਮੱਸਿਆ ਤੇ ਵਿਚਾਰ ਕਰਦਿਆ ਉੱਥੇ ਇਸ ਸਮੱਸਿਆ ਦੇ ਫਿਲੌਸਫੀਕਲ ਪੱਖ ਛੁਹੰਦਿਆ ਇਹ ਦੱਸਿਆ ਗਿਆ ਹੈ ਕਿ ਇਹ ਵਰਤਾਰਾ ਕੋਈ ਆਪ ਮੁਹਾਰਾ ਪੈਦਾ ਹੋਇਆ ਜਾਂ ਅਸਮਾਨੋਂ ਡਿੱਗਿਆ ਨਹੀਂ ਹੈ, ਸਗੋਂ ਸਮਾਜ ਦੀ ਇਤਿਹਾਸਕ ਚਾਲ ਵਿੱਚੋਂ ਪੈਦਾ ਹੋਏ ਇਸ ਟੀਪੀਕਲ ਦੌਰ ਦਾ ਇੱਕ ਲੱਛਣ ਹੈ।

'ਸੂਚਨਾ ਤਕਨੀਕ ਉਦਯੋਗ ਦਾ ਸੱਚ' ਨਾਮੀ ਲੇਖ ਨੇ ਮੋਬਾਈਲ ਉਪਭੋਗੀ ਕਲਚਰ ਨੂੰ ਅਤੇ ਮੋਬਾਈਲਾਂ ਦੇ ਰੌਲ਼ੇ-ਰੱਪੇ ਨੂੰ ਪੂੰਜੀਵਾਦ ਵੱਲੋਂ ਰੂੜੀ 'ਤੇ ਵਿਛਾਈ ਚਾਦਰ ਸਿੱਧ ਕਰ ਦਿੱਤਾ ਹੈ।

'ਰੈਗਿੰਗ' ਲੇਖ ਵਿੱਚ' ਸੱਭਿਅਕ ਲੋਕਾਂ ਦੇ ਨੌਨਿਹਾਲਾਂ ਦੀ ਬਿਮਾਰ ਮਾਨਸਿਕਤਾ ਦਾ ਪਰਦਾ ਚਾਕ ਕਰਨ ਦੇ ਨਾਲ਼ੋ-ਨਾਲ ਇਹ ਵੀ ਦਿਖਾਇਆ ਗਿਆ ਹੈ ਕਿ ਅਸਲ ਵਿੱਚ ਇਹ ਨਾ ਮਾਪਣਯੋਗ ਪੈਮਾਨੇ ਤੱਕ ਲੱਚਰ, ਫੂਹੜ ਅਤੇ ਅਸੱਭਿਅਕ ਹਨ। ਪੁਰਾਣੇ ਰੋਮਨ ਸਮਾਜ ਵਿੱਚ ਗੁਲਾਮਾਂ ਨੂੰ ਲੜਾ ਕੇ, ਉਹਨਾਂ ਦਾ ਵਗਦਾ ਖ਼ੂਨ ਵੇਖ ਕੇ ਉਦੋਂ ਦੇ ਵਿਹਲੜ ਰਾਠਾਂ ਦੀ ਅਸੀਮ ਅਨੰਦ ਲੈਣ ਦੀ ਪਾਸ਼ਵਿਕ ਬਿਰਤੀ ਕਿਸ ਤਰਾਂ ਅੱਜ ਦੇ ਅਖੌਤੀ ਪੜੇ ਲਿਖੇ ਕਹਾਉਣ ਵਾਲ਼ੇ ਵਿਹਲੜ ਤੇ ਪੂੰਜੀਵਾਦੀ ਪੁੱਤਰ-ਪੁੱਤਰੀਆਂ ਦੇ ਦਿਮਾਗਾਂ ਵਿੱਚ ਵੱਡੇ ਪੱਧਰ 'ਤੇ ਮੌਜੂਦ ਹੈ।

ਮਿੱਲ ਮਜਦੂਰਾਂ ਦੀ ਦਰਦ ਕਹਾਣੀ ਇੱਕ ਸੰਵੇਦਨਸ਼ੀਲ ਲੇਖ ਹੈ ਜਿਸ ਵਿੱਚ ਭਾਰਤ ਦੇ ਅਸਲੀ ਗਰੀਬਾਂ ਦੇ ਦੁੱਖ-ਦਰਦ ਬਿਆਨ ਕਰਦਿਆਂ ਇਹ ਦੱਸਿਆ ਗਿਆ ਹੈ ਕਿ ਕਿਵੇਂ ਉਹ ਲੋਕ ਰੋਜ ਹੀ ਖੂਹ ਪੁੱਟਦੇ ਹਨ ਅਤੇ ਫੇਰ ਪਾਣੀ ਪੀਂਦੇ ਹਨ।

'ਨੰਨੀ ਬੇਸੀ' ਇੱਕ ਪਿਆਰੀ ਅਤੇ ਈਸ਼ਵਰਵਾਦੀ ਧਾਰਨਾਵਾਂ ਤੇ ਚੋਟ ਕਰਦੀ ਕਹਾਣੀ ਹੈ।

ਕਵਿਤਾਵਾਂ ਲਾਜਵਾਬ ਅਤੇ ਸਮੇਂ ਦੇ ਹਾਣ ਦੀਆਂ ਹਨ। ਪੜ ਕੇ ਪਾਠਕ ਦੇ ਮੂਹੋਂ ਆਪ-ਮੁਹਾਰੇ ਨਿਕਲਦਾ ਹੈ ਕਿ ਕਵਿਤਾਵਾਂ ਸਿਰਫ 'ਸ਼ਿਵ' ਹੀ ਨਹੀਂ ਇਹ 'ਪਾਸ਼' ਵੀ ਹੁੰਦੀਆਂ ਹਨ।

ਪੂਰੇ ਮੈਗਜ਼ੀਨ ਦੀ ਸ਼ੈਲੀ ਪ੍ਰਭਾਵਸ਼ਾਲੀ ਅਤੇ ਬੇਬਾਕ ਹੈ। ਕਿਧਰੇ ਵੀ ਕਾਇਰਾਂ ਵਾਲੀ ਬੁੜਬੁੜ ਤੋਂ ਕੰਮ ਨਹੀਂ ਲਿਆ ਗਿਆ। ਬੇਖੌਫ ਹੋ ਕੇ ਖਰੀਆਂ ਗੱਲਾਂ ਕਹੀਆਂ ਗਈਆਂ ਹਨ।

ਅੱਜ ਦੇ ਕੌੜੇ ਸੱਭਿਆਚਾਰ ਵਿੱਚ ਜਿੱਥੇ ਮੈਗਜ਼ੀਨਾਂ ਸਿਰਫ਼ ਮੁਨਾਫੇ ਲਈ ਅਤੇ ਇਨਸਾਨ ਵਿੱਚ ਪਸ਼ੂ ਬਿਰਤੀਆਂ ਵਧਾਉਣ ਲਈ ਹੀ ਛਾਪੀਆਂ ਜਾਂਦੀਆਂ ਹਨ ਉੱਥੇ 'ਲਲਕਾਰ' ਨਿਰੋਲ ਸੱਚ ਨੂੰ ਉਜਾਗਰ ਕਰਦਾ ਅਤੇ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਚੁੱਕਿਆ ਗਿਆ ਇੱਕ ਸ਼ਲਾਘਾਯੋਗ ਕਦਮ ਹੈ।

ਸੰਦੀਪ ਸਰ ਤੁੰਗਾਂ ਤੋਂ, ਜ਼ਿਲ੍ਹਾ ਸੰਗਰੂਰ,

* * * * * * *

ਲਲਕਾਰ ਦੀ ਸਮੂਹ ਟੀਮ ਨੂੰ ਮੇਰੇ ਵੱਲੋਂ ਤਹਿ ਦਿਲੋਂ-ਜੈ ਹਿੰਦ

ਬੜੀ ਖੁਸ਼ੀ ਹੋਈ ਤੁਸੀਂ ਮੇਰੇ ਵੱਲੋ ਲਿਖੇ ਦੂਜੇ ਖਤ ਦਾ ਜੁਆਬ ਲਿਖ ਭੇਜਿਆ ਅਤੇ ਜੋ ਮੈਂ ਤੁਹਾਨੂੰ ਸਵਾਲ ਕੀਤੇ ਉਸ ਦਾ ਜੁਆਬ ਬੜੇ ਹੀ ਸੁੱਚੱਜੇ ਢੰਗ ਨਾਲ ਭੇਜਿਆ। ਤੁਸੀਂ ਜੋ ਵੀ ਇਨਕਲਾਬੀ ਲਹਿਰ ਚਲਾਈ ਹੋਈ ਹੈ ਸੱਚੀ ਮੈਂ ਤੁਹਾਡੀ ਸੋਚ ਤੋਂ ਬੜਾ ਹੀ ਪ੍ਰਭਾਵਿਤ ਹੋਇਆ। ਕਿਉਂਕਿ ਅੱਜ ਦੇ ਨੌਜਵਾਨ ਮੁੰਡੇ ਅਤੇ ਕੁੜੀਆਂ ਮੋਬਾਇਲ ਫੋਨ ਤੱਕ ਹੀ ਸੀਮਤ ਰਹਿ ਗਏ ਨੇ। ਰਹਿੰਦੀ ਖੂੰਹਦੀ ਕਸਰ ਟੀ ਵੀ ਚੈਨਲਾਂ ਤੇ ਵਿਅਰਥ ਦਾ ਸਮਾਂ ਖਰਚ ਕਰਨ ਵਿੱਚ ਰੁੱਝੇ ਹੋਏ ਨੇ। ਸਲਾਮ ਕਰਦਾ ਹਾਂ ਤੁਹਾਡੀ ਸੋਚ ਨੂੰ ਜੋ ਤੁਸੀਂ ਆਪਣੇ ਸਮੇਂ 'ਚੋਂ ਸਮਾਂ ਕੱਢ ਕੇ ਸਮਾਜਿਕ ਕੰਮਾਂ ਵਿੱਚ ਖਰਚ ਕਰ ਰਹੇ ਹੋ। ਨਹੀਂ ਤਾਂ ਅੱਜ ਦੇ ਮਸ਼ੀਨੀ ਯੁੱਗ ਵਿੱਚੋ ਬੰਦਾ ਸਿਰਫ ਤੇ ਸਿਰਫ਼ ਕੋਈ ਵੀ ਕੰਮ ਹੋਵੇ ਸਿਰਫ਼ ਪੈਸੇ ਵਾਸਤੇ ਹੀ ਕਰਦਾ ਹੈ। ਚਾਹੇ ਉਹ ਪੈਸਾ ਕਿਹੜੇ ਵੀ ਢੰਗ ਨਾਲ ਪ੍ਰਾਪਤ ਹੋਵੇ।

"ਕੁਝ ਮੇਰੇ ਬਾਰੇ"

ਜਦੋਂ ਤੋਂ ਮੈਂ ਹੋਸ਼ ਸੰਭਾਲੀ ਹੈ ਉਸ ਸਮੇਂ ਤੋਂ ਮੇਰੀ ਜੋ ਦੋਸਤਾਂ ਦੀ ਮੰਡਲੀ ਸੀ ਉਹ ਨਾਸਤਿਕ ਸੀ, ਰੀਤੀ ਰਿਵਾਜਾਂ ਵਿੱਚ ਬਿਲਕੁਲ ਹੀ ਵਿਸ਼ਵਾਸ਼ ਨਾ ਕਰਨ ਵਾਲੀ ਰਹੀ ਹੈ। ਮੇਰੀ ਵੀ ਸੋਚ ਵਿੱਚ ਇੱਕ ਜ਼ੋਰਦਾਰ ਤਬਦੀਲੀ ਆਈ। ਮੇਰੇ ਘਰ ਦਾ ਮਾਹੌਲ ਪੂਰੀ ਧਾਰਮਿਕ ਹੈ। ਮੈਂ ਜਦੋਂ ਦਾ ਨਾਸਤਿਕ ਹਾਂ ਕਦੇ ਵੀ ਕਿਤੇ ਵੀ ਮੱਥੇ ਨਹੀਂ ਰਗੜਦਾ, ਨਾ ਹੀ ਕਿੱਤੇ ਧਾਰਮਿਕ ਸਥਾਨਾਂ 'ਤੇ ਜਾਣਾ ਜਰੂਰੀ ਸਮਝਦਾਂ ਹਾਂ। ਕਿਉਂਕਿ ਇਤਿਹਾਸ ਗਵਾਹ ਹੈ ਜਿੰਨੀਆ ਕੀਮਤੀ ਜਾਨਾਂ ਧਰਮ ਦੇ ਨਾਂ 'ਤੇ ਅਸੀ ਗੁਆ ਚੁੱਕੇ ਹਾਂ ਉਨੀਆਂ ਐਕਸੀਡੇਂਟ, ਪਲੇਗ, ਮਲੇਰੀਆ ਵਰਗੀਆਂ ਭਿਆਨਿਕ ਬਿਮਾਰੀਆਂ ਨਾਲ ਨਹੀਂ ਗੁਆਈਆ। ਹੋਰਨਾਂ ਸਾਥੀਆ ਨੂੰ ਇਸ ਬਾਰੇ ਸੁਚੇਤ ਕਰਦਾ ਹੀ ਰਹਿੰਦਾ ਹਾਂ। ਮੈ ਤਰਕਸ਼ੀਲ ਸੋਸਾਇਟੀ ਨਾਲ ਸੰਬੰਧਤ ਹਾਂ। ਸਾਡੀ ਸਾਰੀ ਸੋਸਾਇਟੀ 'ਤੇ ਜਲੰਧਰ ਜੋ ਭਗਤ ਸਿੰਘ ਦੀ ਯਾਦ ਵਿੱਚ ਸਲਾਨਾ ਪ੍ਰੋਗਰਾਮ ਹੁੰਦਾ ਹੈ, ਵਿੱਚ ਹਰ ਵਾਰੀ ਪੁਹੰਚਦੀ ਹੈ। ਮੈਨੂੰ ਬੜੀ ਖੁਸ਼ੀ ਹੈ ਕਿ ਜੋ ਮੈਂ ਇਸ ਸੋਚ ਦਾ ਮਾਲਿਕ ਹਾਂ। ਮੇਰੇ ਕੋਈ ਹੋਰ ਸਾਥੀ ਵੀ ਇਹ ਉਸਾਰੂ ਤੇ ਵਿਗਿਆਨਕ ਸੋਚ ਰੱਖਦੇ ਹਨ। ਮੇਰੇ ਕੁਝ ਅਸੂਲ ਨੇ ਜੋ ਮੈਂ ਆਪਣੇ ਆਪ ਲਾਗੂ ਕੀਤੇ ਨੇ ਉਹ ਭਗਤ ਸਿੰਘ ਜੀ ਦੇ ਹੀ ਵਿਚਾਰ ਨੇ "ਜਿੰਦਗੀ ਅਸੂਲਾਂ ਤੋਂ ਪਿਆਰੀ ਨਹੀਂ"


ਸੁਰੇਸ਼ ਕੁਮਾਰ ਲਾਲਕਾ
ਰਾਜਪੁਰਾ, ਪਟਿਆਲਾ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

1. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 05.00 ਰੁਪਏ
2. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ) 10.00 ਰੁਪਏ
3. ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) 10.00 ਰੁਪਏ
4. ਗ਼ਦਰੀ ਸੂਰਬੀਰ (ਰਣਧੀਰ ਸਿੰਘ) 10.00 ਰੁਪਏ
5. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 05.00 ਰੁਪਏ
6. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) 10.00 ਰੁਪਏ
7. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10.00 ਰੁਪਏ
8. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ) 15.00 ਰੁਪਏ
9. ਜੰਗਲਨਾਮਾ-ਇਕ ਰਾਜਨੀਤਿਕ ਪੜਚੋਲ 03.00 ਰੁਪਏ
10. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ (ਦਿਪਾਯਨ ਬੋਸ) 10.00 ਰੁਪਏ
11. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ 20.00 ਰੁਪਏ
12. ਕਿਉਂ ਮਾਓਵਾਦ 10.00 ਰੁਪਏ
13. ਸ਼ੀਹਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) 10.00 ਰੁਪਏ
14. ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ 10.00 ਰੁਪਏ
15. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10.00 ਰੁਪਏ
16. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10.00 ਰੁਪਏ
17. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 20.00 ਰੁਪਏ
18. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60.00 ਰੁਪਏ
19. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) 10.00 ਰੁਪਏ
20. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ 05.00 ਰੁਪਏ
21. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20.00 ਰੁਪਏ
22. ਭਗਤ ਸਿੰਘ ਨੇ ਕਿਹਾ 5.00 ਰੁਪਏ
23. ਸ਼ਹੀਦ ਕਰਤਾਰ ਸਿੰਘ ਸਰਾਭਾ 5.00 ਰੁਪਏ
24. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 5.00 ਰੁਪਏ
25. ਮਾਓ ਜ਼ੇ-ਤੁੰਗ ਦੀਆਂ ਫ਼ਲਸਫ਼ਾਨਾ ਲਿਖ਼ਤਾਂ 25.00 ਰੁਪਏ
26. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10.00 ਰੁਪਏ
27. ਲੈਨਿਨਵਾਦ ਦੀਆਂ ਨੀਹਾਂ (ਸਟਾਲਿਨ) 20.00 ਰੁਪਏ
28. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20.00 ਰੁਪਏ

ਦਸਤਕ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਪੁਸਤਕਾਂ

1. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ) 15.00 ਰੁਪਏ
2. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ 15.00 ਰੁਪਏ
3. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ 10.00 ਰੁਪਏ
4. ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ) 20.00 ਰੁਪਏ
5. ਸ਼ੋਲੋਖੋਵ ਦੀਆਂ ਕਹਾਣੀਆਂ 30.00 ਰੁਪਏ



ਇਨਕਲਾਬੀ ਨਵਜਾਗਰਣ ਦੇ ਤਿੰਨ ਸਾਲ

(23 ਮਾਰਚ 2005 — 28 ਸਤੰਬਰ 2008)

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ
ਦੀ ਸ਼ਹਾਦਤ ਦੀ 75ਵੀਂ ਵਰ੍ਹੇ ਗੰਢ
ਅਤੇ ਜਨਮ ਸ਼ਤਾਬਦੀ ਦੇ ਤਿੰਨ ਇਤਿਹਾਸਕ
ਸਾਲਾਂ ਦੇ ਦੌਰਾਨ
ਨਵੇਂ ਲੋਕ-ਮੁਕਤੀ ਸੰਘਰਸ਼ ਦੀ
ਤਿਆਰੀ ਦੇ ਸੰਕਲਪ ਅਤੇ ਸੰਦੇਸ਼ ਦੇ ਨਾਲ
ਇਨਕਲਾਬੀ ਵਿਦਿਆਰਥੀਆਂ-ਨੌਜਵਾਨਾਂ ਦੀ ਦੇਸ਼-ਵਿਆਪੀ

ਇਨਕਲਾਬੀ ਸੰਕਲਪ ਯਾਤਰਾ

ਅਸੀਂ ਸਾਰੇ ਸੱਚੇ ਨੌਜਵਾਨਾਂ ਨੂੰ ਸੱਦਾ ਦਿੰਦੇ ਹਾਂ !
ਅਸੀਂ ਸਾਰੇ ਜ਼ਿੰਦਾ ਲੋਕਾਂ ਨੂੰ ਸੱਦਾ ਦਿੰਦੇ ਹਾਂ !!
ਅਸੀਂ ਤੂਫ਼ਾਨ ਦੇ ਹਿਰਾਵਲਾਂ ਨੂੰ ਸੱਦਾ ਦਿੰਦੇ ਹਾਂ !!!

ਭਗਤ ਸਿੰਘ ਦੀ ਬਹਾਦਰੀ ਅਤੇ ਕੁਰਬਾਨੀ ਤੋਂ ਸਾਰਾ ਦੇਸ਼ ਜਾਣੂ ਹੈ ਪਰ ਇਸ ਦੇਸ਼ ਦੇ ਪੜ੍ਹੇ-ਲਿਖੇ ਨੌਜਵਾਨ ਵੀ ਇਹ ਨਹੀਂ ਜਾਣਦੇ ਕਿ 23 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਉਹ ਜਾਂਬਾਜ਼ ਨੌਜਵਾਨ ਕਿੰਨਾ ਪ੍ਰਤਿਭਾਸ਼ਾਲੀ ਅਤੇ ਦੂਰਦਰਸ਼ੀ ਵਿਚਾਰਕ ਸੀ। ਇਹ ਸਾਡੀ ਜਨਤਾ ਦੀ ਬਦਕਿਸਮਤੀ ਹੈ ਅਤੇ ਹਾਕਮਾਂ ਦੀ ਸਾਜਿਸ਼ ਦਾ ਨਤੀਜਾ ਹੈ। ਹੁਣ ਇਹ ਸਾਡਾ ਕੰਮ ਹੈ ਕਿ ਅਸੀਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਨੂੰ ਜਨਤਾ ਤੱਕ ਲੈ ਜਾਈਏ, ਉਨ੍ਹਾਂ ਦੀ ਯਾਦ ਤੋਂ ਪ੍ਰੇਰਣਾ ਲਈਏ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਰੋਸ਼ਨੀ ਵਿੱਚ ਆਪਣੇ ਮੁਲਕ ਦੇ ਮੌਜੂਦਾ ਹਾਲਾਤਾਂ ਨੂੰ ਸਮਝ ਕੇ ਨਵੇਂ ਇਨਕਲਾਬ ਦੀ ਦਿਸ਼ਾ ਤੈਅ ਕਰੀਏ ਅਤੇ ਫਿਰ ਉਸ ਰਾਹ 'ਤੇ ਦ੍ਰਿੜ ਇਰਾਦੇ ਨਾਲ਼ ਅੱਗੇ ਵਧੀਏ।

ਭਗਤ ਸਿੰਘ ਦੇ ਵਿਚਾਰ ਸੂਰਜ ਦੇ ਡੁੱਬਣ ਸਮੇਂ ਜਲਦੀ ਹੋਈ ਮਸ਼ਾਲ ਦੇ ਵਾਂਗ ਸਾਨੂੰ ਦਿਸ਼ਾ ਵਿਖਾ ਰਹੇ ਹਨ। ਹੁਣ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਵਿੱਚ ਅਤੇ ਸਾਰੇ ਕਾਲਜਾਂ-ਯੂਨੀਵਰਸਿਟੀਆਂ ਵਿੱਚ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਨਵੇਂ ਸਿਰੇ ਤੋਂ ਆਪਣੀਆਂ ਇਨਕਲਾਬੀ ਜੱਥੇਬੰਦੀਆਂ ਬਣਾਉਣੀਆਂ ਪੈਣਗੀਆਂ। ਉਨ੍ਹਾਂ ਨੂੰ ਵੋਟ-ਬਟੋਰੂ ਮਦਾਰੀਆਂ ਦਾ ਪਿਛਲੱਗੂ ਬਨਣ ਤੋਂ ਬਚਣਾ ਪਵੇਗਾ। ਇਸਤੋਂ ਬਾਅਦ, ਜਿਵੇਂ ਕਿ ਜੇਲ੍ਹ ਦੀ ਕਾਲ-ਕੋਠਰੀ ਤੋਂ ਨੌਜਵਾਨਾਂ ਨੂੰ ਭੇਜੇ ਗਏ ਆਪਣੇ ਸੰਦੇਸ਼ ਵਿੱਚ ਭਗਤ ਸਿੰਘ ਨੇ ਕਿਹਾ ਸੀ ਕਿ ਵਿਦਿਆਰਥੀਆਂ-ਨੌਜਵਾਨਾਂ ਨੂੰ ਕਾਰਖਾਨਿਆਂ ਦੇ ਮਜ਼ਦੂਰਾਂ ਅਤੇ ਪਿੰਡਾਂ ਦੀਆਂ ਝੁੱਗੀਆਂ ਤੱਕ ਜਾਣਾ ਹੋਵੇਗਾ ਅਤੇ ਸਾਰੇ ਕਿਰਤੀਆਂ ਨੂੰ ਜੱਥੇਬੰਦ ਕਰਨਾ ਹੋਵੇਗਾ।

ਸਾਥੀਓ ! ਬੈਠੇ-ਬੈਠੇ ਸੋਚਦੇ ਰਹਿਣ ਨਾਲ਼ ਤਾਂ ਹਰ ਰਸਤਾ ਮੁਸ਼ਕਲ ਲਗਦਾ ਹੈ। ਰਾਹ ਦੀਆਂ ਮੁਸ਼ਕਲਾਂ ਨੂੰ ਯਾਤਰਾ ਸ਼ੁਰੂ ਕਰਨ ਦੇ ਬਾਅਦ ਹੀ ਦੂਰ ਕੀਤਾ ਜਾ ਸਕਦਾ ਹੈ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੁਪਨਾ ਇੱਕ ਜਲਦਾ ਹੋਇਆ ਸਵਾਲ ਬਣਕੇ ਸਾਡੀਆਂ ਅੱਖਾਂ ਵਿੱਚ ਝਾਕ ਰਿਹਾ ਹੈ। ਉਨ੍ਹਾਂ ਦਾ ਵਿਰਸਾ ਸਾਨੂੰ ਲਲਕਾਰ ਰਿਹਾ ਹੈ ਅਤੇ ਭਵਿੱਖ ਸਾਨੂੰ ਆਵਾਜ਼ ਦੇ ਰਿਹਾ ਹੈ। ਇੱਕ ਜਿਉਂਦੀ ਕੌਮ ਦੇ ਨੌਜਵਾਨ ਇਸਨੂੰ ਅਣਸੁਣਿਆ ਨਹੀਂ ਕਰ ਸਕਦੇ। ਅਸੀਂ ਇੱਕ ਨਵੇਂ ਇਨਕਲਾਬ ਦੀ ਤਿਆਰੀ ਲਈ, ਇਕ ਨਵੇਂ ਇਨਕਲਾਬੀ ਨਵਜਾਗਰਣ ਦਾ ਸੁਨੇਹਾ ਪੂਰੇ ਦੇਸ਼ ਵਿੱਚ ਫੈਲਾਉਣ ਲਈ ਤੁਹਾਨੂੰ ਸੱਦਾ ਦਿੰਦੇ ਹਾਂ।

ਨੌਜਵਾਨ ਭਾਰਤ ਸਭਾ

e-mail : naubhas@rediffmail.com 98886-55663